ਅਗਸਤ 2026

ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-8, Issue-1, August 2026, Ludhiana gurmatvirsa@gmail.com Multilingual Price 25/-

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦਾ ਉਪਰਾਲਾ



ਪੰਜਾਬ ਦੇ ਵੱਖ ਵੱਖ ਸਕੂਲਾਂ, ਪਿੰਡਾਂ, ਸ਼ਹਿਰਾਂ ਅਤੇ ਗੁਰਦੁਆਰਿਆਂ ਵਿਚ ਲੱਗੇ 100 ਤੋਂ ਵਧੇਰੇ ਗੁਰਮਤਿ ਸਿਖਲਾਈ ਕੈਂਪ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਗੁਰਦੁਆਰਾ ਕਲਗੀਧਰ ਸਾਹਿਬ ਸ਼ਿਮਲਾਪੁਰੀ (ਲੁਧਿਆਣਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਵਲੋਂ ਪਿੰਡ ਮਾਜਰੀ ਦੇ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਨਾਰੰਗਵਾਲ ਵਿਖੇ ਨੈਤਿਕ ਸਿੱਖਿਆ ਕੈਂਪ ਲਗਾਇਆ ਗਿਆ। ਕੈਂਪ ਸਮਾਪਤੀ ਉਪਰੰਤ ਬੱਚਿਆਂ ਨੂੰ ਸਰਟੀਫਿਕੇਟ ਵੰਡੇ ਗਏ



ਕੇਂਦਰ ਨਾਰੰਗਵਾਲ ਦੀ ਪਬਲਿਕ ਲਾਇਬ੍ਰੇਰੀ ਵਿਖੇ ਗੋਵਿੰਦ ਨੈਸ਼ਨਲ ਕਾਲਜ ਦੇ ਬੱਚਿਆਂ ਨਾਲ ਕੈਪਟਨ ਅਵਤਾਰ ਸਿੰਘ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।



ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਪਿੰਡ ਗੁੱਜਰਵਾਲ (ਲੁਧਿਆਣਾ) ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚੇ ਨਿਤਨੇਮ ਕਰਦੇ ਹੋਏ।



ਕੇਂਦਰ ਮਾਲੂਵਾਲ ਦੇ ਪਿੰਡ ਭੁੱਚਰ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਭਾਈ ਦਵਿੰਦਰ ਸਿੰਘ ਕੈਰੋਂ ਵਲੋਂ ਲਗਾਈ ਜਾਂਦੀ ਗੁਰਮਤਿ ਕਲਾਸ।



ਕੇਂਦਰ ਮਹਾਂਸਿੰਘਨਗਰ ਲੁਧਿਆਣਾ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।

ਗੁਰਮਤਿ ਵਿਰਸਾ

ਅਗਸਤ 2026 (ਮਾਸਿਕ ਮੈਗਜ਼ੀਨ)

ਮੁੱਖ ਸੰਪਾਦਕ : ਰਾਣਾ ਇੰਦਰਜੀਤ ਸਿੰਘ
ਸੰਪਾਦਕ : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
ਸੰਪਾਦਕ : ਕੈਪਟਨ ਅਵਤਾਰ ਸਿੰਘ ਪਰਿੰਗੜੀ
ਪ੍ਰਬੰਧਕ: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
ਪ੍ਰਕਾਸ਼ਕ: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
ਫੋਨ: 98146-35655, 99155-29725, 79733-70542
Email: gurmatvirsa@gmail.com
Website: www.gurmatgian.org

ਸੰਪਾਦਕੀ ਬੋਰਡ: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
ਕਾਨੂੰਨੀ ਸਲਾਹਕਾਰ: ਐਡਵੋਕੇਟ ਜਸਪਾਲ ਸਿੰਘ ਚੁੱਘ

ਸਾਵਣ-ਭਾਦੋਂ ਮਹੀਨੇ ਦੇ ਖਾਸ ਦਿਹਾੜੇ

- ਮੋਰਚਾ ਗੁਰੂ ਕਾ ਬਾਗ : 24 ਸਾਵਣ (8 ਅਗਸਤ)
- ਗੁਰੂ ਨਾਨਕ ਸਾਹਿਬ ਵਲੋਂ ਜਨੇਊ ਤੋਂ ਨਾਂਹ : 2 ਭਾਦੋਂ (17 ਅਗਸਤ)
- ਜੋੜ ਮੇਲਾ ਬਾਬਾ ਬਕਾਲਾ : 10 ਭਾਦੋਂ (25 ਅਗਸਤ)
- ਸੰਪੂਰਨ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 15 ਭਾਦੋਂ (30 ਅਗਸਤ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
Editor- Gurbachan Singh Panwa *
Responsible for collection of all Printed matter as per PRB Act
Registration Number of the Newspaper
PUNMUL/2019/78309

ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

ਕੀ ਅਤੇ ਕਿੱਥੇ ?

ਸੰਪਾਦਕੀ	4
ਸਵਾਲ ਜਵਾਬ	7
ਸ਼ਬਦ ਵਿਚਾਰ	8
ਭਾਰਤ ਦੀ ਅਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਨੀਆਂ	9
...ਬੋਲੀ ਅਵਰ ਤੁਮਾਰੀ	11
ਗਨੀ ਖ਼ਾਂ-ਨਬੀ ਖ਼ਾਂ	12
ਕੇਸ-ਸਾਡਾ ਵਿਰਸਾ	13
ਪਵਣੁ ਗੁਰੂ ਪਾਣੀ ਪਿਤਾ...	15
ਵਿਆਹ ਵਿਚ ਗੁਰਮਤਿ ਅਨੁਸਾਰ ਕਿਹੜੀਆਂ ਰੀਤਾਂ ਜ਼ਰੂਰੀ...	16
ਅਨੰਦ ਕਾਰਜ	18
ਸਾਡੇ ਸਮਾਜ ਦੀਆਂ ਜੋਕਾਂ, ਜੋਤਸ਼ੀ, ਤਾਂਤਰਿਕ ਬਾਬੇ ਅਤੇ...	20
ਨੰਨੇ ਵਾਰਸ	22
ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ	24
ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ ਪ੍ਰਤੀ ਵਿਚਾਰ ਆਪੋ ਆਪਣੀ	26
ਜੀਵਨ ਸ਼ੈਲੀ ਵਿਚ ਤਬਦੀਲੀ	29
ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਮਾਪਿਆਂ ਦਾ ਰੋਲ	30
ਅੰਧਵਿਸ਼ਵਾਸ ਦਾ ਵਗਦਾ ਦਰਿਆ	31
ਈਮਾਨਦਾਰੀ ਨਾ ਛੱਡੋ	32
ਕਾਵਿ ਕਿਆਰੀ	34
A Successful Life	35
ਸ਼੍ਰੀ ਗੁਰੂ ਤੇਗ ਬਹਾਦਰ ਜੀ ਕੀ ਸ਼ਹੀਦੀ ਤਥਾ ਉਸਕਾ ਪਰਿਣਾਮ	36
ਸਿਹਤ ਸੰਭਾਲ	38
ਸਾਡੀ ਖੇਤੀ	39
ਗੁਰਮਤਿ ਸੰਜੋਗ	40
ਜੂਨ ਮਹੀਨੇ ਦੀਆਂ ਸਰਗਰਮੀਆਂ	41



ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

“ਰੱਬੀ ਰਜ਼ਾ ਵਿੱਚ ਚਲਣਾ ਹੀ ਕਰਾਮਾਤ ਹੈ!”

ਗੁਰੂ ਹਰਿ ਕਿਸ਼ਨ ਸਾਹਿਬ ਜੀ

ਜ਼ਮਾਨਾ ਬੜੀ ਤੇਜ਼ੀ ਨਾਲ ਬਦਲਿਆ ਹੈ। ਸਾਡੇ ਦੇਖਦਿਆਂ ਦੇਖਦਿਆਂ ਹੀ ਹਰ ਖੇਤਰ ਵਿੱਚ ਬਹੁਤ ਵੱਡੀ ਤਬਦੀਲੀ ਆਈ। ਸਾਡੇ ਖਾਣ ਪੀਣ, ਪਹਿਨਣ ਤੇ ਸਭਿਆਚਾਰ ਵਿਚ ਵੀ ਬਦਲਾਅ ਆਇਆ ਹੈ। ਨਵੇਂ ਜ਼ਮਾਨੇ ਦੇ ਪ੍ਰਭਾਵ ਨੂੰ ਹਰ ਬਸ਼ਰ ਨੇ ਬਾ-ਖੂਬੀ ਕਬੂਲਿਆ ਹੈ। ਸਮੇਂ ਅਨੁਸਾਰ ਮਨੁੱਖੀ ਜ਼ਿੰਦਗੀ ਵਿੱਚ ਵੀ ਬਹੁਤ ਵੱਡੇ ਫਰਕ ਆਏ ਹਨ। ਨਵੀਂ ਪੀੜ੍ਹੀ ਆਪਣੇ ਆਪ ਨੂੰ ਬਹੁਤ ਸਿਖਿਅਤ ਸਮਝਦੀ ਹੈ ਤੇ ਪੁਰਾਣੀ ਪੀੜ੍ਹੀ ਨੂੰ ਪਿਛਾਂਹ ਖਿੱਚੂ ਸਮਝਦੀ ਹੈ। ਜਿੱਥੇ ਕਿਤੇ ਆਪਸ ਵਿੱਚ ਵਿਚਾਰ ਟਕਰਾਉਂਦੇ ਹਨ ਤਾਂ ਝੱਟ ਕਹਿ ਦਿੱਤਾ ਜਾਂਦਾ ਹੈ ਕਿ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੇ ਵੀਚਾਰਾਂ ਦਾ ਟਕਰਾਅ ਹੈ।

ਸਿੱਖੀ ਦਾ ਇਹ ਨਿਵੇਕਲਾ ਪਨ ਹੈ ਕਿ ਇਸ ਵਿੱਚ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਵਿੱਚ ਕੋਈ ਅੰਤਰ ਨਹੀਂ ਤੇ ਨਾ ਹੀ ਕੋਈ ਟਕਰਾਅ ਹੈ। ਜੇ ਗੁਰੂ ਤੇਗ ਬਹਾਦਰ ਸਾਹਿਬ ਜੀ ਚਾਂਦਨੀ ਚੌਂਕ ਵਿੱਚ ਸ਼ਹਾਦਤ ਦਿੰਦੇ ਹਨ ਤਾਂ ਉਨ੍ਹਾਂ ਦੇ ਸਭ ਤੋਂ ਛੋਟੇ ਸਪੋਤਰੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਹਿਬਜ਼ਾਦਾ ਫਤਿਹ ਸਿੰਘ ਸਰਹੰਦ ਵਿਖੇ ਕੰਧ ਵਿਚ ਚਿਣ ਕੇ ਸ਼ਹੀਦੀ ਦਿੰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਨੂੰ ਜਾਣ ਸਮੇਂ ਆਪਣੇ ਬੇਟੇ ਬਾਲਕ ਗੋਬਿੰਦ ਰਾਇ ਨੂੰ ਨੌਂ ਸਾਲ ਦੀ ਉਮਰ ਵਿੱਚ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਦੇ ਹਨ।



ਪ੍ਰੋ. ਗੁਰਬਚਨ ਸਿੰਘ ਪੰਨਵਾਂ
99155-29725

ਸਿੱਖ ਇਤਿਹਾਸ ਦੀ ਚਮਕ ਬਹੁਤ ਕਮਾਲ ਦੀ ਹੈ। ਦਸ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਜਨੇਊ ਪਾਉਣ ਤੋਂ ਨਾਂਹ ਕਰਕੇ ਨਵੇਂ ਇਨਕਲਾਬ ਨੂੰ ਜਨਮ ਦਿੱਤਾ। ਜ਼ਰਾ ਸੋਚੀਏ ਕਿ ਸਾਰੀ ਬਰਾਦਰੀ ਰਿਸ਼ਤੇਦਾਰ ਇਕੱਠੇ ਹੋਏ ਸਨ ਤਾਂ ਬਾਲਕ ਨਾਨਕ ਨੇ ਜਨੇਊ ਪਉਣ ਤੋਂ ਨਾਂਹ ਕਰਕੇ ਪੰਡਤ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਸਮਝਿਆ ਜਾ ਸਕਦਾ ਹੈ ਕਿ ਸਿੱਖੀ ਵਿੱਚ ਉਮਰ ਦਾ ਤਕਾਜ਼ਾ ਨਹੀਂ ਹੈ ਇੱਥੇ ਤਾਂ ਸਗੋਂ ਸਿੱਖ ਸਿਧਾਂਤ ਨੂੰ ਸਮਝ ਕੇ ਅਪਨਾਉਣ ਦੀ ਗੱਲ ਆਉਂਦੀ ਹੈ। ਗੁਰੂ ਹਰਿ ਕਿਸ਼ਨ ਸਾਹਿਬ ਜੀ ਨੇ ਛੋਟੀ ਉਮਰ ਵਿੱਚ ਦ੍ਰਿੜ੍ਹਤਾ ਵਾਲੇ ਫੈਸਲੇ ਲਏ ਸਨ। ਸਮਾਜ ਵਿੱਚ ਇਹ ਵੀ ਵਰਤਾਰਾ ਮਿਲਦਾ ਹੈ ਕਿ ਕਈ ਵਾਰੀ ਲੰਮੀ ਉਮਰ ਵਾਲੇ ਵੀ ਸਾਰੀ ਜ਼ਿੰਦਗੀ ਕੋਈ ਜ਼ਿੰਮੇਵਾਰੀ ਨਹੀਂ ਨਿਭਾਅ ਸਕੇ। ਛੋਟੀ ਉਮਰ ਵਿੱਚ ਵੀ ਉਹ ਮਹਾਨ ਕਾਰਜ ਕਰਕੇ ਗਏ ਹਨ ਜੋ ਰਹਿੰਦੀ ਦੁਨੀਆਂ ਤੱਕ ਯਾਦ ਰਹਿਣਗੇ। ਗੁਰੂ ਹਰਿ ਕਿਸ਼ਨ ਸਾਹਿਬ ਜੀ ਦੀ ਉਮਰ ਭਾਵੇਂ ਛੋਟੀ ਹੈ ਪਰ ਉਨ੍ਹਾਂ ਦਾ ਕਾਰਜ ਖੇਤਰ ਸੂਰਜ ਦੀ ਰੋਸ਼ਨੀ ਵਾਂਗ ਚਮਕਦਾ ਤੇ ਪਹਾੜ ਵਰਗਾ ਜਿਗਰਾ ਤੇ ਸਮੁੰਦਰ ਵਾਂਗ ਵਿਸ਼ਾਲਤਾ ਦਾ ਸਬੂਤ ਹੈ।

ਗੁਰੂ ਹਰਿ ਰਾਇ ਸਾਹਿਬ ਜੀ ਦੇ ਦੋ ਸਪੱਤਰ ਬਾਬਾ ਰਾਮਰਾਇ ਤੇ ਗੁਰੂ ਹਰਿ ਕਿਸ਼ਨ ਸਾਹਿਬ ਜੀ ਸਨ। ਦਸ ਗੁਰੂ ਸਹਿਬਾਨ ਵਿਚੋਂ ਗੁਰੂ ਹਰਿ ਕਿਸ਼ਨ ਸਾਹਿਬ ਜੀ ਅੱਠਵੇਂ ਪਾਤਸ਼ਾਹ ਸਨ। ਸਿੱਖ ਤਵਾਰੀਖ਼ ਵਿੱਚ ਸਭ ਤੋਂ ਛੋਟੀ ਉਮਰ ਵਿੱਚ ਉਨ੍ਹਾਂ ਨੂੰ ਗੁਰੂ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਦੇ ਜਨਮ ਸਬੰਧੀ ਇੱਕ ਸਰੋਤ ਅਨੁਸਾਰ 8 ਸਾਵਣ ਸੰਮਤ 1713 ਚੰਦ੍ਰਮਾ ਦੇ ਹਿਸਾਬ ਨਾਲ ਸਾਵਣ ਵਦੀ 10 ਸੀ (ਭਾਵ ਹਾੜ੍ਹ ਦੀ ਪੂਰਨਮਾਸ਼ੀ ਤੋਂ ਪਿੱਛੋਂ ਦਸਵਾਂ ਦਿਨ ਹਨੇਰਾ ਪੱਖ ਸੀ) ਭਾਵ 7 ਜੁਲਾਈ 1656 ਈਸਵੀ ਸੀ। ਸੰਖੇਪ ਸਿੱਖ ਇਤਿਹਾਸ ਲਿਖਤ ਪਿਆਰਾ ਸਿੰਘ ਪਦਮ ਤੇ ਸਿੱਖ ਤਵਾਰੀਖ਼ ਲਿਖਤ ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਭੱਟ ਵਹੀਆਂ ਦੇ ਹਿਸਾਬ ਨਾਲ ਸਾਹਿਬਾਂ ਦਾ ਜਨਮ 20 ਜੁਲਾਈ 1652 ਈਸਵੀ ਨੂੰ ਹੋਇਆ। ਭੱਟ ਵਹੀਆਂ ਵਾਲੀ ਤਾਰੀਖ਼ ਜ਼ਿਆਦਾ ਢੁੱਕਵੀਂ ਹੈ।

ਚਉਪਈ—

ਸੰਮਤ ਬਰਸ ਬਾਲਕ ਸੈ ਯਾਰਾਂ ਕੇ ਗਏ।
ਗੁਰੂ ਹਰਿ ਕਿਸ਼ਨ ਜੀ ਜਨਮ ਤਬ ਕੇ ਲਏ।
ਸਾਵਣ ਦਿਨ ਨਉਂ ਜਬ ਕੇ ਕੀਤੇ।
ਚਾਨਣੇ ਪੱਖ ਸਭ ਨਛੱਤਰ ਨਿਸ ਅਢਾਈ ਜਾਮ ਬੀਤੇ।

ਗੁਰੂ ਹਰਿ ਕਿਸ਼ਨ ਸਾਹਿਬ ਜੀ ਨੇ ਜ਼ਿਆਦਾ ਸਮਾਂ ਕੀਰਤਪੁਰ ਵਿਖੇ ਬਿਤਾਇਆ। ਗੁਰੂ ਸਾਹਿਬ ਜੀ ਨੇ ਪੜ੍ਹਾਈ ਦੀਵਾਨ ਦਰਗਾਹ ਮੱਲ, ਭਾਈ ਅੜੂ ਰਾਮ (ਪਿਤਾ ਭਾਈ ਕਿਰਪਾ ਰਾਮ) ਅਤੇ ਭਾਈ ਬਿੰਨਾ ਉੱਪਲ (ਪਿਤਾ ਭਾਈ ਫੇਰੂ) ਦੀ ਨਿਗਰਾਨੀ ਹੇਠ ਹਾਸਿਲ ਕੀਤੀ। ਵਿਦਿਆ ਦੇ ਨਾਲ ਨਾਲ ਘੋੜ ਸਵਾਰੀ ਤੇ ਸ਼ਸਤਰ ਚਲਾਉਣ ਦੀ ਵੀ ਮੁਹਾਰਤ ਹਾਸਲ ਕੀਤੀ।

ਜਦੋਂ ਪਿਛਲੇ ਇਤਿਹਾਸ ਦੇ ਵਾਕਿਆਤ ਦੇਖਦੇ ਹਾਂ ਤਾਂ ਨਾਨਕਈ ਫਲਸਫੇ ਨਾਲ ਤਿੰਨ ਧਿਰਾਂ ਖਾਰ ਖਾਂਦੀਆਂ ਸਨ। ਪਹਿਲੀ ਧਿਰ ਇਸਲਾਮੀ ਪੁਜਾਰੀ ਦੂਜੀ ਧਿਰ ਬ੍ਰਹਾਮਣੀ ਫਲਸਫਾ ਤੇ ਤੀਜੀ ਧਿਰ ਇਸਲਾਮੀ ਸਰਕਾਰ ਦੀਆਂ ਪਾਲਸੀਆਂ ਸਨ। ਗੁਰੂ ਨਾਨਕ ਸਾਹਿਬ ਦੇ ਸਮੇਂ ਬਾਬਰ ਨੇ ਦਿੱਲੀ 'ਤੇ ਕਬਜ਼ਾ ਤਾਂ ਕਰ ਲਿਆ ਪਰ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਵਾਪਸ ਚਲਾ ਗਿਆ। ਫਿਰ ਸਮਾਂ ਆਉਂਦਾ ਹੈ ਗੁਰੂ ਅੰਗਦ ਪਾਤਸ਼ਾਹ ਜੀ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦਾ, ਜਿਸ ਸਮੇਂ ਅਕਬਰ ਦਿੱਲੀ ਤੱਖਤ ਤੇ ਬੈਠਾ ਸੀ। ਅਕਬਰ ਨੇ ਦੀਨੇ ਇਲਾਹੀ ਦਾ ਨਵਾਂ ਧਰਮ ਚਲਾ ਕੇ ਸਾਰੇ ਧਰਮਾਂ ਦਾ ਸਤਿਕਾਰ ਕੀਤਾ। ਅਕਬਰ ਬਾਦਸ਼ਾਹ ਦੀ ਨੀਤੀ ਇਸਲਾਮੀ ਕੱਟੜਤਾ ਵਾਲੀ ਨਹੀਂ ਸੀ। ਅਕਬਰ ਬਾਦਸ਼ਾਹ ਦੇ ਰਾਜ ਕਾਲ ਵਿੱਚ ਬ੍ਰਾਹਮਣ ਪੁਜਾਰੀ ਵਲੋਂ ਸ਼ਿਕਾਇਤਾਂ ਲਗਾਈਆਂ ਗਈਆਂ ਕਿ ਗੁਰੂ ਨਾਨਕ ਸਾਹਿਬ ਜੀ ਵਲੋਂ ਚਲਾਇਆ ਧਰਮ ਸਾਡੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਨਹੀਂ ਮੰਨਦਾ। ਲਾਹੌਰ ਦੇ ਸੂਬੇਦਾਰ ਵਲੋਂ ਗੁਰੂ ਅਮਰਦਾਸ ਨੂੰ ਲਾਹੌਰ ਸੱਦਿਆ ਗਿਆ। ਗੁਰੂ ਸਾਹਿਬ ਜੀ ਨੇ ਭਾਈ ਜੇਠਾ ਜੀ ਭਾਵ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ। ਓਦੋਂ ਅਕਬਰ ਬਾਦਸ਼ਾਹ ਵੀ ਲਾਹੌਰ ਆਇਆ ਹੋਇਆ ਸੀ। ਭਾਈ ਜੇਠਾ ਜੀ ਦੇ ਸਾਹਮਣੇ ਅਕਬਰ ਬਾਦਸ਼ਾਹ, ਲਾਹੌਰ ਦਾ ਸੂਬੇਦਾਰ ਤੇ ਹੋਰ ਅਫਸਰ ਬੈਠੇ ਸਨ ਜਦ ਕਿ ਭਾਈ ਜੇਠਾ ਜੀ ਇਕੱਲੇ ਸਨ। ਉਨ੍ਹਾਂ ਨੇ ਸਰਕਾਰ ਦੇ ਹਰੇਕ ਸਵਾਲ ਦਾ ਬੇਬਾਕੀ ਨਾਲ ਜਵਾਬ ਦੇ ਕੇ ਸ਼ਿਕਾਇਤਾਂ ਲਾਉਣ ਵਾਲਿਆਂ ਨੂੰ ਨਿਰਉੱਤਰ ਕਰ ਦਿੱਤਾ। ਅਕਬਰ ਬਾਦਸ਼ਾਹ ਭਾਈ ਜੇਠਾ ਜੀ ਦੀਆਂ ਦਲੀਲਾਂ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਉਹ ਖ਼ੁਦ ਗੋਇੰਦਵਾਲ ਆਇਆ। ਗੋਇੰਦਵਾਲ ਦੀ ਮਰਿਯਾਦਾ ਤੇ ਸਮਾਜ ਭਲਾਈ ਦੇ ਹੁੰਦੇ ਕੰਮ ਦੇਖ ਕੇ ਅਕਬਰ ਬਾਦਸ਼ਾਹ ਨੇ ਜਗੀਰ ਦੇਣੀ ਚਾਹੀ ਪਰ ਗੁਰੂ

ਸਾਹਿਬ ਜੀ ਨੇ ਜਗੀਰ ਲੈਣ ਤੋਂ ਨਾਂਹ ਕਰ ਦਿੱਤੀ ਅਕਬਰ ਦੇ ਮਰਨ ਉਪਰੰਤ ਉਸ ਦਾ ਪੁੱਤਰ ਜਹਾਂਗੀਰ ਰਾਜ ਗੱਦੀ 'ਤੇ ਬੈਠਾ। ਜਹਾਂਗੀਰ ਦੇ ਆਲੇ ਦੁਆਲੇ ਕੱਟੜ ਪੰਥੀਆਂ ਦਾ ਘੇਰਾ ਮਜ਼ਬੂਤ ਹੋ ਗਿਆ। ਉਹ ਖ਼ੁਦ ਆਪਣੀ ਸਵੈਜੀਵਨੀ ਵਿੱਚ ਨਾਨਕਈ ਫਲਸਫੇ ਸਬੰਧੀ ਲਿਖਦਾ ਹੈ ਕਿ ਮੈਂ ਇਹ ਝੂਠ ਦੀ ਦੁਕਾਨ ਬੰਦ ਕਰਨੀ ਹੈ ਜੋ ਤਿੰਨ ਚਾਰ ਪੀੜ੍ਹੀਆਂ ਤੋਂ ਚਲੀ ਆ ਰਹੀ ਹੈ। ਇਸਲਾਮੀ ਧਰਮ ਵਿੱਚ ਖ਼ੁਆਜ਼ਾ ਮੁਹੰਮਦ ਬਾਕੀ ਬਿੱਲਾ ਤੇ ਸ਼ੇਖ ਅਹਿਮਦ ਸਰਹੰਦੀ ਬੜੀ ਕੱਟੜਤਾ ਨਾਲ ਇਸਲਾਮ ਦਾ ਪਰਚਾਰ ਕਰ ਰਹੇ ਸਨ। ਰਾਜ ਦਰਬਾਰ ਵਿੱਚ ਇਨ੍ਹਾਂ ਦਾ ਬਹੁਤ ਪ੍ਰਭਾਵ ਸੀ। ਏਸੇ ਕੱਟੜਤਾ ਕਾਰਨ ਗੁਰੂ ਅਰਜਨ ਪਾਤਸ਼ਾਹ ਜੀ ਸ਼ਹੀਦ ਹੋਏ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਹਕੂਮਤ ਨੇ ਨਜ਼ਰਬੰਦ ਕੀਤਾ ਫਿਰ ਸਰਕਾਰ ਨਾਲ ਚਾਰ ਜੰਗਾਂ ਹੋਈਆਂ।

1657 ਵਿੱਚ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਬੀਮਾਰ ਪੈ ਗਿਆ। ਉਸ ਨੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਆਪਣਾ ਵਾਰਸ ਐਲਾਨ ਕਰ ਦਿੱਤਾ ਪਰ ਔਰੰਗਜ਼ੇਬ ਨੇ ਆਪਣੇ ਪਿਤਾ ਦੇ ਵਿਰੁੱਧ ਬਗਾਵਤ ਕਰ ਦਿੱਤੀ। ਅਖ਼ੀਰ ਔਰੰਗਜ਼ੇਬ ਜੇਤੂ ਹੋ ਗਿਆ ਤੇ ਉਸ ਨੇ ਦਿੱਲੀ ਦੇ ਰਾਜ ਭਾਗ ਤੇ ਕਬਜ਼ਾ ਕਰ ਲਿਆ। ਔਰੰਗਜ਼ੇਬ ਨੇ ਆਪਣੇ ਵਿਰੋਧੀਆਂ ਨੂੰ ਸਜ਼ਾਵਾਂ ਦੇਣੀਆਂ ਸ਼ੁਰੂ ਕੀਤੀਆਂ। ਏਸੇ ਸਿਲਸਿਲੇ ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਵੀ ਦਿੱਲੀ ਵਿਖੇ ਤਲਬ ਕਰ ਲਿਆ ਕਿ ਇਨ੍ਹਾਂ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ। ਇਹ ਝੂਠੀ ਸ਼ਕਾਇਤ ਸੀ ਜੋ ਪੁਜਾਰੀਆਂ ਦੀ ਨਫਰਤ ਵਿਚੋਂ ਪੈਦਾ ਹੋਈ ਸੀ। ਉਂਝ ਦਾਰਾ ਸ਼ਿਕੋਹ ਵੀ ਗੁਰੂ ਘਰ ਨਾਲ ਸਾਂਝ ਰੱਖਦਾ ਸੀ।

ਗੁਰੂ ਹਰਿ ਰਾਏ ਸਾਹਿਬ ਜੀ ਨੇ ਆਪ ਜਾਣ ਦੀ ਬਜਾਏ ਆਪਣੇ ਵੱਡੇ ਬੇਟੇ ਰਾਮਰਾਇ ਨੂੰ ਦਿੱਲੀ ਭੇਜਿਆ। ਰਾਮਰਾਇ ਨੂੰ ਗੁਰੂ ਸਾਹਿਬ ਜੀ ਨੇ ਕਿਹਾ ਕਿ ''ਪੁੱਤਰ ਸਰਕਾਰ ਦੇ ਕਿਸੇ ਵੀ ਦਬਾ ਥੱਲੇ ਨਹੀਂ ਆਉਣਾ। ਗੁਰੂ ਨਾਨਕ ਸਾਹਿਬ ਜੀ ਵਲੋਂ ਚਲਾਏ ਰਾਹ ਤੇ ਡੱਟ ਕੇ ਪਹਿਰਾ ਦੇਣਾ ਹੈ। ਦੇਖ ਬੇਟਾ! ਤੇਰੇ ਪੜ੍ਹਦਾਦਾ ਜੀ ਨੇ ਆਪਣੀ ਸ਼ਹਾਦਤ ਦਿੱਤੀ, ਪਰ ਸਰਕਾਰ ਦੀ ਈਨ ਨਹੀਂ ਮੰਨੀ''। ਰਾਮਰਾਇ ਸਾਰਾ ਕੁਝ ਸਮਝ ਕੇ ਦਿੱਲੀ ਪਹੁੰਚ ਗਿਆ। ਔਰੰਗਜ਼ੇਬ ਤਥਾ ਬਾਕੀ ਵਜ਼ੀਰਾਂ ਵਲੋਂ ਪੁੱਛੇ ਸਾਰੇ ਸੁਵਾਲਾਂ ਦੇ ਜੁਆਬ ਰਾਮਰਾਇ ਨੇ ਬ-ਦਲੀਲ ਦਿੱਤੇ। ਰਾਮ ਰਾਇ ਦੇ ਜੁਆਬਾਂ ਤੋਂ ਔਰੰਗਜ਼ੇਬ ਬੜਾ ਪ੍ਰਭਾਵਤ ਹੋਇਆ ਪਰ ਅਚਾਨਕ ਮੌਲਵੀ ਵਲੋਂ ਇੱਕ ਨੁਕਤਾ ਉਠਾਇਆ ਗਿਆ ਕਿ ਤੁਹਾਡੇ ਗ੍ਰੰਥ ਵਿੱਚ ਇਸਲਾਮੀ ਸ਼ਰਾਅ ਦੇ ਵਿਰੁੱਧ ਲਿਖਿਆ ਹੋਇਆ ਹੈ ਕਿ ''ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ'' ਰਾਮ ਰਾਇ ਨੇ ਔਰੰਗਜ਼ੇਬ ਦੀ

ਚਾਪਲੂਸੀ ਵਿੱਚ ਆ ਕੇ ਇਸ ਤੁਕ ਨੂੰ ਬਦਲ ਦਿੱਤਾ ਤੇ ਕਿਹਾ ਕਿ ''ਬਾਦਸ਼ਾਹ ਓੱਥੇ ਮਿਟੀ ਮੁਸਲਮਾਨ ਕੀ ਨਹੀਂ ਬਲ ਕੇ ਮਿੱਟੀ ਬੇਈਮਾਨ ਕੀ ਲਿਖਿਆ ਹੋਇਆ ਹੈ''। ਰਾਮ ਰਾਇ ਖੁਸ਼ਾਮਦ ਵਿੱਚ ਆ ਕੇ ਵੱਡੀ ਗਲਤੀ ਕਰ ਗਿਆ, ਜਿਸ ਕਰਕੇ ਪਿਤਾ ਗੁਰੂ ਹਰਿ ਰਾਇ ਸਾਹਿਬ ਜੀ ਨੇ ਉਸ ਨੂੰ ਮੂੰਹ ਨਹੀ ਲਗਾਇਆ ਤੇ ਪਰਵਾਰਕ ਨਾਤਾ ਤੋੜ ਦਿੱਤਾ। ਰਾਮਰਾਇ ਨੂੰ ਔਰੰਗਜ਼ੇਬ ਨੇ ਡੇਰਾਦੂਨ ਜ਼ਮੀਨ ਵੀ ਦਿੱਤੀ।

6 ਅਕਤੂਬਰ 1661 ਨੂੰ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾ ਗਏ ਤੇ ਗੁਰਿਆਈ ਗੁਰੂ ਹਰਿ ਕਿਸ਼ਨ ਸਾਹਿਬ ਜੀ ਨੂੰ ਦਿੱਤੀ ਗਈ। ਇਸ ਸਮੇਂ ਰਾਮਰਾਇ ਵੀ ਹਾਜ਼ਰ ਹੋਇਆ ਤੇ ਵੱਡਾ ਸਪੁੱਤਰ ਹੋਣ ਦੇ ਨਾਤੇ ਗੁਰਗੱਦੀ 'ਤੇ ਆਪਣਾ ਹੱਕ ਜਿਤਾਉਣ ਲੱਗਾ। ਉਸ ਸਮੇਂ ਇੱਕ ਦੋ ਸਿੱਖਾਂ ਨੂੰ ਛੱਡ ਕੇ ਬਾਕੀ ਕਿਸੇ ਨੇ ਵੀ ਰਾਮਰਾਇ ਦਾ ਸਾਥ ਨਹੀਂ ਦਿੱਤਾ। ਰਾਮਰਾਇ ਨੇ ਗੁਰਗੱਦੀ ਦਾ ਹੱਕ ਲੈਣ ਲਈ ਆਜਿਜ਼ ਹੋ ਕੇ ਔਰੰਗਜ਼ੇਬ ਕੋਲ ਪਹੁੰਚ ਕੀਤੀ। ਔਰੰਗਜ਼ੇਬ ਨੇ ਰਾਮਰਾਇ ਦੀ ਮਦਦ ਕਰਨ ਦਾ ਭਰੋਸਾ ਦਿਵਾਇਆ। ਏਸੇ ਸਬੰਧ ਵਿੱਚ ਔਰੰਗਜ਼ੇਬ ਨੇ ਗੁਰੂ ਹਰਿ ਕਿਸ਼ਨ ਸਾਹਿਬ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜਿਆ। ਗੁਰੂ ਸਾਹਿਬ ਜੀ ਨੂੰ ਕੀਰਤਪੁਰ ਤੋਂ ਲਿਆਉਣ ਦੀ ਜ਼ਿੰਮੇਵਾਰੀ ਰਾਜਾ ਜੈ ਸਿੰਹੁ ਮਿਰਜ਼ਾ ਦੇ ਦੀਵਾਨ ਪਰਸ ਰਾਮ ਦੀ ਡਿਊਟੀ ਲਗਾਈ ਗਈ ਤੇ ਉਹ 18 ਮਾਰਚ 1664 ਨੂੰ ਕੀਰਤਪੁਰ ਆਇਆ। ਇਸ ਤੋਂ ਪਹਿਲਾਂ ਵੀ ਉਹ ਕੀਰਤਪੁਰ ਆਉਂਦਾ ਜਾਂਦਾ ਸੀ।

ਅਗਲੇ ਦਿਨ ਗੁਰੂ ਸਾਹਿਬ ਜੀ ਕੀਰਤਪੁਰ ਤੋਂ ਦਿੱਲੀ ਨੂੰ ਚੱਲ ਪਏ। ਗੁਰੂ ਸਾਹਿਬ ਜੀ ਦੇ ਨਾਲ ਦਾਦੀ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਾਹ ਮੱਲ, ਭਾਈ ਦਰੀਆ ਪਰਮਾਰ, ਭਾਈ ਮਨੀ ਰਾਮ ਅਤੇ ਹੋਰ ਬਹੁਤ ਸਾਰੇ ਸਿੱਖ ਰੱਥ 'ਤੇ ਸਵਾਰ ਹੋ ਕੇ ਦਿੱਲੀ ਨੂੰ ਚੱਲ ਪਏ। ਕੀਰਤਪੁਰ ਤੋਂ ਚੱਲ ਕੇ ਕੋਟਲਾ ਨਿਹੰਗ ਖ਼ਾਂ, ਰੋਪੜ, ਬਨੂੜ, ਰਾਜਪੁਰਾ ਤੇ ਅੰਬਾਲੇ ਤੋਂ ਹੁੰਦੇ ਹੋਏ ਪੰਜੋਖੜਾ ਪਹੁੰਚੇ। ਪੰਜੋਖੜਾ ਵਿਖੇ ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਸੰਗਤ ਕਾਇਮ ਹੋ ਚੁੱਕੀ ਸੀ। ਉਨ੍ਹਾਂ ਮਗਰੋਂ ਗੁਰੂ ਅਮਰਦਾਸ ਜੀ ਇਸ ਅਸਥਾਨ 'ਤੇ ਆਏ ਸਨ। ਗਵਾਲੀਆਰ ਦੇ ਕਿਲ੍ਹੇ ਵਿਚੋਂ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਰਿਹਾ ਹੋਏ ਸਨ ਤਾਂ 1619 ਈ. ਨੂੰ ਪੰਜੋਖੜਾ ਆਏ ਸਨ। ਪਰਚਾਰ ਪੱਖੋਂ ਬਹੁਤ ਵੱਡੀ ਧਰਮਸਾਲ ਕਾਇਮ ਹੋ ਚੁੱਕੀ ਸੀ। ਇਸ ਧਰਮਸਾਲ ਵਿੱਚ ਬਕਾਇਦਾ ਸੰਗਤ ਜੁੜਦੀ ਸੀ। ਉਹ ਲੋਕ ਵੀ ਸੰਗਤ ਵਿੱਚ ਆਉਂਦੇ ਸਨ ਜਿੰਨ੍ਹਾਂ ਨੂੰ ਸਦੀਆਂ ਤੋਂ ਲਿਤਾੜਿਆ ਹੋਇਆ ਸੀ, ਮੰਦਰਾਂ ਵਿੱਚ ਜਾਣ ਦਾ ਵੀ ਕੋਈ ਅਧਿਕਾਰ ਨਹੀਂ ਸੀ ਤੇ ਨਾ ਹੀ ਵਿਦਿਆ ਹਾਸਲ ਕਰਨ ਦਾ ਕੋਈ ਹੱਕ ਸੀ। ਇਸ ਧਰਮਸਾਲ ਵਿੱਚ ਜਿੱਥੇ ਸਿੱਖ ਸਿਧਾਂਤ ਦ੍ਰਿੜ ਕਰਾਇਆ ਜਾਂਦਾ ਸੀ ਉੱਥੇ ਵਿਦਿਆ ਵੀ ਪੜ੍ਹਾਈ ਜਾਂਦੀ ਸੀ। ਇੱਥੇ ਧਰਮਸਾਲ ਵਿੱਚ ਹਰੇਕ ਨੂੰ ਬਰਾਬਰ ਦੇ ਅਧਿਕਾਰ ਸਨ। ਇਹ ਖ਼ਿਆਲ ਰਹੇ ਕੇ ਗੁਰੂ ਅੰਗਦ ਪਾਤਸ਼ਾਹ ਜੀ ਨੇ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਲਈ ਵਿਦਿਆ ਦੇ ਨਾਲ ਨਾਲ ਮੱਲ ਅਖਾੜੇ ਵੀ ਬਣਾਏ ਸਨ। ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਨੂੰ ਸਦੀਆਂ ਤੋਂ ਮਨੁੱਖੀ ਅਧਿਕਾਰਾਂ ਤੋਂ ਗੂੰਗਾ, ਬੋਲ਼ਾ, ਅੰਨ੍ਹਾ ਰੱਖਿਆ ਹੋਇਆ ਸੀ ਸਾਹਿਬ ਗੁਰੂ ਦੀ ਸੰਗਤ ਕਰਕੇ ਉਨ੍ਹਾਂ ਨੇ ਔਖੀ ਤੋਂ ਔਖੀ ਵਿਦਿਆ ਹਾਸਲ ਕਰ ਲਈ ਸੀ ਭਾਵ ਸੰਸਕ੍ਰਿਤ 'ਤੇ ਕੇਵਲ ਬ੍ਰਾਹਮਣ ਦਾ ਅਧਿਕਾਰ ਸੀ. ਛੱਜੂ ਵਰਗੇ ਮਹਾਨ ਗੁਰਸਿੱਖਾਂ ਨੇ ਸੰਸਕ੍ਰਿਤ ਵਿਦਿਆ ਵੀ ਹਾਸਲ ਕਰ ਲਈ ਸੀ। ਅਸਲ ਵਿੱਚ ਪੰਜੋਖੜੇ ਦੇ ਸਿੱਖੀ ਪਰਚਾਰ ਕੇਂਦਰ ਤੋਂ ਬ੍ਰਾਹਮਣ ਬਹੁਤ ਔਖੇ ਸਨ, ਕਿਉਂਕਿ ਲੋਕ ਬ੍ਰਾਹਮਣ ਵਲੋਂ ਦੱਸੇ ਕਰਮ ਕਾਂਡ ਛੱਡਦੇ ਜਾ ਰਹੇ ਸਨ।

ਬ੍ਰਾਹਮਣ ਪੁਜਾਰੀ ਸਿੱਖੀ ਦੀ ਚੜ੍ਹਤ ਤੋਂ ਸੁਭਾਵਿਕ ਦੁੱਖੀ ਸੀ। ਕੋਈ ਨਾ ਕੋਈ ਬਹਾਨਾ ਚਾਹੁੰਦਾ ਸੀ ਕਿ ਇਸ ਲਹਿਰ ਨੂੰ ਬੰਦ ਕੀਤਾ ਜਾਏ। ਜਦੋਂ ਗੁਰੂ ਹਰਿ ਕਿਸ਼ਨ ਸਾਹਿਬ ਜੀ ਪੰਜੋਖੜੇ ਆਏ ਤਾਂ ਲਾਲ ਚੰਦ ਨੇ ਦੇਖਿਆ ਕਿ ਉਮਰ ਤਾਂ ਗੁਰੂ ਸਾਹਿਬ ਦੀ ਛੋਟੀ ਹੈ। ਉਸ ਦਾ ਤਰਕ ਸੀ ਕਿ ਏਨੀ ਛੋਟੀ ਉਮਰ ਵਿੱਚ ਗੁਰੂ ਹਰਿ ਕਿਸ਼ਨ ਸਾਹਿਬ ਜੀ ਕਿਵੇਂ ਗੁਰੂ ਹੋ ਸਕਦੇ ਹਨ? ਤਦ ਬ੍ਰਾਹਮਣ ਨੇ ਕਿਹਾ ਕਿ ਗੁਰੂ ਸਾਹਿਬ ਜੀ ਗੀਤਾ ਦੇ ਅਰਥ ਕਰਨ। ਗੁਰੂ ਸਾਹਿਬ ਜੀ ਨੇ ਬ੍ਰਹਾਮਣ ਨੂੰ ਕਿਹਾ ਕਿ ''ਹੁਣ ਗੀਤਾ ਦੇ ਅਰਥ ਤਾਂ ਭਾਈ ਕੋਈ ਵੀ ਕਰ ਸਕਦਾ ਹੈ''। ਇਸ ਸਮੇਂ ਭਾਈ ਛੱਜੂ ਝੀਵਰ ਨੂੰ ਗੀਤਾ ਦੇ ਅਰਥ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਭਾਈ ਛੱਜੂ ਜੀ ਨੇ ਹੋਰ ਵਿਦਿਆ ਦੇ ਨਾਲ ਨਾਲ ਸੰਸਕ੍ਰਿਤ ਦੀ ਵਿਦਿਆ ਵੀ ਪੰਜੋਖਰੇ ਦੀ ਧਰਮਸਾਲ ਵਿਚੋਂ ਲਈ ਹੋਈ ਸੀ। ਭਾਈ ਛੱਜੂ ਜੀ ਨੇ ਗੀਤਾ ਦੇ ਅਰਥ ਬਹੁਤ ਹੀ ਵਿਸਥਾਰ ਪੂਰਵਕ ਕੀਤੇ। ਭਾਈ ਲਾਲ ਚੰਦ ਦੀ ਤਸੱਲੀ ਹੋਈ।

ਗੁਰੂ ਸਾਹਿਬ ਜੀ ਨੇ ਭਾਈ ਛੱਜੂ ਜੀ ਭਾਈ ਲਾਲ ਚੰਦ ਜੀ ਸਿੱਖੀ ਦੇ ਪ੍ਰਚਾਰਕ ਥਾਪਿਆ। ਇੱਕ ਇਤਿਹਾਸ ਵਿੱਚ ਇਹ ਵੀ ਦਰਜ ਹੈ ਕਿ ਭਾਈ ਲਾਲ ਚੰਦ ਜੀ ਨੇ ਕਲਗੀਧਰ ਪਿਤਾ ਜੀ ਤੋਂ ਖੰਡੇ ਦੀ ਪਾਹੁਲ ਲਈ 'ਤੇ ਚਮਕੌਰ ਸਾਹਿਬ ਜੀ ਦੀ ਧਰਤੀ 'ਤੇ ਸ਼ਹਾਦਤ ਦਾ ਜਾਮ ਪੀਤਾ। ਦੂਸਰੇ ਪਾਸੇ

ਭਾਈ ਛੱਜੂ ਜੀ ਦੀ ਵੰਸ਼ ਵਿਚੋਂ ਭਾਈ ਹਿੰਮਤ ਸਿੰਘ ਪੰਜਾਂ ਪਿਆਰਿਆਂ ਦੀ ਚੋਣ ਸਮੇਂ ਚੁਣੇ ਗਏ ਸਨ।

ਗੁਰੂ ਸਾਹਿਬ ਜੀ ਪੰਜੋਖੜਾ, ਕੁਰੂਕਸ਼ੇਤਰ ਅਤੇ ਪਾਨੀਪਤ ਤੋਂ ਹੁੰਦੇ ਹੋਏ ਦਿੱਲੀ ਪਹੁੰਚੇ। ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਟਿਕਾਣਾ ਕੀਤਾ। ਰਾਜਾ ਜੈ ਸਿੰਘ ਦੀ ਸੁਪਤਨੀ ਰਾਣੀ ਪੁਸ਼ਪਾ ਵਤੀ ਤੇ ਉਸ ਦਾ ਪੁੱਤਰ ਰਾਮ ਸਿੰਘ ਬੰਗਲੇ ਵਿੱਚ ਮੌਜੂਦ ਸਨ। ਏਸੇ ਅਸਥਾਨ ਨੂੰ ਗੁਰਦੁਆਰਾ ਬੰਗਲਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਹਰਿ ਕਿਸ਼ਨ ਸਾਹਿਬ ਜੀ ਨੇ ਗੋਲੀਆਂ ਵਿਚੋਂ ਰਾਣੀ ਦੀ ਪਹਿਚਾਣ ਕੀਤੀ ਤੇ ਸੁਭਾਵਕ ਕਿਹਾ ਗੋਲੀਆਂ ਵਾਲੇ ਕਪੜੇ ਪਹਿਨਣ ਨਾਲ ਕੋਈ ਗੋਲੀ ਨਹੀਂ ਬਣ ਸਕਦੀ, ਰਾਣੀ ਤਾਂ ਰਾਣੀ ਹੀ ਰਹਿੰਦੀ ਹੈ। ਜਦੋਂ ਗੁਰੂ ਹਰਿ ਕਿਸ਼ਨ ਸਾਹਿਬ ਜੀ ਦਿੱਲੀ ਵਿੱਚ ਸਨ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰਬ ਦੇ ਦੌਰੇ ਤੋਂ ਵਾਪਸ ਦਿੱਲੀ ਪਹੁੰਚੇ ਸਨ। ਉਹ ਦਿਲਵਾਲੀ ਮਹੱਲੇ ਭਾਈ ਕਲਿਆਣੇ ਦੀ ਧਰਮਸਾਲ ਵਿੱਚ ਠਹਿਰੇ ਸਨ। 22 ਮਾਰਚ 1664 ਨੂੰ ਰਾਜੇ ਦੇ ਬੰਗਲੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰੂ ਹਰਿ ਕਿਸ਼ਨ ਸਾਹਿਬ ਜੀ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਬਾਬੇ ਤੇ ਪੋਤਰੇ ਦੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੋ ਦਿਨ ਇਸ ਬੰਗਲੇ ਵਿੱਚ ਰਹੇ। ਰਾਜਸੀ, ਧਾਰਮਿਕ, ਸਮਾਜਿਕ ਮੁੱਦਿਆਂ 'ਤੇ ਡੂੰਘੀਆਂ ਵੀਚਾਰਾਂ ਹੋਈਆਂ। ਸਿੱਖੀ ਦੇ ਪ੍ਰਚਾਰ ਪਾਸਾਰ, ਜੱਥੇਬੰਦਕ ਢਾਂਚੇ ਸਬੰਧੀ, ਗੁਰਤਾ ਸਬੰਧੀ ਤੇ ਖਾਸ ਤੌਰ 'ਤੇ ਔਰੰਗਜ਼ੇਬ ਦੀ ਧਾਰਮਿਕ ਪਾਲਸੀ ਸਬੰਧੀ ਖੁਲ੍ਹੀਆਂ ਵਿਚਾਰਾਂ ਹੋਈਆਂ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਔਰੰਗਜ਼ੇਬ ਸਬੰਧੀ ਬਹੁਤ ਡੂੰਘੀ ਜਾਣਕਾਰੀ ਸੀ, ਜਿਹੜੀ ਗੁਰੂ ਹਰਿ ਕਿਸ਼ਨ ਸਾਹਿਬ ਜੀ ਨਾਲ ਸਾਂਝੀ ਕੀਤੀ।

25 ਮਾਰਚ 1664 ਈਸਵੀ ਨੂੰ ਔਰੰਗਜ਼ੇਬ ਨੇ ਗੁਰੂ ਹਰਿ ਕਿਸ਼ਨ ਸਾਹਿਬ ਜੀ ਨੂੰ ਮੁਲਾਕਾਤ ਲਈ ਬੁਲਾਇਆ। ਰਾਜਾ ਜੈ ਸਿੰਘ ਮਿਰਜ਼ਾ ਦੇ ਘਰੋਂ ਗੁਰੂ ਸਾਹਿਬ ਜੀ ਪਾਲਕੀ ਵਿੱਚ ਬੈਠ ਕੇ ਰਾਜ ਦਰਬਾਰ ਭਾਵ ਲਾਲ ਕਿਲ੍ਹੇ ਪਹੁੰਚੇ। ਗੁਰੂ ਸਾਹਿਬ ਜੀ ਦੇ ਨਾਲ ਰਾਜਾ ਰਾਮ ਸਿੰਘ, ਭਾਈ ਮਨੀ ਰਾਮ, ਭਾਈ ਗੁਰਬਖਸ਼ ਅਤੇ ਕੁਝ ਹੋਰ ਸਿੱਖ ਨਾਲ ਸਨ। ਭੱਟ ਵਹੀ ਤਲਾਉਂਡਾ ਵਿੱਚ ਇੰਜ ਲਿਖਿਆ ਹੈ---

"ਗੁਰੂ ਹਰਿ ਕਿਸ਼ਨ ਸਾਹਿਬ ਜੀ ਮਹਿਲ ਅਠਵਾਂ, ਬੇਟਾ ਗੁਰੂ ਹਰਿ ਰਾਇ ਜੀ ਕਾ—ਸਾਲ ਸਤਰਾਂ ਸੈ ਇਕੀਸ ਚੇਤਰ ਮਾਸੇ ਸ਼ੁਕਲਾ ਪੱਖੇ, ਥਿੱਤ ਨਾਮੀ, ਗੁਰੂਵਾਰ ਕੇ ਦਿੰਹ, ਸਵਾ ਪਹਿਰ ਦਿਨ ਚੜ੍ਹੇ ਪਾਲਕੀ ਮੇਂ ਸਵਾਰ ਹੋਏ, ਦਿਹਲੀ ਬਾਦਸ਼ਾਹ ਕੇ ਦਰਬਾਰ ਮੈਂ ਆਏ। ਸਾਥ ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਕਾ, ਕੰਵਰ ਰਾਮ ਸਿੰਹ ਆਇਆ ਬੇਟਾ ਰਾਮ ਸਿੰਹ ਅੰਬੇਰੀ ਕਾ, ਗੁਰਬਖਸ਼ ਆਇਆ ਬੇਟਾ ਬਾਘੇ ਛੀਪੇ ਕਾ, ਮਨੀ ਰਾਮ ਆਇਆ ਬੇਟਾ ਮਾਈ ਦਾਸ ਜਲਹਾਨੇ ਕਾ। ਹੋਰ ਸਿੱਖ ਫਕੀਰ ਆਏ"।

ਔਰੰਗਜ਼ੇਬ ਦੇ ਦਰਬਾਰ ਵਿੱਚ ਤਲਬ ਕੀਤੇ ਲੋਕਾਂ ਨੂੰ ਬੈਠਣ ਲਈ ਕੋਈ ਜਗ੍ਹਾ ਨਹੀਂ ਦਿੱਤੀ ਜਾਂਦੀ ਸੀ। ਪਰ ਗੁਰੂ ਹਰਿ ਕਿਸ਼ਨ ਸਾਹਿਬ ਜੀ ਨੂੰ ਸ਼ਾਨਦਾਰ ਕਢਾਈ ਵਾਲੇ ਗੱਦੇਦਾਰ ਉੱਚੇ ਮੂੜ੍ਹੇ ਤੇ ਬਿਠਾਇਆ ਗਿਆ। ਔਰੰਗਜ਼ੇਬ ਨੇ ਰਸਮੀ ਅਦਬ ਸਤਕਾਰ ਕੀਤਾ। ਹਾਲ ਚਾਲ ਪੁੱਛਣ 'ਤੇ ਅਸਲ ਮਕਸਦ ਵੱਲ ਆ ਗਿਆ। ਉਸ ਦਾ ਪਹਿਲਾ ਸਵਾਲ ਸੀ ਕਿ ਤੁਹਾਡੇ ਵੱਡੇ ਭਰਾ ਰਾਮ ਰਾਇ ਨੂੰ ਗੁਰਿਆਈ ਕਿਉਂ ਨਹੀਂ ਦਿੱਤੀ ਗਈ? ਗੁਰੂ ਸਾਹਿਬ ਜੀ ਨੇ ਕਿਹਾ "ਗੁਰਿਆਈ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ ਇਹ ਤੇ ਰੂਹਾਨੀ ਸੇਵਾ ਹੈ"। ਬਾਕੀ ਪਿਤਾ ਗੁਰੂ ਹਰਿ ਰਾਇ ਸਾਹਿਬ ਜੀ ਨੇ ਜਿਸ ਨੂੰ ਯੋਗ ਸਮਝਿਆ ਉਸ ਨੂੰ ਸੇਵਾ ਸੌਂਪ ਦਿੱਤੀ। ਕਰਾਮਾਤ ਸਬੰਧੀ ਦਸਿਆ ਕਿ ਅਕਾਲ ਪੁਰਖ ਦੇ ਹੁਕਮ ਤੋਂ ਬਿਨਾ ਅਸੀਂ ਨਹੀਂ ਚੱਲ ਸਕਦੇ। ਔਰੰਗਜ਼ੇਬ ਨੇ ਪਹਿਲੀ ਮੁਲਾਕਾਤ ਸਮਾਪਤ ਕਰਕੇ ਕਿਹਾ ਕਿ ਜਲਦੀ ਹੀ ਦੂਜੀ ਮੁਲਾਕਾਤ ਕਰਾਂਗੇ। ਗੁਰੂ ਸਾਹਿਬ ਜੀ ਵਾਪਸ ਜੈ ਸਿੰਹ ਦੇ ਬੰਗਲੇ ਵਿੱਚ ਆ ਗਏ।

ਦਿੱਲੀ ਵਿੱਚ ਇਸ ਸਮੇਂ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਚੇਚਕ ਛੂਤ ਦੀ ਬਿਮਾਰੀ ਹੋਣ ਕਰਕੇ ਗੁਰੂ ਸਾਹਿਬ ਵੀ ਇਸ ਬੀਮਾਰੀ ਦੀ ਲਪੇਟ ਵਿੱਚ ਆ ਗਏ। ਚੇਚਕ ਦੀ ਬਿਮਾਰੀ ਦੇ ਹਮਲੇ ਦਾ ਜ਼ੋਰ ਵੱਧ ਗਿਆ ਤੇ ਸਰੀਰ ਬਹੁਤ ਨਿਢਾਲ ਹੋ ਗਿਆ। ਪੰਜਵੇਂ ਦਿਨ ਗੁਰੂ ਸਾਹਿਬ ਜੀ ਨੇ ਕਿਹਾ ਕਿ ਮੇਰੇ ਜਾਣ ਦਾ ਸਮਾਂ ਆ ਗਿਆ ਹੈ। ਇਸ 'ਤੇ ਸੰਗਤਾਂ ਨੇ ਪੁੱਛਿਆ ਕਿ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ? ਗੁਰੂ ਜੀ ਨੇ ਬਹੁਤ ਹੀ ਪਿਆਰ ਭਰੀ ਤੇ ਮੱਧਮ ਅਵਾਜ਼ ਵਿੱਚ ਕਿਹਾ ਕਿ ਸਾਡੇ ਪਿੱਛੋਂ ਗੁਰਗੱਦੀ 'ਤੇ ਬਾਬੇ ਬਕਾਲੇ ਵਾਲੇ ਹੋਣਗੇ। ਮੇਰੇ ਜਾਣ ਉਪਰੰਤ ਉਨ੍ਹਾਂ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਆਉਣਾ। ਉਹੀ ਗੁਰੂ ਨਾਨਕ ਦੀ ਨੌਵੀਂ ਜੋਤ ਹੋਣਗੇ। ਇਹ ਕਹਿਣ ਪਿੱਛੋਂ ਗੁਰਦੇਵ ਪਿਤਾ ਜੀ ਜੋਤੀ ਜੋਤ ਸਮਾ ਗਏ।

ਗੁਰੂ ਹਰਿ ਕਿਸ਼ਨ ਸਾਹਿਬ ਜੀ ਦਾ ਸਸਕਾਰ ਭੋਗਲ ਪਿੰਡ ਵਿੱਚ ਜਮਨਾ ਦਰਿਆ ਦੇ ਕੰਢੇ 'ਤੇ ਕੀਤਾ ਗਿਆ। ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਗੁਰੂ ਗ੍ਰੰਥ ਦਾ ਸਰੂਪ ਲਿਆ ਕੇ ਭੋਗ ਪਾਇਆ ਗਿਆ। ਭਾਈ ਗੁਰਦਾਸ ਦੇ ਪੁੱਤਰ ਭਾਈ ਬਹਿਲੋ, ਦੀਵਾਨ ਦਰਗਹ ਮੱਲ, ਮੁਨਸ਼ੀ ਕਲਿਆਣ ਦਾਸ ਅਤੇ ਭਾਈ ਮਨੀ ਰਾਮ ਨੇ ਸਾਰਾ ਪਾਠ ਕੀਤਾ। 11 ਅਗਸਤ 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਦੀ ਸੌਂਪਣ ਦੀ ਅਰਦਾਸ ਕੀਤੀ ਗਈ।

ਗੁਰੂ ਹਰਿ ਕਿਸ਼ਨ ਸਾਹਿਬ ਜੀ ਸਰੀਰਕ ਤੌਰ 'ਤੇ ਭੱਟ ਵਹੀਆਂ ਅਨੁਸਾਰ 11 ਸਾਲ 8 ਮਹੀਨੇ ਅਤੇ ਦਸ ਦਿਨ ਰਹੇ। 2 ਸਾਲ 5 ਮਹੀਨੇ 24 ਦਿਨ ਉਨ੍ਹਾਂ ਦਾ ਗੁਰਗੱਦੀ ਦਾ ਸਮਾਂ ਬਣਦਾ ਹੈ।

ਉਪਰਿ ਚੜ੍ਹਿਆ ਸਾਲ, ਸੰਮਤ ਸਤਾਰਾਂ ਸੈ ਇੱਕੀ।
ਚੇਤ ਸੁਦੀ ਚਉਦਸਿ ਭਈ ਬਿਧਾਤਾ ਦੀ ਲਿਖੀ।
ਤਿਆਗਿ ਦੇਹ ਸੁਰਪਰਿ ਨੂੰ ਗਏ।
ਅੱਠ ਸਾਲ ਜਗ ਮੋ ਰਹਿਤੋ ਭਏ।

ਦੇਖਿਆ ਜਾਏ ਤਾਂ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ 1469 ਈਸਵੀ ਨੂੰ ਹੁੰਦਾ ਹੈ ਤੇ ਗੁਰੂ ਹਰਿ ਕਿਸ਼ਨ ਸਾਹਿਬ ਜੀ 1664 ਨੂੰ ਜੋਤੀ ਜੋਤ ਸਮਾਉਂਦੇ ਹਨ। ਇਹ ਸਮਾਂ ਲਗ-ਪਗ ਦੋ ਸੌ ਸਾਲ ਦਾ ਬਣਦਾ ਹੈ। ਇਸ ਸਮੇਂ ਤੱਕ ਸਿੱਖੀ ਇੱਕ ਜੱਥੇਬੰਦਕ ਦੇ ਰੂਪ ਵਿੱਚ ਉਗੜ ਕੇ ਸਾਹਮਣੇ ਆਉਂਦੀ ਹੈ। ਉਸ ਵੇਲੇ ਸਿੱਖੀ ਗਜ਼ਨੀ ਤੇ ਕਾਬਲ ਤੋਂ ਲੈ ਕੇ ਅਸਾਮ ਤੱਕ ਪੂਰਬ ਵਿੱਚ ਜਗਨ ਨਾਥ ਪੁਰੀ ਤੱਕ ਦੱਖਣ ਵਿੱਚ ਅਤੇ ਬੁਹਾਰਨਪੁਰ, ਬਿਦਰ ਤੇ ਪੱਛਮ ਤਕ ਸਿੱਖੀ ਫੈਲੀ ਹੋਈ ਸੀ। ਪਿੱਛਲੇ ਡੇਢ ਸੌ ਸਾਲ ਤੋਂ ਵੱਧ ਸਮੇਂ ਵਿੱਚ ਸਿੱਖੀ ਇੱਕ ਵੱਡਾ ਭਾਈਚਾਰਾ ਬਣ ਚੁੱਕਿਆ ਸੀ। ਗੁਰੂ ਹਰਿ ਕਿਸ਼ਨ ਸਾਹਿਬ ਜੀ ਦੀ ਜਦੋਂ ਔਰੰਗਜ਼ੇਬ ਨਾਲ ਮੁਲਾਕਾਤ ਹੋਈ ਸੀ ਤਾਂ ਉਨ੍ਹਾਂ ਸਿਆਣੇ ਬਜ਼ੁਰਗਾਂ ਵਾਂਗ ਗੱਲ ਕੀਤੀ ਸੀ।

ਗੁਰੂ ਹਰਿ ਕਿਸ਼ਨ ਸਾਹਿਬ ਜੀ ਨੇ ਦ੍ਰਿੜ੍ਹਤਾ ਦਾ ਸਬੂਤ ਦਿੰਦਿਆਂ ਔਰੰਗਜ਼ੇਬ ਨਾਲ ਅੱਖ ਵਿੱਚ ਅੱਖ ਪਾ ਕੇ ਹਰੇਕ ਸਵਾਲ ਦਾ ਜੁਆਬ ਦਿੱਤਾ ਤੇ ਕਰਾਮਾਤ ਸਬੰਧੀ ਕਿਹਾ ਕਿ **ਰੱਬੀ ਰਜ਼ਾ ਵਿੱਚ ਚਲਣਾ ਹੀ ਕਰਾਮਾਤ ਹੈ।** ਗੁਰੂ ਸਾਹਿਬ ਜੀ ਨੇ ਦ੍ਰਿੜ੍ਹਤਾ ਨਾਲ ਗੁਰਿਆਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪੀ ਸੀ। ਰਾਣੀ ਪੁਸ਼ਪਾ ਵਤੀ ਨੇ ਪਰਖ ਕਰਨੀ ਚਾਹੀ ਤਾਂ ਗੁਰੂ ਸਾਹਿਬ ਜੀ ਦੀ ਪਾਰਖੂ ਅੱਖ ਨੇ ਰਾਣੀ ਨੂੰ ਸਮਝਾ ਦਿੱਤਾ ਕਿ ਪਹਿਰਾਵਾ ਬਦਲਣ ਨਾਲ ਰਾਣੀ ਗੋਲੀ ਨਹੀਂ ਬਣ ਸਕਦੀ।

ਕੁਝ ਸਾਖੀਆਂ ਜਿਹੜੀਆਂ ਪੜਚੋਲ ਮੰਗਦੀਆਂ ਪਹਿਲੀ ਸਾਖੀ ਜਦੋਂ ਲਾਲ ਚੰਦ ਨੂੰ ਵਹਿਮ ਹੋ ਗਿਆ ਕਿ ਗੁਰੂ ਸਾਹਿਬ **ਬਾਕੀ ਸਫਾ 17 'ਤੇ**

ਸਵਾਲ-ਜਵਾਬ

ਪ੍ਰਸ਼ਨ 58.ਗੁਰੂ ਤੇਗ ਬਹਾਦੁਰ ਜੀ ਸਮੇਂ ਕਿਸ ਬਾਦਸ਼ਾਹ ਦਾ ਰਾਜ ਸੀ।

ਉੱਤਰ :-ਔਰੰਗਜੇਬ।

ਪ੍ਰਸ਼ਨ 59.ਔਰੰਗਜੇਬ ਭਾਰਤ ਦੀ ਰਾਜਗੱਦੀ 'ਤੇ ਕਦੋਂ ਬੈਠਾ ਸੀ?

ਉੱਤਰ :-1658 ਈ: ਵਿੱਚ।

ਪ੍ਰਸ਼ਨ 60. ਔਰੰਗਜੇਬ ਕਿਸ ਦਾ ਪੁੱਤਰ ਸੀ?

ਉੱਤਰ :- ਬਾਦਸ਼ਾਹ ਸ਼ਾਹਜਹਾਨ ਦਾ, ਜਹਾਂਗੀਰ ਦਾ ਪੋਤਰਾ, ਅਕਬਰ ਦਾ ਪੜਪੋਤਰਾ।

ਪ੍ਰਸ਼ਨ 61. ਔਰੰਗਜੇਬ ਦੀ ਮੌਤ ਕਦੋਂ ਹੋਈ?

ਉੱਤਰ- ਫਰਵਰੀ 1707 ਈ: ਵਿੱਚ।

ਪ੍ਰਸ਼ਨ 62.ਅਸਾਮ ਵਿੱਚ ਔਰੰਗਜੇਬ ਦੇ ਖਿਲਾਫ ਕੌਣ ਬਗਾਵਤ ਕਰ ਰਿਹਾ ਸੀ?

ਉੱਤਰ :- ਅਹੋਮ ਕਬੀਲੇ ਦੇ ਲੋਕ।

ਪ੍ਰਸ਼ਨ 63.ਰਾਜਾ ਚੱਕਰਧਵਜ ਕਿਥੋਂ ਦਾ ਰਾਜਾ ਤੇ ਕਿਸ ਕਬੀਲੇ ਦਾ ਸਰਦਾਰ ਸੀ?

ਉੱਤਰ :- ਅਸਾਮ ਦਾ ਰਹਿਣ ਵਾਲਾ ਅਤੇ ਅਹੋਮੀ ਕਬੀਲੇ ਦਾ ਸਰਦਾਰ ਸੀ।

ਪ੍ਰਸ਼ਨ 64.ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਨੂੰ ਅਸਾਮ ਕਿਉਂ ਭੇਜਿਆ?

ਉੱਤਰ :- ਅਹੋਮੀਆਂ ਦੀ ਬਗਾਵਤ ਨੂੰ ਦਬਾਉਣ ਵਾਸਤੇ

ਪ੍ਰਸ਼ਨ 65.ਗੁਰੂ ਤੇਗ ਬਹਾਦੁਰ ਸਾਹਿਬ ਜੀ ਅਸਾਮ ਵਿੱਚ ਕਿਸ ਰਾਜੇ ਨੂੰ ਮਿਲੇ ਸਨ?

ਉੱਤਰ :- ਰਾਜਾ ਚੱਕਰਧਵੱਜ।

ਪ੍ਰਸ਼ਨ 66. ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਸਾਮ ਦੇ ਰਾਜਾ ਚਕਰਧਵਜ ਅਤੇ ਔਰੰਗਜ਼ੇਬ ਦੀਆਂ ਫੌਜਾਂ ਦਾ ਟਕਰਾਅ ਕਿਥੇ ਰੋਕਿਆ?

ਉੱਤਰ :- ਧੁਬੜੀ (ਅਸਾਮ) ਵਿਖੇ।

ਪ੍ਰਸ਼ਨ 67. ਲੰਬੇ ਸਮੇਂ ਤੋਂ ਖੂਨ ਡੋਲ ਰਹੇ ਦੋਹਾਂ ਧਿਰਾਂ ਦੇ ਜਰਨੈਲਾਂ ਤੇ ਫੌਜੀਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਨਮਾਨ ਕਿਵਾਂ ਕੀਤਾ?

ਉੱਤਰ :- ਢਾਲਾਂ ਨਾਲ ਮਿਟੀ ਦਾ ਉੱਚਾ ਥੱੜਾ ਬਣਾ ਕੇ ਗੁਰੂ ਜੀ ਨੂੰ ਉਸ ਉਪਰ ਬਿਠਾਇਆ ਤੇ ਉਪਦੇਸ਼ ਸੁਣੇ।

ਪ੍ਰਸ਼ਨ 68. ਕੀ ਓਥੇ ਹੁਣ ਕੋਈ ਨਿਸ਼ਾਨੀ ਹੈ?

ਉੱਤਰ :- ਗੁਰਦੁਆਰਾ ਧੁਬੜੀ ਸਾਹਿਬ ਹੈ।

ਪ੍ਰਸ਼ਨ 69. ਢਾਕਾ (ਬੰਗਲਾਦੇਸ਼) ਵਿਖੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਤੋਂ ਪਹਿਲਾਂ ਕਿਹੜੇ ਗੁਰੂ ਸਾਹਿਬ ਪਹੁੰਚੇ ਸਨ?

ਉੱਤਰ :-ਗੁਰੂ ਨਾਨਕ ਸਾਹਿਬ ਜੀ।

ਪ੍ਰਸ਼ਨ 70. ਕਿਹੜਾ ਪ੍ਰਚਾਰਕ ਉਸ ਵੇਲੇ ਢਾਕੇ ਵਿੱਚ ਸਿਖੀ ਪ੍ਰਚਾਰ ਦੀ ਜਿੰਮੇਵਾਰੀ ਨਿਭਾਅ ਰਿਹਾ ਸੀ?

ਉੱਤਰ :- ਮਸੰਦ ਬਲਾਕੀ ਦਾਸ ਸੀ।

ਪ੍ਰਸ਼ਨ 71. ਸਾਹਿਬਜ਼ਾਦਾ ਗੋਬਿੰਦ ਰਾਏ ਦੇ ਪ੍ਰਕਾਸ਼ ਦੀ ਖਬਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿਥੇ ਮਿਲੀ ਸੀ?

ਉੱਤਰ :- ਢਾਕੇ ਵਿਖੇ ਪ੍ਰਚਾਰ ਕਰਦਿਆਂ।

ਪ੍ਰਸ਼ਨ 72. ਗੁਰੂ ਤੇਗ ਬਹਾਦੁਰ ਜੀ ਦੇ ਘਰ ਗੋਬਿੰਦ ਰਾਇ ਜੀ ਦਾ ਜਨਮ ਕਦੋਂ ਹੋਇਆ?

ਉੱਤਰ :- 22 ਦਸੰਬਰ 1666 ਈ:।

ਪ੍ਰਸ਼ਨ 73. ਨੌਵੇਂ ਸਤਿਗੁਰੂ ਜੀ ਨੇ ਤੁਰੰਤ ਪਟਨੇ ਕੀ ਸੂਚਨਾ ਭੇਜੀ।

ਉੱਤਰ:- ਸਾਹਿਬਜ਼ਾਦਾ ਗੋਬਿੰਦ ਰਾਏ ਅਤੇ ਪਰਿਵਾਰ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਣ ਲਈ ਕਿਹਾ ਸੀ।

ਪ੍ਰਸ਼ਨ 74. ਗੁਰੂ ਤੇਗ ਬਹਾਦਰ ਜੀ ਦੀ ਦੂਜੀ ਗ੍ਰਿਫਤਾਰੀ ਕਿਥੋਂ ਹੋਈ?

ਉੱਤਰ :-ਆਗਰਾ ਤੋਂ।

ਪ੍ਰਸ਼ਨ 75. ਗੁਰੂ ਤੇਗ ਬਹਾਦਰ ਜੀ ਦੀ ਦੂਜੀ ਗ੍ਰਿਫਤਾਰੀ ਕਦੋਂ ਹੋਈ?

ਉੱਤਰ :-ਅਪ੍ਰੈਲ 1670 ਈ: ਵਿੱਚ।

ਪ੍ਰਸ਼ਨ 76. ਕੀ ਗੁਰੂ ਤੇਗ ਬਹਾਦਰ ਜੀ ਦੂਜੀ ਗ੍ਰਿਫਤਾਰੀ ਵੇਲੇ ਪਰਿਵਾਰ ਨਾਲ ਸੀ?

ਉੱਤਰ :- ਨਹੀਂ, ਸਤਿਗੁਰੂ ਜੀ ਢਾਕੇ ਤੋਂ ਪਟਨਾ ਅਤੇ ਪਟਨੇ ਤੋਂ ਪਰਿਵਾਰ ਨੂੰ ਨਾਲ ਲੈ ਕੇ ਪੰਜਾਬ ਛੱਡ ਗਏ ਸਨ।

ਪ੍ਰਸ਼ਨ 77. ਕੀ ਗੁਰੂ ਤੇਗ ਬਹਾਦਰ ਜੀ ਫਿਰ ਪੰਜਾਬ ਹੀ ਰਹੇ?

ਉੱਤਰ :- ਨਹੀਂ, ਸਤਿਗੁਰੂ ਜੀ ਪਰਿਵਾਰ ਨੂੰ ਪੰਜਾਬ ਛੱਡ ਕੇ ਫਿਰ ਪ੍ਰਚਾਰ ਤੇ ਚਲੇ ਗਏ ਸਨ।

ਪ੍ਰਸ਼ਨ 78.ਗੁਰੂ ਤੇਗ ਬਹਾਦਰ ਜੀ ਦੀ ਦੂਜੀ ਗ੍ਰਿਫਤਾਰੀ ਤੋਂ ਬਾਅਦ ਉਹਨਾਂ ਦੀ ਰਿਹਾਈ ਕਿਸਨੇ ਕਰਵਾਈ?

ਉੱਤਰ :- ਸੈਫਖਾਨ ਨੇ।

ਪ੍ਰਸ਼ਨ 79.ਦੂਜੀ ਗ੍ਰਿਫਤਾਰੀ ਸਮੇਂ ਗੁਰੂ ਤੇਗ ਬਹਾਦਰ ਜੀ ਕਿੰਨਾ ਸਮਾਂ ਨਜਰਬੰਦ ਰਹੇ?

ਉੱਤਰ :- 3 ਮਹੀਨੇ 13 ਦਿਨ।

ਪ੍ਰਸ਼ਨ 80. ਸੈਫਖਾਨ ਕੌਣ ਸੀ?

ਉੱਤਰ :- ਸੈਫਖਾਨ ਔਰੰਗਜੇਬ ਦੀ ਫੌਜ ਵਿੱਚ ਜਰਨੈਲ ਸੀ ਅਤੇ ਚੰਗੇ ਰਸੂਖ ਵਾਲਾ ਸੀ।

ਪ੍ਰਸ਼ਨ 81. ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਸੈਫਖਾਨ ਨੇ ਕਿਹੜਾ ਨਗਰ ਵਸਾਇਆ?

ਉੱਤਰ- ਬਹਾਦਰ ਗੜ੍ਹ (ਜਿਲ੍ਹਾ ਪਟਿਅਲਾ)।

ਪ੍ਰਸ਼ਨ 82.ਦੂਜੀ ਵਾਰ ਰਿਹਾਈ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਫਿਰ ਟਿਕਾਣਾ ਕਿਥੇ ਕੀਤਾ?

ਉਤਰ :- ਸਤਿਗੁਰੂ ਜੀ ਬਹੁਤਾ ਸਮਾਂ ਫਿਰ ਪੰਜਾਬ ਦੀਆਂ ਪ੍ਰਚਾਰ ਫੇਰੀਆਂ ਅਤੇ ਖਾਸ ਕਰਕੇ ਮਾਲਵੇ ਦੇ ਦੌਰੇ ਕੀਤੇ।



ਪਾਂਚ ਤਤ ਕੋ ਤਨੁ ਰਚਿਓ...

ਸਲੋਕ ੧੧
ਬੰਦਿਆ ਆਪਣੀ ਹੋਂਦ ਨੂੰ ਸਮਝ

ਭੂਮਿਕਾ— ਬਨਸਪਤੀ, ਪਸ਼ੂ-ਪੰਛੀ ਤੇ ਮਨੁੱਖ ਸਾਰੇ ਗ੍ਰਹਿਸਤ ਦੀ ਪ੍ਰਕਿਰਿਆ ਦੁਆਰਾ ਸੰਸਾਰ ਵਿੱਚ ਜਨਮ ਲੈਂਦੇ ਹਨ। ਇਨ੍ਹਾਂ ਤਿੰਨਾਂ ਸ਼ਰੇਣੀਆਂ ਵਿੱਚ, ਮਾਦਾ ਤੇ ਪੁਰਸ਼ ਵਾਲੀ ਪ੍ਰਕਿਰਿਆ ਹੁੰਦੀ ਹੈ। ਅਗਾਂਹ ਵਿਗਿਆਨੀਆਂ ਨੇ ਖੋਜ ਕਰਕੇ ਕੁਦਰਤ ਦੀਆਂ ਬਰੀਕੀਆਂ ਨੂੰ ਲੱਭਿਆ ਹੈ। ਮਿਸਾਲ ਦੇ ਤੌਰ 'ਤੇ ਮਾਂ ਨੇ ਜ਼ਮੀਨ ਦੇਣੀ ਹੁੰਦੀ ਹੈ ਜਦ ਕਿ ਬਾਪ ਵਲੋਂ ਬੀਜ ਪਾਉਣਾ ਹੁੰਦਾ ਹੈ। ਹੁਣ ਬਾਪ ਵਲੋਂ ਹੀ ਨਿਰਧਾਰਤ ਹੁੰਦਾ ਹੈ ਲੜਕੀ ਜਾਂ ਲੜਕੇ ਨੇ ਜਨਮ ਲੈਣਾ ਹੈ। ਇਹ ਸਾਰਾ ਵਿਗਿਆਨ ਨੇ ਖੋਜਿਆ ਹੈ। ਇਹ ਸਾਰੀ ਕੁਦਰਤ ਦੀ ਪ੍ਰਕਿਰਿਆ ਹੈ। ਇਹ ਵੀ ਦੱਸਿਆ ਹੈ ਕਿ ਮਨੁੱਖ ਮੋਟੇ ਤੌਰ 'ਤੇ ਪੰਜਾਂ ਤੱਤਾਂ ਤੋਂ ਹੋਂਦ ਵਿੱਚ ਆਇਆ ਹੈ। ਜਦੋਂ ਮਰ ਜਾਂਦਾ ਹੈ ਤਾਂ ਪੰਜਾਂ ਤੱਤਾਂ ਵਿੱਚ ਹੀ ਮਿਲ ਜਾਂਦਾ ਹੈ। ਮਨੁੱਖੀ ਸਰੀਰ ਦੀ ਬਣਤਰ ਹੀ ਇਸ ਤਰ੍ਹਾਂ ਦੀ ਬਣੀ ਹੋਈ ਹੈ। ਅਗਾਂਹ ਵਿਗਿਆਨ ਨੇ ਹੋਰ ਨਵੀਆਂ ਖੋਜਾਂ ਕੀਤੀਆਂ ਹਨ। ਕਈ ਵਾਰੀ ਕੁਦਰਤ ਦੀ ਪ੍ਰਕਿਰਿਆ ਨੂੰ ਨਾ ਸਮਝਣ ਕਰਕੇ ਮਨੁੱਖ ਬਾਬਿਆਂ ਦੇ ਚੱਕਰ ਵਿੱਚ ਫਸ ਕੇ ਰਹਿ ਜਾਂਦਾ ਹੈ। ਕਈ ਮਾਦਾ ਤੇ ਪੁਰਸ਼ ਵਿੱਚ ਸਰੀਰਕ ਕਮਜ਼ੋਰੀਆਂ ਕਰਕੇ ਬੱਚਾ ਨਹੀਂ ਵੀ ਪੈਦਾ ਹੁੰਦਾ। ਪਰ ਵਿਗਿਆਨ ਨੇ ਨਵੀਂ ਤਕਨੀਕ ਦੁਆਰਾ ਵੀ ਇਨ੍ਹਾਂ ਬੀਮਾਰੀਆਂ ਦੇ ਵੀ ਹੱਲ ਲੱਭਣ ਦੇ ਯਤਨ ਕੀਤੇ ਹਨ।



ਪ੍ਰੋ. ਗੁਰਬਚਨ ਸਿੰਘ ਪੰਨਵਾਂ
99155-29725

ਸਲੋਕ—

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥੧੧॥

ਪਦ ਅਰਥ— ਪਾਂਚ ਤਤ-ਮਿੱਟੀ, ਹਵਾ, ਪਾਣੀ, ਅੱਗ ਤੇ ਅਕਾਸ਼। ਕੋ-ਦਾ। ਚਤੁਰ-ਹੇ ਚਤੁਰ ਮਨੁੱਖ। ਸੁਜਾਨ-ਹੇ ਸਿਆਣੇ ਮਨੁੱਖ। ਜਿਹ ਤੇ-ਜਿਨ੍ਹਾਂ ਤੱਤਾਂ ਤੋਂ। ਤੇ-ਤੋਂ। ਤਾਜਿ ਮਾਹਿ-ਉਨ੍ਹਾਂ ਹੀ ਤੱਤਾਂ ਵਿੱਚ ।ਮਾਨਿ-ਮੰਨ ਲੈ, ਯਕੀਨ ਕਰ ਲੈ।

ਅੱਖਰੀ ਅਰਥ— ਹੇ ਚਤੁਰ ਮਨੁੱਖ! ਹੇ ਸਿਆਣੇ ਮਨੁੱਖ, ਤੂੰ ਜਾਣਦਾ ਹੈਂ ਕਿ ਤੇਰਾ ਇਹ ਸਰੀਰ ਪ੍ਰਮਾਤਮਾ ਨੇ ਪੰਜਾਂ ਤੱਤਾਂ ਤੋਂ ਬਣਾਇਆ ਹੈ।

ਹੇ ਨਾਨਕ! ਇਹ ਭੀ ਯਕੀਨ ਜਾਣ ਕਿ ਜਿੰਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ ਮੁੜ ਉਨ੍ਹਾਂ ਵਿੱਚ ਹੀ ਲੀਨ ਹੋ ਜਾਏਗਾ। ਫਿਰ ਇਸ ਝੂਠੇ ਮੋਹ ਵਿੱਚ ਫਸ ਕੇ ਪ੍ਰਮਾਤਮਾ ਦਾ ਸਿਮਰਨ ਕਿਉਂ ਭੁਲਾ ਰਿਹਾ ਹੈਂ।

ਵਿਚਾਰ ਚਰਚਾ ਤੇ ਵਿਹਾਰਕ ਪੱਖ—

ਮਨੁੱਖ ਦਾ ਜੀਵਨ ਕੋਈ ਲੰਬੇਰਾ ਨਹੀਂ ਹੈ, ਫਿਰ ਵੀ ਹੰਕਾਰ ਬਹੁਤ ਕਰਦਾ ਹੈ- ਚੂਹੇ ਦੀ ਉਦਾਹਰਣ ਰਾਂਹੀ ਇਸ ਨੂੰ ਸਮਝਾਉਣ ਦਾ ਯਤਨ ਕੀਤਾ ਹੈ—

ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ॥
ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥

(੧੩੮੮)

ਚੂਹਾ ਖੁੱਡ ਵਿੱਚ ਬੈਠਾ ਬਹੁਤ ਹੰਕਾਰ ਕਰਦਾ ਹੈ, ਪਰ ਉਸ ਨੂੰ ਇਹ ਨਹੀਂ ਪਤਾ, ਬਾਹਰ ਬਿੱਲਾ ਬੈਠਾ ਇਸ ਦੇ ਸ਼ਿਕਾਰ ਲਈ ਬਹੁਤ ਉਤਾਵਲਾ ਹੈ। ਪਰ ਵਿਕਾਰਾਂ ਦੀ ਮਾਂ ਰੂਪੀ ਮਾਇਆ ਦੇ ਪੰਘੂੜੇ ਵਿੱਚ ਬੈਠ ਕੇ ਝੂਟੇ ਲੈ ਰਿਹਾ ਹੈ, ਤੇ ਉਲੂ ਵਾਙੂੰ ਭਟਕ ਰਿਹਾ ਹੈ। ਇਹ ਆਪਣੀ ਹੋਂਦ ਨੂੰ ਭੁੱਲ ਬੈਠਾ ਹੈ, ਕਿ ਮੈਂ ਇਕ ਦਿਨ ਸੰਸਾਰ ਨੂੰ ਛੱਡ ਕੇ ਜਾਣਾ ਹੈ।

ਇਸ ਸਲੋਕ ਦੇ ਅੱਖਰੀਂ ਅਰਥ ਸਮਝੀਏ। ਮਿੱਟੀ, ਹਵਾ, ਪਾਣੀ, ਅੱਗ ਤੇ ਅਕਾਸ਼ ਤੋਂ ਸੰਸਾਰ ਦੀ ਬਣਤਰ ਬੱਝਦੀ ਹੈ। *"ਪਾਂਚ ਤਤ ਕੋ ਤਨ ਰਚਿਓ"* ਤੇ ਸਾਡਾ ਸਰੀਰ ਵੀ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਇਹ ਸੰਸਾਰ ਦੀ ਕੁਦਰਤੀ ਨਿਯਮਾਵਲ਼ੀ ਤਹਿਤ ਸਾਰਾ ਕੁਝ ਚਲੀ ਜਾ ਰਿਹਾ ਹੈ। *"ਜਾਨਹੁ ਚਤੁਰ ਸੁਜਾਨ"* ਆਪਣੇ ਆਪ ਨੂੰ ਬਹੁਤ ਸਿਆਣਾ ਜਾਨਣ ਵਾਲੇ ਮਨੁੱਖ ਤੂੰ ਆਪਣੀ ਬਣਤਰ ਨੂੰ ਸਮਝ। ਜਿੰਨਾਂ ਤੱਤਾਂ ਤੋਂ ਪੈਦਾ ਹੋਇਆ ਏਂ, ਉਨ੍ਹਾਂ ਵਿੱਚ ਹੀ ਤੂੰ ਮਿਲ ਜਾਣਾ ਹੈ। ਚੰਗਿਆਈਆਂ ਦੇ ਬਰਿਆਈਆਂ ਦੀਆਂ ਵਿਚਾਰਾਂ ਵਾਲੇ ਕਰਮ ਪਿੱਛੇ ਛੱਡ ਜਾਣੇ ਹਨ।

ਪਹਿਲੀ ਵਿਚਾਰ ਕਿ ਪੰਜਾਂ ਤੱਤਾਂ ਤੋਂ ਪੈਦਾ ਹੋਇਆ, ਤੇ ਪੰਜਾਂ ਤੱਤਾਂ ਵਿੱਚ ਹੀ ਮਿਲ ਜਾਣ ਤੋਂ ਸਮਝ ਆਉਂਦੀ ਹੈ ਕਿ ਫ਼ਰਜ਼ੀ ਨਰਕ ਸਵਰਗ ਦਾ ਭਰਮ ਖਤਮ ਹੁੰਦਾ ਹੈ। ਦੂਸਰਾ ਜਮ, ਧਰਮਰਾਜ, ਚੌਰਾਸੀ ਲੱਖ ਦਾ ਗੇੜਾ, ਆਵਾਗਉਣ, ਦੂਜੀਆਂ ਜੂਨਾਂ ਵਿਚ ਜਾਣ ਵਾਲਾ ਚੱਕਰ ਖਤਮ ਹੁੰਦਾ ਹੈ। ਮਿਰਤਕ ਸਰੀਰ ਨੂੰ ਸੰਭਾਲਣ ਦੀ ਹਰੇਕ ਧਰਮ ਦੀ ਆਪਣੀ ਮਰਯਾਦਾ ਹੈ। ਇਹ ਨਹੀਂ ਕਿ ਮਰਨ ਉਪਰੰਤ ਮਨੁੱਖ ਵੱਖ ਵੱਖ ਜੂਨਾਂ ਭੋਗਦਾ ਹੋਇਆ, ਹੁਣ ਮਨੁੱਖ ਬਣ ਗਿਆ ਹੈ। ਜੇ ਮਿਰਤਕ ਸਰੀਰ ਨੂੰ ਅੱਗ ਦੇ ਹਵਾਲੇ ਕੀਤਾ ਜਾਂਦਾ ਹੈ ਤਾਂ ਉਸ ਦੀ ਸਵਾਹ ਬਚਦੀ ਹੈ। ਸਵਾਹ ਫਿਰ ਜ਼ਮੀਨ ਵਿੱਚ ਹੀ ਜਾਂਦੀ ਹੈ। ਜ਼ਮੀਨ ਫਸਲਾਂ, ਫ਼ਲ਼, ਸਬਜ਼ੀਆਂ ਦਿੰਦੀ ਹੈ। *"ਜਿਹ ਤੇ ਉਪਜਿਓ ਨਾਨਕਾ"* ਜਿਸ ਮਿੱਟੀ ਵਿਚੋਂ ਜਨਮ ਹੋਇਆ ਉਸੇ ਵਿੱਚ ਹੀ ਚਲੇ ਗਏ—ਕਬੀਰ ਸਾਹਿਬ ਜੀ ਦਾ ਪਿਆਰਾ ਫਰਮਾਣ ਹੈ ਕਿ—

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥੧੭੮॥ (੧੩੭੪)

ਸਾਡੇ ਸਰੀਰ ਦੀ ਹੋਂਦ, ਤਾਂ ਏਦਾਂ ਦੀ ਹੈ ਜਿਸ ਤਰ੍ਹਾਂ ਮਿੱਟੀ ਦੀਆਂ ਚਾਰ ਪੁੜੀਆਂ ਬੰਨ ਲਓ ਤੇ ਵੇਖਣ ਨੂੰ ਵੱਖੋ ਵੱਖਰੀਆਂ ਜਾਪਦੀਆਂ ਹਨ ਪਰ ਜੇ ਉਨ੍ਹਾਂ ਨੂੰ ਖੋਲ੍ਹ ਕੇ ਮਿੱਟੀ ਵਿੱਚ ਮਿਲਾ ਦਈਏ, ਤਾਂ ਉਹ ਮਿੱਟੀ ਹੀ ਹੋ ਜਾਂਦੀਆਂ ਹਨ। *"ਲੀਨ ਤਾਹਿ ਮੈ ਮਾਨੁ"*

ਬਾਕੀ ਸਫਾ 14 'ਤੇ

ਭਾਰਤ ਦੀ ਅਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਨੀਆਂ

ਸਿੱਖ ਕੌਮ ਆਪਣੀ ਉਤਪਤੀ ਤੋਂ ਹੀ ਸਰਕਾਰੀ ਜਬਰ ਦੇ ਨਾਲ ਜੂਝਦੀ ਰਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਆਮ ਜਨਤਾ ਸਾਰੇ ਪਾਸਿਆਂ ਤੋਂ ਪਿੱਸੀ ਜਾ ਰਹੀ ਸੀ ਧਾਰਮਿਕ ਪੱਖੋਂ ਪੁਜਾਰੀ ਵਰਗਾਂ ਦੇ ਹੱਥੋਂ ਲੁੱਟੇ ਜਾ ਰਹੇ ਸਨ ਅਤੇ ਵਹਿਮਾਂ ਭਰਮਾਂ ਵਿੱਚ ਪੈ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ। ਰਾਜਨੀਤਿਕ ਤੌਰ ਤੇ ਹਿੰਦੂਆਂ ਉਤੇ ਟੈਕਸ ਦੂਹਰੇ ਅਤੇ ਮੁਸਲਮਾਨਾਂ ਉਤੇ ਅੱਧੇ ਲਾ ਕੇ ਗੁਲਾਮੀ ਦਾ ਅਹਿਸਾਸ ਦਿਵਾਇਆ ਜਾਂਦਾ ਸੀ ਅਤੇ ਹਕੂਮਤ ਵੱਲੋਂ ਹਰ ਧੱਕਾ ਕੀਤਾ ਜਾਂਦਾ ਸੀ। ਗੁਰੂ ਸਾਹਿਬ ਜੀ ਦੇ ਆਗਮਨ ਤੋਂ ਬਾਅਦ ਹਿੰਦੂਆਂ ਦੇ ਮੰਦਿਰ ਵੀ ਤੋੜੇ ਗਏ ਸਨ, ਪਰ ਸਿੱਖਾਂ ਦੇ ਧਰਮ ਅਸਥਾਨਾਂ ਨੂੰ ਛੇੜਿਆ ਨਹੀਂ ਗਿਆ ਸੀ। ਹਕੂਮਤ ਵੱਲੋਂ ਧੱਕੇ ਅਤੇ ਟੈਕਸਾਂ ਦੀ ਮਾਰ ਝੱਲ ਰਹੇ ਲੋਕ ਆਰਥਿਕ ਪੱਖੋਂ ਤਾਂ ਬੁਰੀ ਤਰ੍ਹਾਂ ਟੁੱਟੇ ਹੋਏ ਸਨ।



ਕੈਪਟਨ ਅਵਤਾਰ ਸਿੰਘ
97819-90206

ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਧਾਰਮਿਕ ਵਹਿਮਾਂ ਭਰਮਾਂ ਤੋਂ ਬਾਹਰ ਕੱਢਿਆ ਅਤੇ ਗੁਰੂ ਸਾਹਿਬ ਦੀ ਵਿਚਾਰ ਧਾਰਾ ਨਾਲ ਅਨੇਕਾਂ ਲੋਕ ਜੁੜ ਗਏ। ਮਰ ਚੁੱਕੀ ਜਮੀਰ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਨੇ ਹੌਸਲਾਂ ਦਿੱਤਾ ਅਤੇ ਹਕੂਮਤ ਭਾਵ ਹਰ ਜ਼ੁਲਮ ਦੇ ਵਿਰੁੱਧ ਡੱਟ ਕੇ ਖੜੇ ਹੋਣ ਦੇ ਲਾਇਕ ਬਣਾਇਆ। ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜ਼ੁਲਮ ਦੇ ਖਿਲਾਫ਼ ਸ਼ਹੀਦੀਆਂ ਪ੍ਰਾਪਤ ਕੀਤੀਆਂ।



ਬੇੜੀਆਂ ਵਿਚ ਜਕੜੇ ਸਿੱਖ ਅਜਾਦੀ ਘੁਲਾਟੀਏ

ਗੁਰੂ ਗੋਬਿੰਦ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਰੱਖੀ ਨੀਂਹ ਨੂੰ ਪੂਰਨ ਰੂਪ ਦੇ ਕੇ ਖਾਲਸਾ ਪੰਥ ਸਾਜ ਦਿੱਤਾ, ਜਿਸ ਨੇ ਜ਼ੁਲਮ ਦੇ ਖਿਲਾਫ਼ ਵੱਡੀਆਂ ਜੰਗਾਂ ਲੜੀਆਂ, ਕੁਰਬਾਨੀਆਂ ਦਿੱਤੀਆਂ। ਇਸੇ ਹੀ ਬਹਾਦਰੀ ਭਰੇ ਇਤਿਹਾਸ ਨੂੰ ਜਿਉਂਦਾ ਰੱਖਣ ਲਈ ਅੰਗਰੇਜਾਂ ਤੋਂ ਭਾਰਤ ਅਜ਼ਾਦ ਕਰਾਉਣ ਵਾਸਤੇ ਵੱਡੀ ਗਿਣਤੀ ਵਿੱਚ ਕੁਰਬਾਨੀਆਂ ਦਿੱਤੀਆਂ।

ਸਿੱਖਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਜਨਮ ਤੋਂ, ਵਿਰਸੇ ਵਿਚ ਹੀ ਮਿਲਿਆ ਹੈ। ਇਹੋ ਕਾਰਨ ਹੈ ਕਿ ਦੇਸ਼ ਦੀ ਸੁਤੰਤਰਤਾ ਦਾ ਕੋਈ ਅਜਿਹਾ ਅੰਦੋਲਨ ਨਹੀਂ ਜਿਸ ਵਿਚ ਇਨ੍ਹਾਂ ਨੇ ਅੱਗੇ ਹੋ ਕੇ ਕੁਰਬਾਨੀ ਨਾ ਦਿੱਤੀ ਹੋਵੇ। 'ਗਲੈਸਗੋ ਹੈਰਾਲਡ' ਕਲਕੱਤਾ ਮਿਤੀ 3-11-1825 ਅਨੁਸਾਰ, '1824 ਈਸਵੀ ਦੇ ਬਰਮਾ ਯੁੱਧ ਵਿਚ ਸਿੱਖ ਸੈਨਿਕਾਂ ਦੀ ਕੰਪਨੀ 47 ਨੇਟਿਵ ਇਨਫੈਂਟਰੀ ਵਿਚ ਵਿਦਰੋਹ ਭੜਕਾਉਣ ਦੇ ਦੋਸ਼ ਲਾ ਕੇ ਰਿਸਾਲਦਾਰ ਸੁਰ ਸਿੰਘ, ਜਾਤਾ ਸਿੰਘ, ਬਲਾਕਾ ਸਿੰਘ ਤੇ ਇਕ ਬੰਗਾਲੀ ਮਿ. ਦਾਸ ਨੂੰ ਫਾਂਸੀ ਚੜ੍ਹਾਇਆ ਗਿਆ। ਇਸ ਵਿਦਰੋਹ ਵਿਚ 880 ਫੌਜੀ ਮਾਰੇ ਗਏ ਜਾਂ ਫਾਂਸੀ ਚੜ੍ਹਾਏ ਗਏ।'

ਜੁਲਾਈ 1824 ਵਿਚ ਰੁੜਕੀ ਦੇ ਨੇੜੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਵਿਚ ਗੋਰਾ ਤੇ ਗੋਰਖਾ ਫੌਜਾਂ ਨਾਲ ਲੜਦੇ ਹੋਏ 200 ਦੇਸ਼ ਭਗਤ ਸ਼ਹੀਦ ਹੋਏ ਜਿਨ੍ਹਾਂ ਵਿਚ 88 ਸਿੱਖ ਸਨ।

14 ਅਕਤੂਬਰ, 1825 ਨੂੰ ਗਾਰਨੇਡੀਅਰ ਕੰਪਨੀ ਜਿਸ ਨੇ ਅਸਾਮੀ ਭਰਾਵਾਂ ਦੀ ਅਜ਼ਾਦੀ ਨੂੰ ਖ਼ਤਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਿਦਰੋਹ ਵਿਚ 400 ਦੇ ਕਰੀਬ ਸਿੱਖ ਸ਼ਹੀਦ ਹੋਏ।

1849 ਵਿਚ ਸਿੱਖਾਂ ਨੇ ਅੰਗਰੇਜ਼ਾਂ ਨਾਲ ਭਾਰਤ ਦੀ ਅਜ਼ਾਦੀ ਦੀ ਆਖ਼ਰੀ ਜੰਗ ਲੜੀ। ਇਸ ਪਿੱਛੋਂ ਸਿੱਖਾਂ ਦੀ ਹਾਰ ਕਾਰਨ ਸੰਪੂਰਨ ਭਾਰਤ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਗਿਆ।

1869 ਵਿਚ ਬਾਬਾ ਰਾਮ ਸਿੰਘ ਨੇ ਸ਼ਾਂਤਮਈ ਅੰਦੋਲਨ ਸ਼ੁਰੂ ਕੀਤਾ ਸੀ। 1871 ਵਿਚ ਗਊ-ਹੱਤਿਆ ਅੰਦੋਲਨ ਵਿਚ ਥਾਉਂ-ਥਾਈਂ ਬੁੱਚੜਾਂ ਨੂੰ ਵੱਢ ਦਿੱਤਾ ਗਿਆ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਪ੍ਰਵੇਸ਼ ਦੁਆਰ ਦੇ ਨਾਲ ਕਰਕੇ ਇਕ ਬੁੱਚੜਖਾਨਾ ਖੋਲ੍ਹਿਆ ਗਿਆ ਸੀ ਜਿਸ ਨਾਲ ਸ੍ਰੀ ਦਰਬਾਰ ਸਾਹਿਬ ਤੇ ਅੰਮ੍ਰਿਤ- ਸਰੋਵਰ ਦੀ ਪਵਿੱਤਰਤਾ ਭੰਗ ਹੁੰਦੀ ਸੀ। ਰਾਤੋ-ਰਾਤ ਕਸਾਈਆਂ ਨੂੰ ਕੱਟ-ਵੱਢ ਸੁੱਟਿਆ ਤੇ ਬੁੱਚੜਖਾਨਾ ਢਾਹ ਕੇ ਥਾਂ ਪੱਧਰਾ ਕੀਤਾ ਗਿਆ।

ਮਿਲਟਰੀ ਵਿਚ ਸਿੱਖ-ਸੈਨਿਕਾਂ ਨੇ ਸਾਮਰਾਜੀਆਂ ਵਿਰੁੱਧ ਬਗ਼ਾਵਤ ਫੈਲਾਉਣ ਦਾ ਯਤਨ ਕੀਤਾ ਤੇ 1872 ਈਸਵੀ ਵਿਚ ਸਿੱਖਾਂ ਨੇ ਅਸਲਾਖ਼ਾਨੇ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਇਸ ਯਤਨ ਵਿਚ ਕੋਤਵਾਲ ਤੇ 7 ਫੌਜੀ ਮਾਰੇ ਗਏ ਪਰ ਲੁਧਿਆਣੇ ਦੇ ਡੀ.ਸੀ. ਨੇ ਫੌਜੀ ਸਹਾਇਤਾ ਤੇ ਰਿਆਸਤਾਂ ਦੀ ਸਹਾਇਤਾ ਨਾਲ ਇਸ ਦਲ ਨੂੰ ਗ੍ਰਿਫ਼ਤਾਰ ਕਰ ਲਿਆ।


1907 ਈਸਵੀ ਵਿਚ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਨੇ 'ਪਗੜੀ ਸੰਭਾਲ ਜੱਟਾ' ਦਾ ਨਾਹਰਾ ਲਗਾ ਕੇ ਅੰਗਰੇਜ਼ ਸਰਕਾਰ ਨੂੰ ਇਕ ਖੁੱਲ੍ਹਾ ਚੈਲੰਜ ਦਿੱਤਾ। ਇਸ ਸਾਲ ਹੀ ਕੈਨੇਡਾ ਵਿਚ 'ਬੱਬਰ ਅਕਾਲੀ ਲਹਿਰ' ਤੇ ਕੈਲੇਫੋਰਨੀਆ ਵਿਚ 'ਗਦਰ ਪਾਰਟੀ' ਸੰਗਠਨ ਸ਼ੁਰੂ ਕੀਤੇ ਗਏ।

1913 ਈਸਵੀ ਵਿਚ ਬਾਬਾ ਸੋਹਣ ਸਿੰਘ ਜੀ ਭਕਨਾ ਨੇ 'ਗਦਰ ਪਾਰਟੀ' ਦੀ ਨੀਂਹ ਰੱਖੀ।

1914 ਈ. ਵਿਚ ਬਾਬਾ ਗੁਰਦਿੱਤ ਸਿੰਘ ਜੀ ਨੇ 376 ਯਾਤਰੂਆਂ (ਜਿਨ੍ਹਾਂ ਵਿਚ 355 ਸਿੱਖ ਸਨ) ਕਾਮਾਗਾਟਾਮਾਰੂ ਜਹਾਜ਼ ਵਿਚ ਪ੍ਰਦੇਸ਼ ਵਿਚ ਵੱਸਦੇ ਦੇਸ਼-ਭਗਤ ਭਾਰਤੀਆਂ ਨੂੰ ਲੈ ਕੇ ਭਾਰਤ ਆਏ ਤਾਂ ਸਾਮਰਾਜ ਨੇ 29 ਦਸੰਬਰ, 1914 ਨੂੰ ਪੰਜਾਹ ਸਿੱਖ ਸ਼ਹੀਦ ਕਰ ਦਿੱਤੇ ਤੇ ਬਾਕੀ ਬੰਦੀ ਬਣਾ

ਲਏ। ਇਸ ਦੀ ਖ਼ਬਰ ਜਦ ਬਦੇਸ਼ਾਂ ਵਿਚ ਪੁੱਜੀ ਤਾਂ ਰੋਸ ਭੜਕ ਪਿਆ ਤੇ ਮਨੀਲਾ, ਸ਼ਿੰਘਾਈ, ਜਪਾਨ, ਅਮਰੀਕਾ ਆਦਿ ਵਿਚ ਵੱਸਦੇ 170 ਸਿੱਖਾਂ ਦਾ ਜਥਾ 24 ਅਕਤੂਬਰ, 1914 ਨੂੰ ਭਾਰਤ ਪੁੱਜਾ ਤਾਂ ਸਭ ਨੂੰ ਗ੍ਰਿਫ਼ਤਾਰ ਕਰ ਕੇ ਮਿੰਟਗੁਮਰੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

1915 ਈ. ਵਿਚ ਸ. ਕਰਤਾਰ ਸਿੰਘ ਸਰਾਭਾ ਨੇ ਭਾਰਤੀ ਫੌਜੀਆਂ ਨੂੰ ਦੇਸ਼ ਦੀ ਸਵਾਧੀਨਤਾ ਦੇ ਜ਼ਜਬੇ ਵਿਚ ਉਤਸ਼ਾਹ ਦੇਣ ਦਾ ਪ੍ਰੋਗਰਾਮ ਬਣਾਇਆ ਪਰ ਸਫ਼ਲ ਨਾ ਹੋਣ ਕਰਕੇ 14 ਨਵੰਬਰ, 1917 ਨੂੰ 12 ਸਿੱਖ ਸਾਥੀਆਂ ਸਮੇਤ ਫਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ। ਉਨ੍ਹਾਂ ਦੇ 15 ਸਾਥੀਆਂ ਨੂੰ ਬਾਅਦ ਵਿਚ ਅਦਾਲਤ ਨੇ ਮੌਤ ਦੀਆਂ ਸਜ਼ਾਵਾਂ ਦਿੱਤੀਆਂ।


ਜਨਰਲ ਮੋਹਨ ਸਿੰਘ

ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਕਾਂਡ ਹੋਇਆ ਜਿਸ ਵਿਚ ਸ਼ਹੀਦ ਹੋਣ ਵਾਲੇ 1300 ਦੇਸ਼-ਭਗਤਾਂ ਵਿਚ 769 ਸਿੱਖ ਸੂਰਬੀਰ ਸਨ।

1922 ਈ. ਵਿਚ ਬੱਬਰ ਅਕਾਲੀ ਲਹਿਰ ਦਾ ਮੁੱਢ ਬੰਨ੍ਹ, ਬੱਬਰਾਂ ਨੇ ਸਾਮਰਾਜ ਦੀ ਪਕੜ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।

ਗੁਰਦੁਆਰਾ ਲਹਿਰ (1921 ਤੋਂ 1924 ਈਸਵੀ) ਅਸਲ ਵਿਚ ਦੇਸ਼ ਦੇ ਸੁਤੰਤਰਤਾ ਅੰਦੋਲਨ ਦਾ ਆਰੰਭ ਸੀ ਜਿਸ ਨੂੰ ਦੇਸ਼ ਦੇ ਕੌਮੀ ਆਗੂਆਂ ਨੇ ਸਵੀਕਾਰ ਕੀਤਾ ਹੈ। ਇਸ ਬਾਬਤ ਉਨ੍ਹਾਂ ਦੇ ਵਿਚਾਰ ਇਸ ਤਰ੍ਹਾਂ ਹਨ:

"ਮੈਂ ਪ੍ਰਣਾਮ ਕਰਦਾ ਹਾਂ ਅਕਾਲੀਆਂ ਨੂੰ ਜਿਨ੍ਹਾਂ ਦੇਸ਼ ਦੀ ਅਜ਼ਾਦੀ ਲਈ ਘੋਲ ਅਰੰਭਿਆ ਹੈ ਅਤੇ ਅਜ਼ਾਦੀ ਲਈ ਲੜ ਰਹੇ ਹਨ।" (ਪੰਡਤ ਮੋਤੀ ਲਾਲ ਨਹਿਰੂ) "ਗੁਰੂ ਕੇ ਬਾਗ ਵਿੱਚੋਂ ਹੀ ਦੇਸ਼ ਦੀ ਸੁਤੰਤਰਤਾ ਦੀ ਲਹਿਰ ਉੱਠੀ ਹੈ, ਹੁਣ ਇਸ ਨੇ ਹੀ ਦੇਸ਼ ਨੂੰ ਅਜ਼ਾਦ ਕਰਵਾਉਣਾ ਹੈ।" (ਪੰਡਤ ਮਦਨ ਮੋਹਨ ਮਾਲਵੀਆ) "ਅਜ਼ਾਦੀ ਹਰ ਇਕ ਦਾ ਹੱਕ ਹੈ। ਅਸੀਂ ਕਪੁੱਤਰ ਹਾਂ ਪਰ ਅਕਾਲੀ ਸਪੁੱਤਰ ਹਨ ਜਿਹੜੇ ਕਿ ਇਸ ਹੱਕ ਲਈ ਲੜ ਰਹੇ ਹਨ।"(ਲਾਲਾ ਲਾਜਪਤ ਰਾਏ)

"ਸਿੱਖ ਵੀਰਾਂ ਨੇ ਸਾਨੂੰ ਦੇਸ਼-ਸੁਤੰਤਰਤਾ ਦੀ ਪ੍ਰਾਪਤੀ ਦੀ ਜਾਚ ਸਿਖਾ ਦਿੱਤੀ ਹੈ। ਹੁਣ ਦੁਨੀਆਂ ਦੀ ਕੋਈ ਵੀ ਤਾਕਤ ਸਾਨੂੰ ਬਹੁਤ ਦੇਰ ਤਕ ਗੁਲਾਮ ਨਹੀਂ ਰੱਖ ਸਕਦੀ।" (ਦਾਦਾ ਭਾਈ ਨਾਰੋ ਜੀ)

ਗੁਰੂ ਕੇ ਬਾਗ ਮੋਰਚੇ ਪਿੱਛੋਂ ਸ਼੍ਰੀ ਸੀ.ਐਫ. ਐਂਡਰਿਊਜ਼ ਲਿਖਦਾ ਹੈ :

"ਸ੍ਰੀ ਗੁਰੂ ਨਾਨਕ ਦੇ ਸਿੱਖਾਂ ਨੇ ਦੁਨੀਆਂ ਨੂੰ ਅਹਿੰਸਾ ਦਾ ਇਕ ਨਵਾਂ ਸਬਕ ਸਿਖਾਇਆ ਹੈ।"

ਪੰਡਤ ਮਦਨ ਮੋਹਨ ਮਾਲਵੀਆ ਤਾਂ ਸਿੱਖਾਂ ਦੀ ਕਥਨੀ ਤੇ ਕਰਨੀ ਤੋਂ ਇਤਨਾ ਪ੍ਰਭਾਵਿਤ ਹੋਇਆ ਸੀ ਕਿ ਉਸ ਨੇ ਹਿੰਦੂਆਂ ਨੂੰ ਇਸ ਗੱਲ ਲਈ ਪ੍ਰੇਰਿਆ ਕਿ ਜੇ ਵਿਦੇਸ਼ੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਫਿਰ ਹਰ ਹਿੰਦੂ ਘਰ ਨੂੰ ਘੱਟੋ-ਘੱਟ ਆਪਣਾ ਇਕ ਪੁੱਤਰ ਸਿੰਘ ਸਜਾਉਣਾ ਚਾਹੀਦਾ ਹੈ।

ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਦੇ ਪਹਿਲੇ ਸ਼ਹੀਦ ਸ. ਹਜ਼ਾਰਾ ਸਿੰਘ ਦੀ ਵੀਰ ਗਾਥਾ ਸੁਣ ਕੇ ਗਾਂਧੀ ਜੀ ਨੇ ਗੁਰਦੁਆਰਾ ਅਜ਼ਾਦ ਹੋਣ 'ਤੇ ਅਕਾਲੀ ਦਲ ਨੂੰ ਤਾਰ ਦਿੱਤੀ:

"ਮੈਨੂੰ ਦੇਸ਼ ਅਜ਼ਾਦ ਕਰਾਉਣ ਦਾ ਨੁਸਖਾ ਮਿਲ ਗਿਆ ਹੈ। ਗੁਰਦੁਆਰਾ ਅਜ਼ਾਦ ਹੋ ਗਿਆ। ਮੁਬਾਰਕ ਹੋਵੇ। ਹੁਣ ਦੇਸ਼ ਵੀ ਤੁਸੀਂ ਅਜ਼ਾਦ ਕਰਾਉਣਾ ਹੈ।"

ਡਾਕਟਰ ਗੰਡਾ ਸਿੰਘ ਅਨੁਸਾਰ, "ਗੁਰਦੁਆਰਾ ਮੂਵਮੈਂਟ ਵਿਚ 500 ਸਿੱਖ ਸ਼ਹੀਦ ਹੋਏ, 30 ਹਜ਼ਾਰ ਜੇਲ੍ਹਾਂ ਵਿਚ ਗਏ ਅਤੇ 10 ਲੱਖ ਰੁਪਿਆ ਸਿੱਖਾਂ ਨੇ ਜੁਰਮਾਨਾ ਭਰਿਆ।"

ਮਹਾਤਮਾ ਗਾਂਧੀ ਦੀ 1930 ਈ. ਦੀ ਨਾ-ਮਿਲਵਰਤਨ ਲਹਿਰ ਵਿਚ ਬਲੀਦਾਨ ਹੋਣ ਵਿਚ ਸਿੱਖ ਕਿਸੇ ਕੌਮ ਨਾਲੋਂ ਪਿੱਛੇ ਨਹੀਂ ਰਹੇ।

1934 ਈ. ਦਾ ਸਰਬ ਹਿੰਦ ਕਾਂਗਰਸ ਸੈਸ਼ਨ ਬੰਬਈ ਵਿਚ ਹੋਣਾ ਸੀ ਪਰ ਅੰਗਰੇਜ਼ ਸਰਕਾਰ ਨੇ ਪੰਡਾਲ ਨਾ ਲੱਗਣ ਦਾ ਅੜਿੱਕਾ ਡਾਹਿਆ। ਪੰਜਾਬ ਤੋਂ ਮਾਸਟਰ ਤਾਰਾ ਸਿੰਘ ਜੀ ਦੀ ਜਥੇਦਾਰੀ ਹੇਠ ਇਕ ਸੌ ਸਿਰਲੱਥ ਅਕਾਲੀ ਸੂਰਬੀਰਾਂ ਦਾ ਜਥਾ ਇਥੇ ਪੁੱਜਾ ਤੇ ਸਾਮਰਾਜ ਦੇ ਗੁੰਡਿਆਂ ਨੂੰ ਲਲਕਾਰਿਆ। ਇਨ੍ਹਾਂ ਸੂਰਬੀਰਾਂ ਦੀ ਸ੍ਰੀ ਸਾਹਿਬ ਦੇ ਹੇਠ ਹੀ ਉਦੋਂ ਇਥੇ ਸੈਸ਼ਨ ਹੋ ਸਕਿਆ, ਨਹੀਂ ਤੇ ਸਾਮਰਾਜੀ ਸਰਕਾਰ ਨੇ ਉਦੋਂ ਸੈਸ਼ਨ ਫ਼ੇਲ੍ਹ ਕਰਨ ਦੇ ਮਨਸੂਬੇ ਬਣਾ ਰੱਖੇ ਸਨ।

ਦੇਸ਼-ਸਵਾਧੀਨਤਾ ਵਿਚ ਸ. ਕਿਸ਼ਨ ਸਿੰਘ ਗੜਗੱਜ, ਭਾਈ ਈਸ਼ਰ ਸਿੰਘ, ਮਾਸਟਰ ਮੋਤਾ ਸਿੰਘ, ਸ. ਖੜਕ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਭਾਈ ਰਣਧੀਰ ਸਿੰਘ, ਮਾਸਟਰ ਤਾਰਾ ਸਿੰਘ, ਝਬਾਲੀਏ ਭਰਾਵਾਂ ਆਦਿ ਸੈਂਕੜੇ ਅਕਾਲੀ ਸਿੰਘਾਂ ਦੀਆਂ ਸਰਗਰਮੀਆਂ ਵਰਨਣਯੋਗ ਹਨ।

ਸ. ਭਗਤ ਸਿੰਘ ਖਿੜੇ-ਮੱਥੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਗਿਆ।

ਜਨਰਲ ਮੋਹਨ ਸਿੰਘ ਨੇ ਹੋਰਨਾਂ ਦੇਸ਼ਾਂ ਦੀ ਸਹਾਇਤਾ ਨਾਲ ਬਕਾਇਦਾ ਜੰਗ ਲੜਨ ਦੀ ਪਲੈਨ ਬਣਾਈ ਸੀ। ਜਨਰਲ ਮੋਹਨ ਸਿੰਘ ਨੇ ਜਪਾਨ ਵਿਚ ਅਜ਼ਾਦ ਹਿੰਦ ਫੌਜ ਨੂੰ ਸੰਗਠਿਤ ਕੀਤਾ। ਪਰ ਜਦ ਜਨਰਲ ਨੂੰ ਜਪਾਨੀਆਂ ਨੇ ਗ੍ਰਿਫ਼ਤਾਰ ਕਰ ਲਿਆ ਤਾਂ ਮਾਸਟਰ ਤਾਰਾ ਸਿੰਘ ਨੂੰ ਮਿਲੇ ਜਨਰਲ ਮੋਹਨ ਸਿੰਘ ਦੇ ਸੁਨੇਹੇ 'ਤੇ ਮਾਸਟਰ ਜੀ ਨੇ ਸੁਭਾਸ਼ ਚੰਦਰ ਬੋਸ ਨੂੰ ਇਥੋਂ ਨਿਕਲ ਜਾਣ ਦੀ, ਜਨਰਲ ਕੋਲ ਪਹੁੰਚਾਉਣ ਦੀ ਵਿਉਂਤ ਬਣਾਈ। ਸੁਭਾਸ਼ ਚੰਦਰ ਬੋਸ ਨੂੰ ਪਹੁੰਚਾਉਣ ਵਾਲੇ ਸਾਰੇ ਸਿੱਖ ਹੀ ਸਨ। ਅਜ਼ਾਦ ਹਿੰਦ ਫੌਜ ਦੀ ਕੁੱਲ ਗਿਣਤੀ 42,000 ਵਿੱਚੋਂ 28,000 ਸਿੱਖ ਸੈਨਿਕ ਸਨ।

1946 ਈ. ਵਿਚ ਬੰਬਈ ਵਿਚ ਨੇਵੀ ਦੇ ਜੁਆਨਾਂ ਦੇ ਵਿਦਰੋਹ ਵਿਚ ਵੀ ਸਿੱਖ ਸੈਨਿਕ ਕਿਸੇ ਨਾਲੋਂ ਘੱਟ ਨਹੀਂ ਸਨ। ਹੇਠਾਂ ਦਿੱਤਾ ਵੇਰਵਾ ਸੁਤੰਤਰਤਾ ਸੰਗਰਾਮ ਵਿਚ ਸਿੱਖ ਕੌਮ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਦੀ ਮੂੰਹ-ਬੋਲਦੀ ਤਸਵੀਰ ਹੈ:

	ਕੁੱਲ	ਸਿੱਖ	ਗੈਰ ਸਿੱਖ
ਫਾਂਸੀ ਮਿਲੀ	121	93	28
ਉਮਰ ਕੈਦ	2626	2147	479
ਜਲ੍ਹਿਆਂਵਾਲੇ ਬਾਗ ਦੇ ਸ਼ਹੀਦ	799	501	298
ਬਜਬਜਘਾਟ ਦੇ ਸ਼ਹੀਦ	113	67	46
ਕੂਕਾ ਲਹਿਰ ਦੇ ਸ਼ਹੀਦ	91	91	—
ਅਕਾਲੀ ਲਹਿਰ ਦੇ ਸ਼ਹੀਦ	500	500	—
ਕੁੱਲ	**4250**	**3399**	**851**

ਲੰਮੇ ਸੰਘਰਸ਼ ਤੋਂ ਬਾਅਦ ਦੇਸ਼ ਅਜ਼ਾਦ ਹੋਇਆ। ਇਸ ਵਿਚ ਸਿੱਖਾਂ ਨੇ ਆਪਣੀ ਅਬਾਦੀ ਦੇ ਅਨੁਪਾਤ ਤੋਂ ਕਿਤੇ ਵੱਧ ਯੋਗਦਾਨ ਪਾਇਆ।

-0-

...ਬੋਲੀ ਅਵਰ ਤੁਮਾਰੀ

–ਭਾਈ ਹਰਜਿੰਦਰ ਸਿੰਘ 'ਸਭਰਾਅ'

ਬੋਲੀ ਮਨੁੱਖ ਦੇ ਜਜ਼ਬਾਤ/ ਭਾਵਨਾਵਾਂ/ ਵਲਵਲਿਆਂ ਅਤੇ ਖਿਆਲਾਂ ਦਾ ਪ੍ਰਗਟਾਅ ਹੈ ਜੋ ਭਾਸ਼ਾਈ ਰੂਪ ਧਾਰ ਕੇ ਅਗਲੇ ਤੱਕ ਪਹੁੰਚਦੀ ਹੈ। ਬੋਲੀ ਦਾ ਇਤਿਹਾਸ ਵੀ ਮਨੁੱਖੀ ਹੋਂਦ ਜਿੰਨਾ ਹੀ ਪੁਰਾਣਾ ਹੈ। ਤਾਕਤਵਰ ਮਨੁੱਖੀ ਸਮੂਹ ਨੇ ਸਮਾਜਕ/ ਰਾਜਸੀ / ਆਰਥਿਕ ਅਤੇ ਧਾਰਮਿਕ ਤਾਕਤ ਤੇ ਪਕੜ ਬਣਾ ਕੇ ਦੂਜਿਆਂ ਮਨੁੱਖੀ ਸਮੂਹਾਂ ਨੂੰ ਆਪਣਾ ਗੁਲਾਮ ਬਣਾਇਆ। ਗੁਲਾਮ ਬਣਾਉਣ ਤੇ ਗੁਲਾਮ ਬਣਾਈ ਰੱਖਣ ਲਈ ਲਗਾਤਾਰ ਤਾਕਤਵਰ ਧਿਰ ਨੂੰ ਇਕ ਅਭਿਆਸ ਕਰਨਾ ਪੈਂਦਾ ਹੈ। ਪਹਿਰਾਵਾ/ਖਾਣ ਪੀਣ/ ਸਲੀਕੇ/ ਰਸਮ ਰਿਵਾਜ/ ਆਦਿਕ ਦੇ ਨਾਲ ਨਾਲ ਬੋਲੀ ਵੀ ਇਸ ਅਭਿਆਸ ਦਾ ਸ਼ਿਕਾਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਮੇਂ ਸਥਾਪਤ ਤੇ ਹਾਕਮ ਧਿਰ ਵਲੋਂ ਸਭ ਕੁਝ ਥੋਪਿਆ ਜਾਣਾ ਤੇ ਸੱਤਾਹੀਣ ਲੋਕਾਂ ਵਲੋਂ ਤਕੜੇ ਦੀ ਨਜ਼ਰੇ ਪ੍ਰਵਾਨ ਚੜ੍ਹਨ ਲਈ ਸਭ ਕੁਝ ਅਚੇਤ ਪੱਧਰ 'ਤੇ ਕਬੂਲ ਕਰੀ ਜਾਣ ਦੇ ਅਮਲ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟਾਇਆ ਹੈ।

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (੧੧੯੧)

ਆਸਾ ਦੀ ਵਾਰ ਵਿਚ ਖਾਣ ਪਹਿਰਾਨ ਦੇ ਨਾਲ ਨਾਲ ਬੋਲੀ ਬਾਰੇ ਵੀ ਇਸ਼ਾਰਾ ਕਰਦਿਆਂ "ਮਲੇਛ ਭਾਖਿਆ ਗਹੀ" ਫੁਰਮਾਇਆ ਹੈ। ਪੰਜਾਬ ਦੀ ਆਪਣੀ ਬੋਲੀ ਅੱਜ ਸੱਤਾਧਾਰੀਆਂ ਦੇ ਇਸੇ ਨਿਸ਼ਾਨੇ ਤੇ ਹੈ। ਪਰ ਨਾਲ ਹੀ ਪੰਜਾਬ ਦੇ ਜੰਮੇ ਪਲੇ ਉਹ ਲੋਕ ਜਿਹੜੇ ਇਸ ਤੋਂ ਮੁਨਕਰ ਹੋ ਕੇ



ਹਿੰਦੀ ਭਾਸ਼ਾ ਲਿਖਾਉਣ ਦਾ ਅਮਲ ਸੱਤਾ ਦੀ ਹੈਂਕੜ ਹੀ ਸੀ। ਉਧਰ ਪੰਜਾਬ ਦੀ ਹਰ ਸਰਕਾਰ ਤੇ ਨੇਤਾਵਾਂ ਨੇ ਥੋੜੇ ਬਹੁਤੇ ਫਰਕ ਨਾਲ " ਨੀਲ ਬਸਤ੍ਰ ਪਹਿਰ ਹੋਵਹਿ ਪਰਵਾਣ" ਵਾਲੇ ਗੁਰੂ ਵਾਕ ਦੇ ਅਰਥਾਂ ਅਨੁਸਾਰ ਹੈਂਕੜੀ ਸੱਤਾ ਨੂੰ ਸਲਾਮਾਂ ਕਰਕੇ ਧਰਤ ਪੰਜਾਬ ਦੀ ਗ਼ੈਰਤ ਨਾਲ ਮਖੌਲ ਹੀ ਕੀਤੇ ਹਨ। ਫੈਸਲੇ/ ਬਿਆਨ/ ਮਤੇ ਆਦਿਕ ਭਾਵੇਂ ਪੰਜਾਬੀ ਨੂੰ ਮਾਣ ਦਿੰਦੇ ਜਾਪਦੇ ਹਨ ਪਰ ਅਮਲ ਪੰਜਾਬੀ ਦਾ ਗਲਾ ਘੁੱਟ ਰਿਹਾ ਹੈ। ਸਰਕਾਰੀ ਸਕੂਲਾਂ ਨੂੰ ਫੇਲ੍ਹ ਕਰਕੇ ਨੇਤਾਵਾਂ ਤੇ ਇਨ੍ਹਾਂ ਦੇ ਮਾਇਆਧਾਰੀ ਯਾਰਾਂ ਨੇ ਨਿੱਜੀ ਸਕੂਲੀ ਕੰਪਨੀਆਂ ਰਾਹੀਂ ਵਪਾਰ ਦਾ ਵੱਡਾ ਜਾਲ ਬੁਣ ਲਿਆ ਹੈ। ਜਿਥੇ ਸਕੂਲੀ ਪ੍ਰਬੰਧਕਾਂ ਵਲੋਂ ਸੈਂਕੜੇ ਖੇਖਣ ਵਿਦਿਆਰਥੀਆਂ ਦੇ ਮਾਪਿਆਂ ਤੋਂ ਸਕੂਲੀ ਸਟੇਟਸ ਦੇ ਨਾਂ ਤੇ ਕਰਵਾਏ ਜਾਂਦੇ ਹਨ ਤੇ ਨਾਲ ਹੀ ਆਰਥਿਕ ਲੁੱਟ ਕਰਦਿਆਂ ਮਾਂ ਬੋਲੀ ਬੋਲਣ ਤੇ ਜਜ਼ੀਆ ਲਾ ਦਿੱਤਾ ਜਾਂਦਾ ਹੈ।

ਸਰਕਾਰੀ ਪ੍ਰਬੰਧ ਦੀ ਨਾਕਾਮੀ ਤੇ ਚਲਾਕ ਵਪਾਰੀਆਂ ਦੀ ਸਾਜਿਸ਼ ਨੇ ਫੇਲ ਕੀਤੇ ਕਈ ਪ੍ਰਾਇਮਰੀ ਸਕੂਲ ਬੰਦ ਕਰਨ ਦਾ ਫੁਰਮਾਨ ਹੁਣ ਸਰਕਾਰ ਨੇ ਕੱਢ ਦਿੱਤਾ ਹੈ ਪਰ ਇਹ ਨਹੀਂ ਦੱਸਿਆਂ ਕਿ ਥੋੜ੍ਹੇ ਜਿਹੇ ਪੜ੍ਹਦੇ ਬੱਚੇ ਕਿਥੇ ਜਾਣਗੇ? ਖ਼ੈਰ! ਨਾਲ ਹੀ ਕੌਮੀ ਸ਼ਾਹ ਰਾਹਾਂ ਅਤੇ ਪੰਜਾਬ ਦੀਆਂ ਹੋਰ ਸੜਕਾਂ/ ਦਫਤਰਾਂ ਅਤੇ ਜਨਤਕ ਥਾਵਾਂ ਤੇ ਪੰਜਾਬੀ ਭਾਸ਼ਾ ਨੂੰ ਖੂੰਜੇ ਲਾ ਕੇ ਲਾਏ ਬੋਰਡਾਂ ਦਾ ਮਸਲਾ ਸੁਹਿਰਦ ਪੰਜਾਬੀਆਂ ਨੇ ਚੁੱਕਿਆ ਹੈ। ਯਾਦ ਪੱਤਰਾਂ/ ਸਭਾਵਾਂ/ ਅਤੇ ਅਖਬਾਰੀ ਬਿਆਨਾਂ ਤੋਂ ਬਾਅਦ ਪੰਜਾਬੀ ਨੂੰ ਸਿਖਰੀ ਦਰਜਾ ਦਿਵਾਉਣ ਲਈ "ਕੂਚੀ ਮੁਹਿੰਮ" ਵਿੱਢ ਲਈ ਹੈ। ਮਸਲਾ ਬੋਲੇ ਕੰਨਾਂ ਤੀਕਰ ਅਵਾਜ਼ ਪਹੁੰਚਾਉਣ ਦਾ ਹੈ।

ਇਸਦੇ ਨਾਲ ਹੀ ਆਮ ਲੋਕਾਂ ਦੀ ਜ਼ਿੰਮੇਵਾਰੀ ਵੀ ਬਹੁਤ ਵੱਡੀ ਹੈ।

– ਵਿਆਹ ਸ਼ਾਦੀਆਂ ਦੇ ਸੱਦਾ ਪੱਤਰ/ ਘਰ ਦੀ ਨਾਂ ਫੱਟੀ/ ਦੁਕਾਨਾਂ ਹੱਟੀਆਂ ਦੇ ਸਿਰਨਾਵੇਂ/ਬੱਚਿਆਂ, ਵਪਾਰਕ ਅਦਾਰਿਆਂ, ਦੁਕਾਨਾਂ, ਸਕੂਲਾਂ ਆਦਿਕ ਦੇ ਨਾਂ/ ਆਦਿਕ ਬਹੁਤ ਕੁਝ ਹੈ ਜਿਸ ਨੂੰ ਅਮਲ 'ਚ ਲਿਆਉਣ ਦੀ ਲੋੜ ਹੈ।

ਸਾਡੇ ਸਮਾਜ ਵਿਚਲਾ ਅਜਿਹਾ ਤਬਕਾ ਜੋ ਖਾਂਦਾ ਪਹਿਨਦਾ ਪੰਜਾਬ ਦਾ ਹੈ ਪਰ ਚਾਰ ਅੱਖਰ ਪੜ੍ਹ ਕੇ/ ਸਰਕਾਰੇ ਦਰਬਾਰੇ ਪਹੁੰਚ ਬਣਾ ਕੇ/ ਆਰਥਕ ਤਰੱਕੀ ਕਰਕੇ/ ਅਗਾਂਹਵਧੂ ਹੋਣ ਦੇ ਨਾਂ ਤੇ ਪੰਜਾਬੀ ਬੋਲੀ ਨਾਲ ਦਿਲੋਂ ਪਤਾ ਨਹੀਂ ਖ਼ੌਰ ਕਾਹਦੀ ਰੱਖਦਾ ਹੈ? ਕਿ ਜਾਂ ਫਿਰ ਬਾਪੂ ਨੂੰ ਮੀਆਂ ਕਹਿ ਕੇ ਸੱਦਣ ਵਾਲੇ ਆਦਤੀ ਰੋਗ ਤੋਂ ਪੀੜਤ ਹੈ।

ਪੰਜਾਬ ਦਾ ਜੰਮਪਲ ਬਲਰਾਜ ਸਾਹਨੀ ਬਾਲੀਵੁਡ ਵਿਚ ਅਦਾਕਾਰੀ ਕਰਦਾ ਸੀ ਤੇ ਨਾਲ ਲਿਖਦਾ ਵੀ ਸੀ। ਇਕ ਵਾਰ ਰਬਿੰਦਰ ਨਾਥ ਟੈਗੋਰ ਨੂੰ ਮਿਲਣ ਸ਼ਾਤੀ ਨਿਕੇਤਨ ਗਿਆ। ਗੱਲਬਾਤ ਕਰਦਿਆਂ ਟੈਗੋਰ ਤੇ ਬਲਰਾਜ ਸਾਹਨੀ ਤੋਂ ਰੁਝੇਵਾਂ ਪੁੱਛਿਆ ਕਿ ਅੱਜ ਕਲ ਕੀ ਕਰ ਰਹੇ ਹੋ? ਬਲਰਾਜ ਸਾਹਨੀ ਦਾ ਉੱਤਰ ਸੀ ਜੀ ਕਹਾਣੀਆਂ ਲਿਖ ਰਿਹਾਂ। ਰਾਬਿੰਦਰ ਨਾਥ ਟੈਗੋਰ ਨੇ ਪੁਛਿਆ! ਕਿਹੜੀ ਭਾਸ਼ਾ 'ਚ'।

ਬਲਾਰਾਜ ਸਾਹਨੀ: "ਜੀ ਹਿੰਦੀ 'ਚ"

ਰਾਬਿੰਦਰ ਨਾਥ ਟੈਗੋਰ: "ਤੂੰ ਤਾਂ ਪੰਜਾਬੀ ਹੈਂ. ਪੰਜਾਬੀ 'ਚ ਕਿਉਂ ਨਹੀਂ ਲਿਖਦਾ?"

ਬਲਰਾਜ ਸਾਹਨੀ: "ਜੀ ਹਿੰਦੀ ਦਾ ਦਾਇਰਾ ਵੱਡਾ ਹੈ ਲੋਕ ਜ਼ਿਆਦਾ ਪੜ੍ਹਨਗੇ। ਪੰਜਾਬੀ ਥੋੜ੍ਹੀ ਪਛੜੀ ਤੇ ਸੀਮਤ ਹੈ। ਪਾਠਕਾਂ ਦੀ ਕਮੀ ਰਹੇਗੀ।"

ਰਾਬਿੰਦਰ ਨਾਥ ਟੈਗੋਰ: "ਜਿਸ ਭਾਸ਼ਾ ਚ ਗੁਰੂ ਨਾਨਕ ਤੇ ਬਾਬਾ ਫਰੀਦ ਨੇ ਗੱਲ ਕੀਤੀ ਹੋਵੇ ਉਹ ਪਛੜੀ ਕਿਵੇਂ ਹੋ ਸਕਦੀ ਹੈ।"

— ਇੱਕ ਬੰਗਾਲੀ ਲੇਖਕ ਦੀ ਟਕੋਰ ਕਾਫੀ ਹੋਣੀ ਚਾਹੀਦੀ ਹੈ। ਉਸਾਰੂ ਲਿਖਣ ਅਤੇ ਆਪਣੀ ਬੋਲੀ ਨੂੰ ਸੰਸਾਰੀ ਪਿੜ ਚ ਥਾਂ ਦੁਆਉਣ ਦੀ ਜ਼ਿੰਮੇਵਾਰੀ ਵਿਦਵਾਨਾਂ/ ਲੇਖਕਾਂ/ ਪ੍ਰਚਾਰਕਾਂ/ ਨੇਤਾਵਾਂ/ ਅਧਿਆਪਕਾਂ/ ਖੋਜੀਆਂ/ ਵਿਦਿਆਰਥੀਆਂ ਗੱਲ ਕੀ ਹਰ ਪੰਜਾਬੀ ਦੀ ਹੈ।

ਵਿਰਾਸਤਾਂ ਉਸਾਰਨੀਆਂ ਬੜੀਆਂ ਔਖੀਆਂ ਹਨ ਤੇ ਸਾਂਭਣੀਆਂ ਅਕਲਮੰਦੀ ਤੇ ਜਜ਼ਬੇ ਦੀ ਤਕੜਾਈ ਨਾਲ ਜਾਂਦੀਆਂ ਹਨ। ਪੁਰਾਣੀਆਂ ਗਲਤੀਆਂ ਦੁਹਰਾਉਣ ਦੀ ਥਾਂ ਸੁਚੇਤ ਹੋ ਕੇ ਭਵਿੱਖ ਸਾਂਭ ਲਈਏ। ਗੁਰੂ ਰਾਖਾ!

-0-

ਗਨੀ ਖ਼ਾਂ-ਨਬੀ ਖ਼ਾਂ

ਅਲੀ ਰਾਜਪੁਰਾ # 094176-79302

ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਜੰਗਲਾਂ 'ਚੋਂ ਹੁੰਦੇ ਹੋਏ ਮਾਛੀਵਾੜੇ ਆਣ ਪਹੁੰਚੇ। ਉਸ ਵੇਲੇ ਮੁਗ਼ਲ ਫੌਜਾਂ ਗੁਰੂ ਜੀ ਨੂੰ ਭਾਲਦੀਆਂ ਫਿਰ ਰਹੀਆਂ ਸਨ। ਜਨਤਾ ਡਰੀ ਹੋਈ ਸੀ ਕੋਈ ਵੀ ਗੁਰੂ ਜੀ ਨੂੰ ਆਪਣੇ ਕੋਲ ਰੱਖਣ ਦੀ ਜੁਅਰਤ ਨਹੀਂ ਸੀ ਕਰ ਰਿਹਾ। ਉਸ ਵਕਤ ਗੁਰੂ ਜੀ ਨੇ ਗੁਲਾਬਾ ਮਸੰਦ ਪਾਸ ਠਹਿਰ ਕੀਤੀ ਪਰ ਗੁਲਾਬਾ ਵੀ ਸ਼ਾਹੀ ਫ਼ੌਜਾਂ ਤੋਂ ਭੈਅ ਖਾ ਗਿਆ ਸੀ। ਉਸ ਨੇ ਅੰਤ ਨੂੰ ਗੁਰੂ ਜੀ ਨੂੰ ਆਪਣੇ ਕੋਲ ਰੁੱਕਣ ਤੋਂ ਨਾਂਹ ਕਰ ਦਿੱਤੀ ਸੀ। ਜ਼ਿਲ੍ਹਾ ਲੁਧਿਆਣਾ ਦੇ ਕਸਬਾ ਮਾਛੀਵਾੜਾ ਦੇ ਵਸਨੀਕ ਦੇ ਰੁਹੇਲੇ ਪਠਾਣ ਭਰਾ ਗਨੀ ਖ਼ਾਂ ਤੇ ਨਬੀ ਖ਼ਾਂ ਜਿਨ੍ਹਾਂ ਨੇ ਗੁਰੂ ਜੀ ਦੀ ਸੇਵਾ ਦੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਲਈ ਸੀ। ਉਂਝ ਇਨ੍ਹਾਂ ਦਾ ਗੁਰੂ ਜੀ ਨਾਲ ਬਹੁਤ ਸਨੇਹ ਸੀ ਇਹ ਅਕਸਰ ਹੀ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਆਉਂਦੇ-ਜਾਂਦੇ ਰਹਿੰਦੇ ਸਨ।



ਜਦੋਂ ਮੁਗ਼ਲਾਂ ਨੇ ਘੇਰਾਬੰਦੀ ਕੀਤੀ ਸੀ ਤਾਂ ਇਨ੍ਹਾਂ ਦੀ ਸਲਾਹ ਨਾਲ ਹੀ ਮਾਈ ਗੁਰਦਈ ਵੱਲੋਂ ਭੇਟ ਕੀਤੇ ਨੀਲੇ ਰੰਗ ਦੇ ਖੱਦਰ ਦੀਆਂ ਪੋਸ਼ਾਕਾਂ ਬਣਾਈਆਂ ਗਈਆਂ। ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਮਾਨ ਸਿੰਘ, ਦਇਆ ਸਿੰਘ, ਧਰਮ ਸਿੰਘ ਨੇ ਇਹ ਪੋਸ਼ਾਕਾਂ ਪਹਿਣ ਲਈਆਂ ਤੇ ਕੇਸ ਪਿਛਾਂਹ ਵੱਲ ਨੂੰ ਖੋਲ੍ਹ ਲਏ ਤੇ ਤਿੰਨ ਸਿੰਘਾਂ ਤੇ ਦੋ ਪਠਾਣ ਭਰਾ (ਗਨੀ ਖ਼ਾਂ, ਨਬੀ ਖ਼ਾਂ) ਗੁਰੂ ਜੀ ਨੂੰ ਮੰਜੀ 'ਤੇ ਬਿਠਾ ਕੇ ਤੁਰ ਪਏ। ਰਾਹਗੀਰ ਜਦੋਂ ਗੁਰੂ ਜੀ ਬਾਰੇ ਪੁੱਛਦਾ ਸੀ ਤਾਂ ਇਹ ਆਖਦੇ, ''ਇਹ ਉੱਚ ਦਾ ਪੀਰ ਐ''। ਪਿੰਡ ਦੇ ਨੇੜੇ ਇਕ ਸ਼ੱਕੀ ਮੁਗ਼ਲ ਫ਼ੌਜੀ ਸਰਦਾਰ ਦਲੇਲ ਖ਼ਾਂ ਨੇ ਸੱਚ-ਝੂਠ ਨਿਤਾਰਨ ਲਈ ਗੁਰੂ ਜੀ ਨੂੰ ਆਪਣੇ ਘਰ ਖਾਣੇ ਦੀ ਦਾਅਵਤ ਦਿੱਤੀ ਪਰ ਗੁਰੂ ਜੀ ਨੇ ਰੋਜ਼ਾ ਰੱਖਿਆ ਹੋਣ ਦਾ ਪੱਜ ਲਾ ਕੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਪਰ ਇਨ੍ਹਾਂ ਦੇ ਬਾਕੀ ਸਾਥੀਆਂ ਨੇ ਪ੍ਰਸ਼ਾਦਾ ਛਕ ਲਿਆ ਸੀ।

ਦਲੇਲ ਖ਼ਾ ਦੀ ਫਿਰ ਵੀ ਤਸੱਲੀ ਨਾ ਹੋਈ ਤਾਂ ਉਸ ਨੇ ਆਪਣੇ ਇਕ ਵਿਸ਼ਵਾਸ ਪਾਤਰ ਕਾਜ਼ੀ ਚਿਰਾਗ਼ਦੀਨ ਸ਼ਾਹ ਅਜਨੇਰੀਆ, ਅਨਾਇਤ ਅਲੀ ਨੂਰਪੁਰੀਆ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲ਼ਾ ਨੂੰ ਮਾਛੀਵਾੜੇ ਸੱਦ ਲਿਆ। ਇਹ ਸਾਰੇ ਹੀ ਕਾਜ਼ੀ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਆਉਂਦੇ-ਜਾਂਦੇ ਰਹਿੰਦੇ ਸਨ। ਗੁਰੂ ਜੀ ਨੂੰ ਦੇਖ ਕੇ ਇਨ੍ਹਾਂ ਕਾਜ਼ੀਆਂ ਨੇ ਪਹਿਚਾਨਣੋਂ ਸਾਫ਼ ਇਨਕਾਰ ਕਰ ਦਿੱਤਾ। ਜਦ ਕਿ ਕਾਜ਼ੀਆਂ ਨੂੰ ਇਹ ਵੀ ਪਤਾ ਸੀ ਕਿ ਜੇ ਕਰ ਮੁਗ਼ਲ ਫੌਜੀ ਨੂੰ ਇਹ ਪਤਾ ਲੱਗ ਗਿਆ ਕਿ ਇਹ ਸਿੱਖਾਂ ਦਾ ਗੁਰੂ ਐ ਤੇ ਅਸੀਂ ਜਾਣ ਬੁੱਝ ਕੇ ਝੂਠ ਬੋਲਿਆ ਹੈ ਤਾਂ ਫਿਰ ਮੁਗ਼ਲ ਸਾਨੂੰ ਜਾਨੋਂ ਮਾਰ ਦੇਣਗੇ ਪਰ ਕਾਜ਼ੀਆਂ ਨੇ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਜੀ ਦਾ ਸਾਥ ਦਿੱਤਾ। ਗੁਰੂ ਜੀ ਨੇ ਕਾਜ਼ੀਆਂ ਦੇ ਅੰਦਰਲੇ ਡਰ ਨੂੰ ਸਮਝਦੇ ਹੋਇਆਂ ਸਹਿਜ ਸੁਭਾ ਕਿਹਾ ਸੀ ਕਿ ਇਹ ਫ਼ੌਜਾਂ ਤੁਹਾਡਾ ਕੁਝ ਨਹੀਂ ਵਿਗਾੜ ਸਕਣਗੀਆਂ। ਤੁਸੀਂ ਜਿਨ੍ਹਾਂ ਥਾਵਾਂ ਦੇ ਰਹਿਣ ਵਾਲੇ ਓ, ਉਹ ਥਾਵਾਂ ਨੂੰ ਕਦੇ ਤੱਤੀ ਵਾ ਨਹੀਂ ਲੱਗੇਗੀ ਤੇ ਚੜਦੀ ਕਲਾ 'ਚ ਰਹਿਣਗੀਆਂ।

ਜਦੋਂ ਮੁਗ਼ਲ ਫ਼ੌਜੀ ਦੀ ਤਸੱਲੀ ਹੋ ਗਈ ਤੇ ਕਾਜ਼ੀਆਂ ਦੀ ਸ਼ਨਾਖ਼ਤ 'ਤੇ ਭਰੋਸਾ ਹੋਇਆ ਤਾਂ ਉਸ ਨੇ ਗੁਰੂ ਜੀ ਤੋਂ ਅਦਬ ਸਤਿਕਾਰ ਨਾਲ ਮਾਫ਼ੀ ਮੰਗੀ ਤੇ ਵਿਦਾਈ ਦੇ ਦਿੱਤੀ। ਇਸ ਘਟਨਾ ਤੋਂ ਬਾਅਦ ਬਹੁਤੇ ਸ਼ਰਧਾਲੂ ਸ਼ਰਧਾਪੂਰਵਕ ਸਹਿਤ ਗੁਰੂ ਜੀ ਨੂੰ ਉੱਚ ਦਾ ਪੀਰ ਵੀ ਆਖਦੇ ਹਨ। ਇਨ੍ਹਾਂ ਭਾਰਾਵਾਂ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਵਿਚ ਵੀ ਆਦਰ ਸਹਿਤ ਯਾਦ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਜੀ ਨੇ ਇਨ੍ਹਾਂ ਭਰਾਵਾਂ ਨੂੰ ਆਪਣੇ ਪੁੱਤਰਾਂ ਬਰਾਬਰ ਮੰਨਿਆ ਸੀ, ਤੇ ਉਦੋਂ ਖੁਸ਼ ਹੋ ਕੇ ਇਨ੍ਹਾਂ ਨੂੰ ਸੋਨੇ ਦੇ ਕੜਿਆਂ ਦੀ ਜੋੜੀ ਵੀ ਬਖਸ਼ਿਸ਼ ਕੀਤੀ ਤੇ ਨਾਲ ਹੁਕਮਨਾਮਾਂ ਜਾਰੀ ਕੀਤਾ ਸੀ ਸਰਬ ਸਿੱਖ ਸੰਗਤ ਦੇ ਨਾਮ। ਗਨੀ ਖ਼ਾਂ ਦੀ ਧੀ ਨੂੰ ਗੁਰੂ ਜੀ ਨੇ ਆਪਣੀ ਪੋਤੀ ਮੰਨਿਆ ਤੇ ਇਹ ਲੜਕੀ ਗੁਰੂ ਜੀ ਦੀ ਪੋਤੀ ਨਾਮ ਕਰਕੇ ਪ੍ਰਸਿੱਧ ਹੋਈ।

ਸਮੂੰਹ ਸਿੱਖਾਂ ਵੱਲੋਂ ਇਨ੍ਹਾਂ ਭਰਾਵਾਂ ਤੇ ਇਹਨਾਂ ਦੀਆਂ ਪੀੜੀਆਂ ਨੂੰ ਬੇਅੰਤ ਸਤਿਕਾਰ ਦਿੱਤਾ ਜਾਂਦਾ ਹੈ। ਜਿਵੇਂ ਸਿੱਖ ਰਿਆਸਤਾਂ ਸਮੇਂ ਇਨ੍ਹਾਂ ਦੇ ਨਾਮ ਜ਼ਮੀਨ ਆਦਿ ਲੱਗੀ ਰਹੀ ਹੈ। ਦੇਸ਼ ਦੀ ਵੰਡ ਮਗਰੋਂ ਭਾਵੇਂ ਇਨ੍ਹਾਂ ਦੇ ਪਰਿਵਾਰ ਪਾਕਿਸਤਾਨ ਜਾ ਵਸੇ ਪਰ ਇਨ੍ਹਾਂ ਭਰਾਵਾਂ ਦੇ ਨਾਮ ਤੇ ਮਾਛੀਵਾੜੇ ਵਿੱਚ ਯਾਦਗਾਰੀ ਦਰਸ਼ਨੀ ਗੇਟ ਹੈ ਅਤੇ ਪੁਰਾਤਨ ਘਰ ਵਿੱਚ ਗੁਰੂ ਘਰ ਉਸਰਿਆ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਇਨ੍ਹਾਂ ਦੀ ਪੁਸ਼ਤ ਨੂੰ ਇੱਕ ਜਗੀਰ ਵੀ ਦਿੱਤੀ ਸੀ। ਇਨ੍ਹਾਂ ਦੇ ਪਰਿਵਾਰ ਕੋਲ ਅੱਜ ਵੀ ਉਹ ਹੁਕਮਨਾਮਾ ਸਾਂਭਿਆ ਪਿਆ ਦੱਸਿਆ ਜਾਂਦਾ ਹੈ।

ਜਿਵੇਂ ਪਿੱਛੋਂ ਪੜ੍ਹ ਆਏ ਹਾਂ ਕਿ ਉੱਚ ਦੇ ਪੀਰ ਦੀ ਸ਼ਨਾਖਤ ਲਈ ਮੁਗ਼ਲ ਫ਼ੌਜੀਆਂ ਨੇ ਤਿੰਨ ਕਾਜ਼ੀ ਸੱਦੇ ਸਨ, 1. ਕਾਜ਼ੀ ਚਿਰਾਗ ਦੀਨ ਸ਼ਾਹ ਅਜਨੇਰੀਆ, 2. ਅਨਾਇਤ ਅਲੀ ਨੂਰਪੁਰੀਆ, 3.ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ ਇਨ੍ਹਾਂ ਕਾਜੀਆਂ ਦਾ ਪਿਛੋਕੜ ਕੁਝ ਇਸ ਤਰ੍ਹਾਂ ਹੈ।

ਕਾਜ਼ੀ ਚਿਰਾਗ ਦੀਨ ਸ਼ਾਹ

ਫਤਹਿਗੜ੍ਹ ਸਾਹਿਬ ਦਾ ਮਸ਼ਹੂਰ ਪਿੰਡ ਐ ''ਅਜਨੇਰ'' ਜਿਸ ਨੂੰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਹੈ। ਇਹ ਖੰਨਾ ਤੋਂ ਲਗਭਗ 7-8 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਛੇਵੀਂ ਪਾਤਸ਼ਾਹੀ ਦੀ ਯਾਦ 'ਚ ਗੁਰੂ ਘਰ ਉਸਰਿਆ ਹੈ ਜਿਸ ਨੂੰ ਨਾਂ ਦਿੱਤਾ ਗਿਆ ਹੈ, ''ਗੁਰਦੁਆਰਾ ਸ੍ਰੀ ਰਜਾਣਾ ਸਾਹਿਬ ਪਾਤਸ਼ਾਹੀ ਛੇਵੀਂ'' ਇਸੇ ਪਿੰਡ ਦਾ ਵਾਸੀ ਕਾਜ਼ੀ ਚਿਰਾਗ ਸ਼ਾਹ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਵਿਚ ਫੇਰੀ ਪਾਈ ਸੀ। ਕਾਜ਼ੀ ਚਿਰਾਗ ਦੀਨ ਸ਼ਾਹ ਗੁਰੂ ਸਾਹਿਬ ਪ੍ਰਤੀ ਬੇਅੰਤ ਸ਼ਰਧਾ ਰੱਖਦਾ ਸੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਹਾਜ਼ਰੀ ਭਰਦਾ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਦੀ ਘਟਨਾ ਅਤੇ ਚਮਕੌਰ ਸਾਹਿਬ ਦੇ ਘੇਰੇ ਬਾਰੇ ਸੁਣ ਕੇ ਡਾਢਾ ਦੁੱਖ ਲੱਗਾ ਤੇ ਇਹ ਗਨੀ ਖ਼ਾਂ ਤੇ ਨਬੀ ਖ਼ਾਂ ਕੋਲ ਪਹੁੰਚੇ ਸੀ। ਜਦੋਂ ਗੁਰੂ ਸਾਹਿਬ ਨੂੰ ਪੀਰ ਬਣਾ ਕੇ ਲਿਜਾਇਆ ਜਾ ਰਿਹਾ ਸੀ ਤਾਂ ਚੌਰ ਦੀ ਸੇਵਾ ਭਾਈ ਮਾਨ ਸਿੰਘ ਜੀ ਨੇ ਕੀਤੀ ਸੀ। ਓਦੋਂ ਹੀ ਇਹ ਗੁਰੂ ਸਾਹਿਬ ਨੂੰ ਪਿੰਡ 'ਅਜਨੇਰ' ਲੈ ਕੇ ਆਏ ਸੀ ਤੇ ਗੁਰੂ ਜੀ ਨੇ ਇਸ ਪਿੰਡ ਰਾਤ ਬਿਤਾਈ ਸੀ।

ਬਾਕੀ ਸਫਾ 14 'ਤੇ

ਕੇਸ-ਸਾਡਾ ਵਿਰਸਾ

ਡਾ. ਦਰਸ਼ਨਜੋਤ ਕੌਰ

ਜੋ ਚੀਜ ਸਾਨੂੰ ਆਪਣੇ ਪੁਰਖਿਆਂ ਤੋਂ ਮਿਲੀ ਹੋਈ ਹੁੰਦੀ ਹੈ, ਉਸ ਨੂੰ ਵਿਰਸਾ ਕਿਹਾ ਜਾਂਦਾ ਹੈ। ਵਾਲ ਸਾਨੂੰ ਪੁਰਖਿਆਂ ਤੋਂ ਪੀੜੀ ਦਰ ਪੀੜ੍ਹੀ ਮਿਲਦੇ ਆ ਰਹੇ ਹਨ। ਇਹ ਸਾਡਾ ਅਮੋਲਕ ਵਿਰਸਾ ਹਨ। ਬਹੁਤ ਪੁਰਾਣੀ ਸਭਿਅਤਾ ਚੀਨ ਦੇ ਲੋਕਾਂ ਦਾ ਮੰਨਣਾ ਸੀ ਕਿ ਵਾਲਾਂ ਦੀ ਸੰਭਾਲ ਕਰਨੀ ਬਜ਼ੁਰਗਾਂ ਦੀ ਇੱਜ਼ਤ ਕਰਨਾ ਹੈ। ਚੀਨ ਵਿੱਚ ਵਾਲਾਂ ਰੂਪੀ ਵਿਰਸੇ ਦੀ ਸੰਭਾਲ ਤੋਂ ਹੀ ਫਿਲੀਅਨ ਪਾਇਟੀ ਸ਼ੁਰੂ ਹੁੰਦੀ ਹੈ। ਪੁਰਾਤਨ ਸਮੇਂ ਤੋਂ ਹੀ ਦੁਨੀਆਂ ਦੇ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਵਾਲਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਰਿਹਾ ਹੈ। ਲਗਭਗ ਸਾਰੇ ਹੀ ਦੇਸ਼ਾਂ ਵਿੱਚ 16ਵੀਂ, 17ਵੀਂ ਸਦੀ ਤੱਕ ਕੇਸਾਂ ਨਾਲ ਕਦੇ ਛੇੜ ਛਾੜ ਨਹੀਂ ਕੀਤੀ ਗਈ। ਕੇਸ ਸੰਸਾਰ ਦੇ ਸਾਰੇ ਸਭਿਆਚਾਰਾਂ ਦੀ ਸ਼ਾਨ ਦਾ ਆਧਾਰ ਪਹਿਲਾਂ ਵੀ ਰਹੇ ਹਨ, ਹੁਣ ਵੀ ਹਨ ਅਤੇ ਭਵਿੱਖ ਵਿੱਚ ਵੀ ਰਹਿਣਗੇ। ਸਭਿਆਚਾਰ ਨੂੰ ਤਹਿਸ ਨਹਿਸ ਕਰਨ ਲਈ ਸਭ ਤੋਂ ਪਹਿਲਾਂ ਕੇਸਾਂ ਉਤੇ ਹੀ ਹਮਲੇ ਹੁੰਦੇ ਆਏ। ਸਭਿਆਚਾਰ ਨੂੰ ਬਚਾਉਣ ਲਈ ਕੇਸਾਂ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਸੰਸਾਰ ਦੇ ਹਰ ਸੱਭਿਆਚਾਰ ਦਾ ਇਤਿਹਾਸ ਹੈ। ਕੇਸਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਕੁਰਬਾਨੀਆਂ ਵੀ ਦਿੱਤੀਆਂ ਗਈਆਂ। ਸਮੁੱਚੇ ਤੌਰ ਤੇ ਮਨੁੱਖਤਾ ਸੁਚੇਤ ਅਤੇ ਅਚੇਤ ਤੌਰ ਤੇ ਕੇਸਾਂ ਨਾਲ ਲਗਾਵ ਰੱਖਦੀ ਹੈ। ਅਫਰੀਕਾ, ਅਮਰੀਕਾ, ਰੂਸ, ਭਾਰਤ, ਚੀਨ, ਇੰਗਲੈਂਡ, ਇਟਲੀ ਆਦਿ ਸਭ ਜਗ੍ਹਾਵਾਂ ਉੱਤੇ ਹੀ ਲੋਕਾਂ ਦੀ ਮਾਨਸਿਕਤਾ ਕੇਸਾਂ ਨਾਲ ਅਟੁੱਟ ਜੁੜੀ ਰਹੀ ਹੈ। ਸੰਸਾਰ ਦੇ ਸਮੁੱਚੇ ਇਤਿਹਾਸ ਵਿੱਚ ਵਾਲਾਂ ਨੂੰ ਸ਼ੇਵ ਕਰਨਾ ਗੁਲਾਮੀ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਗੁਲਾਮਾਂ ਦੇ ਸਿਰ ਚੰਗੀ ਤਰ੍ਹਾਂ ਮੁੰਨ ਦਿੱਤੇ ਜਾਂਦੇ ਸਨ। ਵਾਲਾਂ ਨੂੰ ਮੁੰਨ ਦੇਣ ਦਾ ਮਤਲਬ ਸੀ ਕਿ ਇਸ ਵਿਅਕਤੀ ਨੇ ਦੂਜੇ ਅੱਗੇ ਪੂਰਨ ਤੌਰ ਤੇ ਸਮਰਪਣ ਕਰ ਦਿੱਤਾ ਹੈ।



ਵਾਲਾਂ ਨੂੰ ਪੁਰਾਤਨ ਸਮੇਂ ਤੋਂ ਹੀ ਸਮਾਜਿਕ ਰੁਤਬੇ ਨਾਲ ਜੋੜਿਆ ਗਿਆ ਹੈ। ਉੱਚੇ ਸਮਾਜਿਕ ਰੁਤਬੇ ਵਾਲੇ ਲੋਕਾਂ ਵਿੱਚ ਵਾਲਾਂ ਨੂੰ ਸੰਭਾਲਣਾ ਚੰਗਾ ਸਮਝਿਆ ਜਾਂਦਾ ਸੀ। ਵਾਲ ਸੰਭਾਲਣ ਦਾ ਤਰੀਕਾ ਵੀ ਸ਼ੁਰੂ ਤੋਂ ਹੀ ਚੰਗੇ ਸਲੀਕੇ ਨਾਲ ਜੋੜਿਆ ਗਿਆ ਹੈ। ਕੇਸਾਂ ਦੀ ਉਚਿਤ ਸੰਭਾਲ ਨਾਲ ਹੀ ਮਨੁੱਖਤਾ ਦੇ ਅਸਲ ਅਤੇ ਸ਼ੁੱਧ ਸਰੂਪ ਨੂੰ ਬਚਾਇਆ ਜਾ ਸਕਦਾ ਹੈ। ਮਨੋਚਕਿਸਤਕਾਂ ਦਾ ਸੁਝਾਅ ਹੈ ਵਾਲਾਂ ਪ੍ਰਤੀ ਜਾਗਰੂਕ ਕਰਨ ਲਈ ਵਾਲ (ਕੇਸ) ਦਿਵਸ ਮਨਾਇਆ ਜਾਣਾ ਚਾਹੀਦਾ ਹੈ।

ਸਮੇਂ ਸਮੇਂ ਸਮਾਜਿਕ ਅਤੇ ਰਾਜਸੀ ਹਾਲਾਤਾਂ ਕਾਰਣ ਲੋਕਾਂ ਦੀ ਵਾਲਾਂ ਪ੍ਰਤੀ ਮਾਨਸਿਕਤਾ ਪ੍ਰਭਾਵਿਤ ਹੁੰਦੀ ਰਹੀ, ਪਰ ਵਾਲਾਂ ਪ੍ਰਤੀ ਲਗਾਵ ਕਦੇ ਵੀ ਖਤਮ ਨਹੀਂ ਹੋਇਆ ਅਤੇ ਨਾ ਹੀ ਕਦੇ ਖਤਮ ਹੋਵੇਗਾ, ਕਿਉਂਕਿ ਕੇਸ ਸਾਡਾ ਵਿਰਸਾ ਹਨ। ਅਸੀਂ ਇਹਨਾਂ ਨਾਲ ਹੀ ਜਨਮੇ ਹਾਂ ਤੇ ਇਹਨਾਂ ਨਾਲ ਹੀ ਮਰਨਾ ਹੈ। ਸਮਾਜ ਦੇ ਸਾਰੇ ਦੇਸ਼ਾਂ, ਮਨੁੱਖਤਾ ਦੇ ਸਾਰੇ ਵਰਗਾਂ ਅਤੇ ਸਾਰੇ ਧਰਮਾਂ ਦੀ ਮਾਨਸਿਕਤਾ ਕੇਸਾਂ ਨਾਲ ਅੰਦਰ ਤੱਕ ਜੁੜੀ ਹੋਈ ਹੈ। ਸਭ ਤੋਂ ਪਹਿਲੀ ਸਭਿਅਤਾ, ਯੂਨਾਨੀ ਲੋਕ, ਸ਼ੁਰੂ ਤੋਂ ਹੀ ਵਾਲਾਂ ਨੂੰ ਬਹੁਤ ਪਵਿੱਤਰ ਸਮਝਦੇ ਸਨ। ਰੂਸ ਦੇ ਇਤਿਹਾਸ ਵਿਚ ਦਾੜ੍ਹੀ ਲੰਬੇ ਸਮੇਂ ਤੱਕ ਇੱਕ ਮਾਨਮਤੀ ਰਵਾਇਤ ਰਹੀ ਹੈ। ਇਸ ਨੂੰ ਮਰਦਾਨਗੀ ਅਤੇ ਪਵਿੱਤਰਤਾ ਦੀ ਪ੍ਰਤੀਕ ਵਜੋਂ ਮਾਨਤਾ ਪ੍ਰਾਪਤ ਰਹੀ ਹੈ।

17ਵੀਂ ਸਦੀ ਦੇ ਅੰਤਲੇ ਸਾਲਾਂ ਤੱਕ ਰੂਸ ਵਿੱਚ ਕਿਸੇ ਦੀ ਦਾੜ੍ਹੀ ਨੂੰ ਨੁਕਸਾਨ ਪੁਚਾਉਣ ਦਾ ਜੁਰਮਾਨਾ ਕੀਤਾ ਜਾਂਦਾ ਸੀ। ਦਾੜ੍ਹੀ ਦੀ ਸੰਭਾਲ ਤੋਂ ਹੀ ਵਿਅਕਤੀ ਦੀ ਤਾਕਤ ਅਤੇ ਹੈਸੀਅਤ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਸਭ ਤੋਂ ਵਧੇਰੇ ਬੇਇਜ਼ਤੀ ਉਦੋਂ ਸਮਝੀ ਜਾਂਦੀ ਸੀ। ਜਦੋਂ ਕੋਈ ਦਾੜ੍ਹੀ ਉੱਤੇ ਥੁੱਕ ਸੁੱਟ ਦੇਵੇ। ਇਸਾਈਆਂ ਵਿੱਚ ਵੀਹਵੀਂ ਸਦੀ ਦੇ ਸ਼ੁਰੂ ਤੱਕ ਪੂਰੇ ਵੱਡੇ ਵਾਲ ਰੱਖਣ ਦਾ ਰਿਵਾਜ ਆਮ ਲੋਕਾਂ ਵਿੱਚ ਵੀ ਰਿਹਾ ਹੈ। ਸਾਧੂ ਸੰਤ ਤਾਂ ਸੁਭਾਵਕ ਤੌਰ ਤੇ ਹੀ ਪੂਰੇ ਕੇਸਾਧਾਰੀ ਹੁੰਦੇ ਸਨ। ਜੌਹਨ ਜਿਸ ਨੇ ਈਸਾ ਨੂੰ ਬਪਤਿਸਮਾ ਦਿੱਤਾ ਸੀ, ਉਹ ਵੀ ਪੂਰਨ ਕੇਸਾਧਾਰੀ ਸੀ। ਉਹ ਕਹਿੰਦਾ ਹੈ-

The very hair of your head are all numbered.

ਭਾਵ ਸਿਰ ਦੇ ਸਾਰੇ ਵਾਲ ਰੱਬ ਨੇ ਸਾਨੂੰ ਗਿਣ ਕੇ ਦਿੱਤੇ ਹਨ। ਸਾਨੂੰ ਇਸ ਦਾ ਹਿਸਾਬ ਦੇਣਾ ਪੈਣਾ ਹੈ। ਇਸ ਲਈ ਪਰਮਾਤਮਾ ਵਲੋਂ ਦਿੱਤੇ ਕੇਸਾਂ (ਵਾਲਾਂ) ਰੂਪੀ ਤੋਹਫੇ ਵਿੱਚ ਗੜਬੜ ਕਰਨੀ ਜਾਇਜ਼ ਨਹੀਂ।

ਰਾਜਾਂ ਦੇ ਵਾਰਸਾਂ ਦੇ ਵਾਲ ਲੰਬੇ ਹੁੰਦੇ ਸਨ। ਜੇ ਰਾਜੇ ਨੇ ਆਪਣੇ ਕਿਸੇ ਵਾਰਸ ਨੂੰ ਰਾਜ ਭਾਗ ਦੇ ਹੱਕ ਤੋਂ ਵਾਂਝਿਆ ਕਰਨਾ ਹੁੰਦਾ ਤਾਂ ਉਸ ਦੇ ਵਾਲ ਕੱਟ ਦਿੱਤੇ ਜਾਂਦੇ। ਇਹ ਨਿਸ਼ਾਨੀ ਪੂਰੀ ਤਰ੍ਹਾਂ ਉਹਨਾਂ ਨੂੰ ਇਸ ਹੱਕ ਤੋਂ ਵਾਂਝਿਆ ਕਰ ਦਿੰਦੀ ਸੀ। ਹਿੰਦੂ ਧਰਮ ਵਿੱਚ ਵਾਲ ਪਰਮਾਤਮਾ ਨੂੰ ਅਰਪਨ ਕਰਨ ਯੋਗ ਮੰਨੇ ਗਏ ਹਨ। ਆਪਣੇ ਵਾਲ ਦੇਵੀ ਦੇਵਤਿਆਂ ਨੂੰ ਅਰਪਨ ਕਰਨਾ ਇੱਕ ਵੱਡੀ ਕੁਰਬਾਨੀ ਸਮਝਿਆ ਗਿਆ ਹੈ। ਇਹ ਵੀ ਇੱਕ ਮਾਨਤਾ ਹੈ ਕਿ ਵਾਲਾਂ ਵਿੱਚ ਇੱਕ ਖਾਸ ਸ਼ਕਤੀ ਹੈ।

ਮਿਸਟਰ ਤਿਆਨਥੀ ਅਮਰੀਕਾ ਦੇ ਇੱਕ ਮਹਾਨ ਵਿਦਵਾਨ ਹੋਏ ਹਨ। ਇਹਨਾਂ ਨੇ ਮਨੁੱਖਤਾ ਦਾ ਇਤਿਹਾਸ 20 ਜਿਲਦਾਂ ਵਿੱਚ ਲਿਖਿਆ ਹੈ। ਉਹਨਾਂ ਨੇ ਵੱਖ-ਵੱਖ ਧਾਰਮਿਕ ਫਲਸਫਿਆਂ ਦੀ ਖੋਜ ਕੀਤੀ ਹੈ। ਉਹਨਾਂ ਨੂੰ ਇੱਕ ਵਾਰ ਇੱਕ ਅਮਰੀਕਨ ਔਰਤ ਨੇ ਪੁੱਛਿਆ, "ਤੁਸੀਂ ਸਾਰੀ ਮਨੁੱਖਤਾ ਦਾ ਇਤਿਹਾਸ ਲਿਖਿਆ ਹੈ, ਸੰਸਾਰ ਦੇ ਲੋਕਾਂ ਬਾਰੇ ਖੋਜ ਕੀਤੀ ਹੈ, ਵੱਖ-ਵੱਖ ਫਿਰਕਿਆਂ ਤੇ ਧਰਮਾਂ ਦੇ ਬੰਦਿਆਂ ਨੂੰ ਮਿਲੇ ਹੋ, ਕੀ ਤੁਸੀਂ ਦੱਸ ਸਕਦੇ ਹੋ ਕਿ ਦੁਨੀਆਂ ਵਿੱਚ ਸਭ ਤੋਂ ਸੋਹਣਾ ਵਿਅਕਤੀ ਕੌਣ ਹੈ। ਮਿਸਟਰ ਤਿਆਨਥੀ ਨੇ ਇਕ ਦਮ ਉਤਰ ਦਿੱਤਾ: ਖੁੱਲੀ ਦਾੜ੍ਹੀ ਵਾਲਾ ਸਾਬਤ ਸੂਰਤ ਗੁਰਸਿੱਖ। ਉਹ ਔਰਤ ਇਹ ਸੁਣ ਕੇ ਬਹੁਤ ਹੈਰਾਨ ਹੋਈ ਅਤੇ ਉਸ ਨੇ ਅਗਲਾ ਪ੍ਰਸ਼ਨ ਪੁੱਛਿਆ, ਸਭ ਤੋਂ ਬਦਸੂਰਤ ਇਨਸਾਨ ਕੌਣ ਹੈ? ਮਿਸਟਰ ਤਿਆਨਥੀ ਨੇ ਫਿਰ ਇੱਕ ਦਮ ਉੱਤਰ ਦਿੱਤਾ, ਉਹ ਸਿੱਖ ਜਿਸ ਨੇ ਆਪਣੇ ਕੇਸ, ਦਾੜ੍ਹੀ ਮੁੰਨਵਾ ਦਿੱਤੀ ਹੋਵੇ। ਸਿੱਖ ਗੁਰੂਆਂ ਨੇ ਕੇਸਾਂ ਦੀ ਮਹੱਤਤਾ ਨੂੰ

ਸਮਝਿਆ। ਕੇਸਾਂ ਨਾਲ ਹੀ ਮਨੁੱਖ ਸੰਪੂਰਨ ਅਤੇ ਸਰਬੋਤਮ ਹੈ। ਉਹਨਾਂ ਨੇ ਹਰ ਸਿੱਖ ਨੂੰ ਸੰਪੂਰਨ ਬਣਾਇਆ। ਇਸੇ ਲਈ ਕੇਸਾਂ ਸਬੰਧੀ ਖਾਸ ਸਿਖਿਆਵਾਂ ਅਤੇ ਹਦਾਇਤਾਂ ਦਿੱਤੀਆਂ।

ਕੇਸ ਕਟਾਉਣੇ ਮਨੁੱਖ ਦੀ ਮਾਨਸਿਕ ਗਿਰਾਵਟ ਅਤੇ ਗੁਲਾਮੀ ਦੀ ਪ੍ਰਵਿਰਤੀ ਦੀ ਨਿਸ਼ਾਨੀ ਹੈ। ਇਸ ਨਾਲ ਮਨ ਵਿੱਚ ਹੀਣ ਭਾਵਨਾ ਪੈਦਾ ਹੁੰਦੀ ਹੈ। ਹੀਣ ਭਾਵਨਾ ਮਨੁੱਖ ਨੂੰ ਮਾਨਸਿਕ, ਸਰੀਰਕ, ਸਮਾਜਿਕ ਅਤੇ ਆਤਮਿਕ ਤੌਰ ਤੇ ਕਮਜ਼ੋਰ ਕਰਦੀ ਹੈ। ਇਸੇ ਪ੍ਰਵਿਰਤੀ ਕਾਰਨ ਹੀ ਭਾਰਤ ਸਦੀਆਂ ਤੱਕ ਗੁਲਾਮ ਰਿਹਾ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੋਹਰ ਕਿਹਾ ਅਤੇ ਹਰ ਸਿੱਖ ਨੂੰ ਕੇਸ ਕਾਇਮ ਰੱਖਣ ਦੀ ਤਾਕੀਦ ਕੀਤੀ ਹੈ। ਕੇਸਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਸਿੱਖਾਂ ਨੇ ਸ਼ਹੀਦੀਆਂ ਪਾਈਆਂ। ਭਾਈ ਤਾਰੂ ਸਿੰਘ ਜੀ ਦਾ ਨਾਂ ਖਾਸ ਤੌਰ ਤੇ ਵਰਨਣ ਕੀਤਾ ਜਾਂਦਾ ਹੈ। ਸਿੱਖ ਧਰਮ ਕੇਸਾਂ ਪ੍ਰਤੀ ਪੂਰਨ ਤੌਰ 'ਤੇ ਸੁਹਿਰਦਤਾ ਨਾਲ ਸਮਰਪਿਤ ਹੈ। ਸਿੱਖ ਧਰਮ ਵਿੱਚ ਕੇਸਾਂ ਦੀ ਮਹੱਤਤਾ ਬਿਆਨ ਕਰਨ ਲਈ ਤਾਂ ਅੱਖਰ ਨਾਕਾਫੀ ਰਹਿ ਜਾਂਦੇ ਹਨ। ਵਿਦੇਸ਼ੀ ਵੀ ਇਸ ਗੱਲ ਨੂੰ ਜਾਣਦੇ ਸਨ ਕਿ ਸਿੱਖ ਕਿਸੇ ਵੀ ਕੀਮਤ ਉਤੇ ਕੇਸ ਨਹੀਂ ਕਟਾਉਂਦੇ। ਕੇਸ ਉਨ੍ਹਾਂ ਦੀ ਸ਼ਕਤੀ ਅਤੇ ਸ਼ਾਨ ਦੀ ਪਹਿਚਾਣ ਹਨ। ਸਾਹਿਤ ਵਿਚੋਂ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ। (The Sikhs', General Sir Charles Gough)

-0-

ਸਫਾ 12 ਦਾ ਬਾਕੀ

ਮਾਛੀਵਾੜੇ ਤੋਂ ਘੁੰਗਰਾਲੀ, ਅਜਨੇਰ, ਮਾਨੂੰਪੁਰਾ, ਕਟਾਣਾ ਸਾਹਿਬ ਤੋਂ ਰਾਮਪੁਰ ਹੁੰਦੇ ਅੱਗੇ ਵੱਲ ਨਿਕਲੇ ਸਨ। ਕਾਜ਼ੀ ਸਾਹਿਬ ਗੁਰੂ ਜੀ ਨਾਲ ਆਲਮਗੀਰ ਤੱਕ ਗਏ। ਜਦੋਂ ਇਸ ਗੱਲ ਦਾ ਸੂਬਾ ਸਰਹਿੰਦ ਨੂੰ ਪਤਾ ਲੱਗਾ ਤਾਂ ''ਫ਼ਜ਼ਰ'' ਦੀ ਨਮਾਜ਼ ਪੜ੍ਹਦੇ ਕਾਜ਼ੀ ਸਾਹਿਬ ਦਾ ਕਤਲ ਕਰਵਾ ਦਿੱਤਾ ਗਿਆ। ਅਜਨੇਰ ਪਿੰਡ 'ਚ ਅੱਜ ਵੀ ਕਾਜ਼ੀ ਸਾਹਿਬ ਦੀ ਕਬਰ ਬਣੀ ਹੋਈ ਹੈ। ਇਨ੍ਹਾਂ ਨੂੰ ਬਹੁਤੇ ਲੋਕ ਇਮਲੀ ਵਾਲਾ ਪੀਰ ਕਹਿ ਕੇ ਸਤਿਕਾਰ ਦਿੰਦੇ ਹਨ। ਕਿਉਂਕਿ ਇਨ੍ਹਾਂ ਦੇ ਘਰ ਕੋਲ ਇਮਲੀ ਦਾ ਬੂਟਾ ਹੁੰਦਾ ਸੀ। ਅੱਜ ਵੀ ਲੋਕ ਇਨ੍ਹਾਂ ਦੀ ਕਬਰ ਤੇ ਵੀਰਵਾਰ ਨੂੰ ਸਲਾਮ ਕਰਦੇ ਹਨ ਤੇ ਜੇਠ ਦੇ ਮਹੀਨੇ ਮੇਲਾ ਭਰਦਾ ਹੈ। ਇਸ ਕਬਰ ਦੁਆਲੇ ਲਗਭਗ 25 ਕਿੱਲੇ ਜ਼ਮੀਨ ਹੈ ਜਿਸ ਨੂੰ ਕੋਈ ਵੀ ਵਰਤੋਂ ਅਧੀਨ ਨਹੀਂ ਲੈ ਸਕਦਾ। ਇਸ ਕਬਰ ਦੀ ਦੇਖ-ਰੇਖ ਇਕ ਸਿੱਖ ਪਰਿਵਾਰ ਸ. ਗੁਰਮੇਲ ਸਿੰਘ ਕਰ ਰਿਹਾ ਹੈ। ਇਹੋ ਜਿਹੀ ਇਤਿਹਾਸਕ ਹਸਤੀ ਨੂੰ ਸਾਂਭਣ ਲਈ ਯੋਗ ਯਤਨ ਹੋਣੇ ਚਾਹੀਦੇ ਹਨ ਜਿਨ੍ਹਾਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਵਫ਼ਾ ਨਿਭਾ ਕੇ ਸਾਥ ਦਿੱਤਾ ਸੀ।

ਅਨਾਇਤ ਅਲੀ ਨੂਰਪੁਰੀਆ

ਮਾਛੀਵਾੜਾ ਦੇ ਨੇੜਲੇ ਪਿੰਡ ਨੂਰਪੁਰਾ ਦਾ ਵਾਸੀ ਸੀ ਕਾਜ਼ੀ ਅਨਾਇਤ ਅਲੀ, ਜਿਨ੍ਹਾਂ ਨੂੰ ਲੋਕ ਜ਼ਿਆਦਾ ਕਾਜ਼ੀ ਨੂਰਪੁਰੀਆ ਆਖਦੇ ਸਨ। ਦੱਸਿਆ ਜਾਂਦਾ ਹੈ ਕਿ ''ਜਦੋਂ ਮੁਗ਼ਲ ਸਿਪਾਹੀ ਨੇ ਕਾਜ਼ੀ ਨੂਰਪੁਰੀ ਨੂੰ ਸੱਦਿਆ ਕਿ ਸਿੱਖਾਂ ਦੇ ਦਸਵੇਂ ਗੁਰੂ ਦੀ ਭਾਲ ਵਿਚ ਇਕ ਉੱਚ ਦੇ ਪੀਰ ਦੀ ਸ਼ਨਾਖ਼ਤ ਕਰਨੀ ਹੈ ਤਾਂ ਇੰਨਾ ਸੁਣ ਕੇ ਕਾਜ਼ੀ ਜੀ ਦੇ ਹੱਥੋਂ ਪਾਣੀ ਦਾ ਲੋਟਾ ਡਿੱਗ ਪਿਆ ਸੀ। ਇਨ੍ਹਾਂ ਨੇ ਭਾਵੇਂ (ਕਾਜ਼ੀ ਜੀ ਨੇ) ਗੁਰੂ ਜੀ ਨੂੰ ਪਛਾਣ ਲਿਆ ਸੀ ਪਰ ਫੇਰ ਵੀ ਕਿਹਾ ਸੀ ਕਿ, ''ਉਹ ਉੱਚ ਦਾ ਪੀਰ ਐ।ਕਾਜ਼ੀ ਜੀ ਦੀ ਯਾਦ 'ਚ ਪਿੰਡ ਵਾਸੀਆਂ ਨੇ ''ਗਵਾਹੀ ਸਾਹਿਬ'' ਪਾਤਸ਼ਾਹੀ ਦਸਵੀਂ ਗੁਰੂ ਘਰ ਉਸਾਰਿਆ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦੇ ਪਿੰਡ ਕਾਜ਼ੀ ਜੀ ਦੀ ਯਾਦ ਵਿਚ ਕੋਈ ਮਜ਼ਾਰ ਜਾਂ ਯਾਦਗਾਰ ਨਹੀਂ ਸੀ ਉਸਰੀ। ਬਹੁਤੇ ਪਿੰਡ ਵਾਸੀ ਇਸ ਮਹਾਨ ਸ਼ਖ਼ਸੀਅਤ ਤੋਂ ਅਣਜਾਣ ਹਨ। ਕੁਝ ਇਤਿਹਾਸਕ ਪੁਸਤਕਾਂ ਦੇ ਤੱਥਾਂ ਦੇ ਆਧਾਰ 'ਤੇ ਇਨ੍ਹਾਂ ਸਤਰਾਂ ਨੂੰ ਲਿਖਿਆ ਜਾ ਰਿਹਾ ਹੈ।

ਕਾਜ਼ੀ ਪੀਰ ਮੁਹੰਮਦ

ਪਿੰਡ ਸਲੋਹ ਦੇ ਬਸ਼ਿੰਦੇ ਸਨ ਕਾਜ਼ੀ ਪੀਰ ਮੁਹੰਮਦ ਜੀ।ਇਹ ਪਿੰਡ ਨਵਾਂ ਸ਼ਹਿਰ ਤੋਂ ਦੱਖਣ ਵੱਲ ਨੂੰ ਕਰੀਬ ਦੋ ਕਿਲੋਮੀਟਰ ' ਤੇ ਵਸਿਆ ਹੈ। ਇਹ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਰਬੀ ਫ਼ਾਰਸੀ ਦੇ ਉਸਤਾਦ ਸਨ ਜਿਨ੍ਹਾਂ ਗੁਰੂ ਜੀ ਨੂੰ ਅਰਬੀ ਅਤੇ ਫ਼ਾਰਸੀ ਦਾ ਗਿਆਨ ਗ੍ਰਹਿਣ ਕਰਵਾਇਆ। ਕਾਜ਼ੀ ਸਾਹਿਬ ਗੁਰੂ ਜੀ ਨੂੰ ਪੜ੍ਹਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਜਾਇਆ ਕਰਦੇ ਸਨ। ਇਨ੍ਹਾਂ ਨੇ ਆਖ਼ਰੀ ਸਾਹ ਵੀ ਆਪਣੇ ਪਿੰਡ ਸਲੋਹ ਵਿਖੇ ਲਿਆ ਤੇ ਇਨ੍ਹਾਂ ਨੂੰ ਖ਼ਾਕ-ਏ-ਸਪੁਰਦ ਵੀ ਸਲੋਹ ਵਿਚ ਹੀ ਕੀਤਾ ਗਿਆ ਸੀ। ਪਰ ਇਸ ਦੀ ਪੱਕੀ ਜਾਣਕਾਰੀ ਕਿਤੋਂ ਨਹੀਂ ਮਿਲਦੀ। ਉਂਝ ਪਿੰਡ ਦੇ ਬਜ਼ੁਰਗਾਂ ਦਾ ਮੰਨਣਾ ਹੈ ਕਿ ਇਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਇਸ ਪਿੰਡ ਅੱਜ ਵੀ ਤਿੰਨ ਮਸੀਤਾਂ ਜਿਉਂ ਦੀ ਤਿਉਂ ਸਾਂਭ ਸੰਭਾਲ ਹੇਠ ਹਨ ਭਾਵੇਂ ਇੱਥੇ ਇਕ ਵੀ ਘਰ ਮੁਸਲਮਾਨਾਂ ਦਾ ਨਹੀਂ। ਇਹਨਾਂ ਤਿੰਨ ਮਸੀਤਾਂ 'ਚੋਂ ਦੋ ਮਸੀਤਾਂ ਨੂੰ ਬਹੁਤ ਖੂਬਸੂਰਤ ਦਿੱਖ ਵਿਚ ਸਾਂਭਿਆ ਹੋਇਆ ਹੈ। ਜਤਿੰਦਰ ਸਿੰਘ ਗਿੱਲ ਜਿਹੜੇ ਪੱਕੇ ਤੌਰ 'ਤੇ ਕੈਨੇਡਾ ਵਾਸੀ ਹੋਣ ਕਰਕੇ ਇਕ ਮਸੀਤ ਦੀ ਦੇਖ-ਰੇਖ ਇਕ ਪੱਕੇ ਸੇਵਾਦਾਰ ਰਾਹੀਂ ਕਰਵਾ ਰਹੇ ਹਨ।

-0-

ਸ਼ਬਦ ਵਿਚਾਰ **ਸਫਾ 8 ਦਾ ਬਾਕੀ**

ਸੰਸਾਰ ਵਿੱਚ ਰਹਿ ਰਹੇ ਮਨੁੱਖ, ਪਸ਼ੂ, ਬਨਸਪਤੀ ਇਕ ਦੂਜੇ ਨੂੰ ਖਾ ਕੇ ਜਿਉਂਦੇ ਹਨ । ਜਿਹੜੀ ਚੇਤੰਤਾ, ਨਿਯਮਾਵਲੀ ਇਹ ਸਦਾ ਕਾਇਮ ਰਹਿਣ ਵਾਲੀ ਹੈ । ਜਿਸ ਤਰ੍ਹਾਂ ਦਾ ਕਰਮ ਕਰੀ ਜਾਵਾਂਗੇ, ਓਸੇ ਤਰ੍ਹਾਂ ਨਵੀਂਆਂ ਨਵੀਆਂ ਵਸਤੂਆਂ ਹੋਂਦ ਵਿੱਚ ਆਉਂਦੀਆਂ ਰਹਿਣਗੀਆਂ।

ਇਸ ਦਾ ਅਰਥ ਹੈ ਕਿ ਬੰਦਿਆ ਕੁਦਰਤ ਦੀ ਨਿਯਮਾਵਲੀ ਨੂੰ ਸਮਝ । ਇਸ ਨਾਲ ਖਲਵਾੜ ਨਾ ਕਰ । ਕੁਦਰਤ ਇਕ ਦੂਜੇ ਦੀ ਸਹਾਇਤਾ ਕਰਦੀ ਹੈ। ਕੁਦਰਤੀ ਜ਼ਿੰਦਗੀ ਨੂੰ ਤਰਜੀਹ ਦੇਣ ਦਾ ਯਤਨ ਕਰਦਾ ਰਹਿ।

ਦੂਸਰਾ ਪੱਖ ਪੰਜਾਂ ਤੱਤਾਂ ਦਾ ਸਾਡਾ ਸਰੀਰ ਖੜਾ ਹੈ ਤਾਂ ਸਤ, ਸੰਤੋਖ, ਦਇਆ, ਧਰਮ ਹਲੀਮੀ ਆਦਿ ਗੁਣਾਂ ਨਾਲ ਹੀ ਸੰਸਾਰ ਚਲਦਾ ਹੈ । ਦੈਵੀ ਗੁਣਾਂ ਨੂੰ ਆਪਣੇ ਵਿਚੋਂ ਪ੍ਰਗਟ ਕਰ ਤੇ ਇਨ੍ਹਾਂ ਵਿੱਚ ਸਦਾ ਲੀਨ ਰਹੋ-

1. ਪੰਜ ਤੱਤ ਭਾਵ, ਪੰਜ ਗੁਣ-ਸਤ, ਸੰਤੋਖ, ਨਿਮ੍ਰਤਾ, ਹਲੇਮੀ ਤੇ ਧੀਰਜ ਵਰਗੇ ਦੈਵੀ ਗੁਣਾਂ ਨਾਲ ਆਪਣੀ ਆਤਮਿਕ ਅਵਸਥਾ ਬਣਾ

2. ਸਿਆਣਾ (ਚਤੁਰ) ਸੂਝਵਾਨ, ਗਿਆਨ ਲੈਣ ਦਾ ਚਾਹਵਾਨ ਹੀ ਛੇਤੀ ਸਮਝ ਸਕਦਾ ਹੈ।

3. ਗਿਆਨਵਾਨ ਮਨ, ਸਤਿਗੁਰ ਦੀ ਮਤ ਦੁਆਰਾ ਪੈਦਾ ਹੁੰਦਾ ਹੈ।

4. ਅੰਦਰੋਂ ਬਾਹਰੋਂ ਇੱਕ ਹੋ ਜਾਂਦਾ ਹੈ।

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥

ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥ (੧੪੧੮)

ਪਵਣੁ ਗੁਰੂ ਪਾਣੀ ਪਿਤਾ...

ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਜਗਤ ਗੁਰੂ ਬਾਬਾ ਨਾਨਕ ਪਾਤਸ਼ਾਹ ਜੀ ਦੀ ਜਪੁ ਬਾਣੀ ਦਾ ਦੂਜਾ ਤੇ ਆਖਰੀ ਸਲੋਕ ਹੈ–

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥1॥ (8)

ਆਓ ਇਸ ਸਲੋਕ ਦੇ ਇੱਕ ਇੱਕ ਅੱਖਰ ਨੂੰ ਚੰਗੀ ਤਰ੍ਹਾਂ ਘੋਖ ਕੇ ਵੇਖੀਏ ਤੇ ਸਮਝਣ ਦਾ ਯਤਨ ਕਰੀਏ ਕਿ ਗੁਰੂ ਪਾਤਸ਼ਾਹ ਇਸ ਸਲੋਕ ਰਾਹੀ ਸਾਨੂੰ ਕੀ ਸਮਝਾਉਂਦੇ ਹਨ।



ਮੰਗਤ ਸਿੰਘ ਰਾਹੀ
 # 98882-91607

ਪਵਣੁ ਗੁਰੂ– ਸਭ ਤੋਂ ਪਹਿਲਾਂ ਪਾਤਸ਼ਾਹ ਕਹਿੰਦੇ ਹਨ ਪਵਣ ਗੁਰੂ ਹੈ। ਕਿਉਂ? ਪਵਣ ਦਾ ਮਤਲਬ ਹਵਾ। ਹਵਾ ਦੇ ਗੁਣ ਹਨ– ਹਵਾ ਸਭ ਨੂੰ ਇੱਕ ਸਮਾਨ ਸੁੱਖ ਪਹੁੰਚਾਉਂਦੀ ਹੈ। ਹਵਾ ਬੰਦੀਖਾਨੇ ਵਿੱਚ ਵੀ ਤੇ ਉਸ ਤੋਂ ਬਾਹਰ ਰਹਿੰਦੇ ਮਨੁੱਖਾਂ ਨੂੰ ਇੱਕ ਬਰਾਬਰ ਪਹੁੰਚਦੀ ਹੈ ਤੇ ਸਮ ਭਾਵ ਨਾਲ ਹਰੇਕ ਨੂੰ ਸਮਾਨ ਹਵਾ ਦਿੰਦੀ ਹੈ। ਗੁਰੂ ਪਾਤਸ਼ਾਹ ਨੇ ਪਵਣ ਨੂੰ ਗੁਰੂ ਇਸੇ ਲਈ ਕਿਹਾ ਹੈ, ਕਿਉਂਕਿ ਜਿਵੇਂ ਗੁਰੂ ਆਪਣੇ ਸਿਖਿਆਰਥੀਆਂ ਨੂੰ, ਆਪਣੇ ਸੇਵਕਾਂ ਨੂੰ ਇਕ ਸਮਾਨ ਦ੍ਰਿਸ਼ਟੀ ਨਾਲ ਗਿਆਨ ਪ੍ਰਦਾਨ ਕਰਦਾ ਹੈ ਤੇ ਪਵਣ ਵੀ ਹਰ ਪ੍ਰਾਣੀ ਮਾਤਰ ਨੂੰ ਇੱਕ ਸਮਾਨ ਹਵਾ ਦੇ ਕੇ ਸੁੱਖ ਪ੍ਰਦਾਨ ਕਰਦੀ ਹੈ।

ਪਾਣੀ ਪਿਤਾ– ਇਸ ਤੋਂ ਅੱਗੇ ਗੁਰੂ ਜੀ ਨੇ ਪਾਣੀ ਨੂੰ ਪਿਤਾ ਕਿਹਾ ਹੈ। ਕਿਉਂ? ਅਸੀਂ ਸਾਰੇ ਜਾਣਦੇ ਹਾਂ ਕਿ ਪਾਣੀ ਵਿੱਚ ਦੋ ਖੂਬੀਆਂ ਹਨ। ਇੱਕ ਤਾਂ ਪਾਣੀ ਸਦਾ ਨਿਵਾਣ ਵੱਲ ਵਹਿੰਦਾ ਹੈ ਤੇ ਦੂਜਾ ਉਹ ਸਦਾ ਗਤੀਸ਼ੀਲ ਰਹਿੰਦਾ ਹੈ, ਅੱਗੇ ਹੀ ਵੱਧਦਾ ਰਹਿੰਦਾ ਹੈ। ਨਿਵਣਤਾ ਦਾ ਗੁਣ ਤੇ ਗਤੀਸ਼ੀਲ ਦੇ ਗੁਣ ਕਾਰਨ ਹੀ ਗੁਰੂ ਪਾਤਸ਼ਾਹ ਪਾਣੀ ਨੂੰ ਪਿਤਾ ਆਖਦੇ ਹਨ, ਕਿਉਂ ਜੋ ਪਿਤਾ ਵੀ ਹਮੇਸ਼ਾਂ ਆਪਣੇ ਬੱਚਿਆਂ ਲਈ, ਆਪਣੇ ਪਰਿਵਾਰ ਲਈ ਹਰ ਦੁੱਖ ਸੁੱਖ ਸਹਿ ਕੇ, ਹਰ ਵਧੀਕੀ ਸਹਿ ਕੇ ਨਿਵਣਤਾ ਵਿੱਚ ਰਹਿ ਕੇ ਅੱਗੇ ਹੀ ਅੱਗੇ ਵੱਧਦਾ ਰਹਿੰਦਾ ਹੈ, ਗਤੀਸ਼ੀਲ ਰਹਿੰਦਾ ਹੈ।

ਮਾਤਾ ਧਰਤਿ ਮਹਤੁ– ਅੱਗੇ ਚੱਲ ਕੇ ਗੁਰੂ ਪਾਤਸ਼ਾਹ ਧਰਤੀ ਨੂੰ ਮਹਾਨ ਮਾਤਾ ਕਹਿ ਕੇ ਸੰਬੋਧਨ ਕਰਦੇ ਹਨ। ਕਿਉਂ? ਅਸੀਂ ਸਾਰੇ ਜਾਣਦੇ ਹਾਂ ਕਿ ਧਰਤੀ ਦਾ ਗੁਣ ਸਹਿਣਸ਼ੀਲਤਾ, ਧੀਰਜ ਹੈ। ਧਰਤੀ ਨੂੰ ਕੋਈ ਪੂਜਾ ਕਰੇ ਜਾਂ ਮਾਰੇ ਕੁੱਟੇ, ਪੁੱਟੇ ਪਰ ਉਹ ਹਰ ਹਾਲ ਵਿੱਚ ਇੱਕ ਸਮਾਨ ਰਹਿੰਦੀ ਹੈ। ਇਸ ਪੂਜਾ ਕਰਨ ਦਾ ਜਾਂ ਪੁੱਟਣ-ਖੋਦਣ ਦਾ ਉਸ ਤੇ ਕੋਈ ਚੰਗਾ ਜਾਂ ਮਾੜਾ ਪ੍ਰਭਾਵ ਨਹੀਂ ਪੈਂਦਾ। ਕੋਈ ਇੱਕ ਬੀਜ ਵੀ ਉਸ ਵਿੱਚ ਪਾਏ ਤਾਂ ਬਦਲੇ ਵਿੱਚ ਉਹ ਕਈ ਗੁਣਾਂ ਵਾਪਸ ਕਰਦੀ ਹੈ। ਮਾਤਾ ਵੀ ਆਪਣੇ ਬੱਚਿਆਂ ਲਈ ਹਰ ਕਸ਼ਟ ਸਹਿਣ ਕਰਦੀ ਹੈ, ਸਹਿਣਸ਼ੀਲ ਰਹਿੰਦੀ ਹੈ, ਸਦਾ ਧੀਰਜ ਧਾਰਨ ਕਰੀ ਰੱਖਦੀ ਹੈ। ਬੱਚੇ ਦੀ ਹਰ ਤਾਰੀਫ ਜਾਂ ਅਪਮਾਨ ਖਿੜੇ ਮੱਥੇ ਪ੍ਰਵਾਨ ਕਰਦੀ ਹੈ, ਉਸ ਤੇ ਕੋਈ ਚੰਗਾ ਜਾਂ ਮਾੜਾ ਅਸਰ ਨਹੀਂ ਪੈਂਦਾ। ਬੱਚਾ ਜਰਾ ਜਿੰਨੀ ਖੁਸ਼ੀ ਵੀ ਅਗਰ ਮਾਤਾ ਨੂੰ ਦਿੰਦਾ ਹੈ ਤਾਂ ਮਾਤਾ ਬਦਲੇ ਵਿੱਚ ਆਪਣੇ ਬੱਚੇ ਲਈ ਜਾਨ ਵਾਰਨ ਨੂੰ ਵੀ ਪਿੱਛੇ ਨਹੀਂ ਹਟਦੀ। ਉਸਨੂੰ ਇੱਕ ਖੁਸ਼ੀ ਬਦਲੇ ਹਜ਼ਾਰਾਂ ਖੁਸ਼ੀਆਂ ਵਾਪਸ ਦਿੰਦੀ ਹੈ। ਇਹਨਾਂ ਗੁਣਾਂ ਕਰਕੇ ਹੀ ਗੁਰੂ ਪਾਤਸ਼ਾਹ ਜੀ ਨੇ **ਮਾਤਾ ਧਰਤਿ ਮਹਤੁ** ਕਿਹਾ ਹੈ। ਐਸਾ ਕਹਿਣ ਨਾਲ ਗੁਰੂ ਸਾਹਿਬ ਸੰਕੇਤ ਦਿੰਦੇ ਹਨ ਕਿ ਐ ਪ੍ਰਾਣੀ! ਤੂੰ ਵੀ ਆਪਣੇ ਅੰਦਰ ਪਵਣ, ਪਾਣੀ ਤੇ ਧਰਤੀ ਵਾਲੇ ਗੁਣ ਧਾਰਨ ਕਰ ਤੇ ਉਹਨਾਂ ਦੇ ਇਹਨਾਂ ਗੁਣਾਂ ਨੂੰ ਵੀ ਸੰਭਾਲ ਕੇ ਰੱਖ।

ਦਿਵਸੁ ਰਾਤਿ ਦੁਇ ਦਾਈ ਦਾਇਆ– ਅੱਗੇ ਗੁਰੂ ਸਾਹਿਬ ਕਹਿੰਦੇ ਹਨ ਕਿ ਦਿਨ ਤੇ ਰਾਤ ਦੋ ਖਿਡਾਵੇ ਦੀ ਤਰ੍ਹਾਂ ਹਨ। ਦਿਨੇ ਬੰਦਾ ਸੰਸਾਰ ਦੇ ਕੰਮਾਂ ਦੀਆਂ, ਪਰਿਵਾਰ ਦੀਆਂ ਜਿੰਮੇਵਾਰੀਆਂ ਨਿਭਾਉਣ ਦੀਆਂ ਖੇਡਾਂ ਖੇਡਦਾ ਹੈ ਤੇ ਰਾਤ ਨੂੰ ਆਰਾਮ ਦੀ ਨੀਂਦ ਸੌਂਦਾ ਹੈ। ਸਾਰਾ ਸੰਸਾਰ ਇਸੇ ਤਰ੍ਹਾਂ ਖੇਡ ਰਿਹਾ ਹੈ। ਜਿਸ ਤਰਾਂ ਖਿਲਾੜੀ ਖੇਡਦੇ ਹੋਏ ਜਿੱਤ ਜਾਂ ਹਾਰ ਦੀ ਪ੍ਰਵਾਹ ਕੀਤੇ ਬਿਨਾਂ ਪੂਰੀ ਇਮਾਨਦਾਰੀ ਤੇ ਪੂਰੀ ਮਿਹਨਤ ਨਾਲ ਖੇਡਦੇ ਹਨ, ਇਨਸਾਨ ਨੂੰ ਵੀ ਚਾਹੀਦਾ ਹੈ ਕਿ ਉਹ ਜੀਵਨ ਦੀ ਖੇਡ ਆਪਣੀਆਂ ਜਿੰਮੇਵਾਰੀਆਂ, ਆਪਣੇ ਫਰਜ ਪੂਰੀ ਇਮਾਨਦਾਰੀ ਤੇ ਪੂਰੀ ਮਿਹਨਤ ਨਾਲ ਨਿਭਾਏ ਤੇ ਇਸ ਨੂੰ ਵੀ ਇਕ ਖੇਡ ਦੀ ਤਰ੍ਹਾਂ ਬਿਨਾਂ ਕਿਸੇ ਲੱਗ ਲਗਾਵ ਦੇ ਨਿਭਾਂਦਾ ਚਲੇ।

ਚੰਗਿਆਈਆ ਬੁਰਿਆਈਆ – ਮਨੁੱਖ ਇਸ ਖੇਡ ਵਿੱਚ ਅਰਥਾਤ ਦਿਨ ਤੇ ਰਾਤ ਵਿੱਚ ਜੋ ਜੋ ਚੰਗੇ ਜਾਂ ਬੁਰੇ ਕਰਮ ਕਰਦਾ ਹੈ, ਉਹ **ਵਾਚੈ ਧਰਮੁ ਹਦੂਰਿ–** ਧਰਮ- ਇਹ ਕੋਈ ਧਰਮਰਾਜ ਨਹੀਂ ਹੈ, ਜੋ ਕਿਤੇ ਬੈਠਾ ਹੈ, ਧਰਮ ਮਤਲਬ ਦਿਮਾਗ, ਹਰ ਇੱਕ ਬੰਦੇ ਦਾ ਦਿਮਾਗ ਹੀ ਧਰਮ ਹੈ, ਜੋ ਉਸ ਦੇ ਚੰਗੇ ਮੰਦੇ ਕੰਮ ਉਸ ਦੇ ਦਿਮਾਗ ਵਿੱਚ (ਹਦੂਰ) ਅੰਕਤ (ਲਿਖੇ) ਜਾਂਦੇ ਹਨ, ਪ੍ਰਤੱਖ ਹੋ ਜਾਂਦੇ ਹਨ।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ– ਇਨ੍ਹਾਂ ਆਪਣੇ ਆਪਣੇ ਕਰਮਾਂ ਅਨੁਸਾਰ, ਚੰਗੇ ਕਰਮ ਕਰਨ ਵਾਲੇ ਉਸ ਪਰਮਾਤਮਾ (ਆਪਣੇ ਆਪ) ਦੇ ਨੇੜੇ ਹੋ ਜਾਂਦੇ ਹਨ ਤੇ ਬੁਰੇ ਕਰਮ ਕਰਨ ਵਾਲੇ ਪਰਮਾਤਮਾ (ਆਪਣੇ ਆਪ) ਤੋਂ ਦੂਰ ਹੋ ਜਾਂਦੇ ਹਨ।

ਜਿਨੀ ਨਾਮੁ ਧਿਆਇਆ – ਜਿਨ੍ਹਾਂ ਨੇ ਉਸ ਰੱਬੀ ਗੁਣਾਂ (ਨਾਮ) ਨੂੰ ਆਪਣੇ ਅੰਦਰ ਧਾਰਨ ਕੀਤਾ, ਉਹਨਾਂ ਨੂੰ ਜਿੰਦਗੀ ਵਿੱਚ, ਵਿਹਾਰ ਵਿੱਚ, ਅਮਲ ਵਿੱਚ ਲਿਆਂਦਾ।

ਗਏ ਮਸਕਤਿ ਘਾਲਿ– ਉਹ ਆਪਣੀ ਮਿਹਨਤ ਸਫਲ ਕਰ ਗਏ, ਉਹ ਵਿਕਾਰਾਂ ਤੋਂ ਮੁਕਤ ਹੋ ਗਏ।

ਨਾਨਕ ਤੇ ਮੁਖ ਉਜਲੇ– ਉਹਨਾਂ ਦੇ ਮੁੱਖ ਉਜਲੇ ਅਰਥਾਤ ਉਹ ਜੀਵਨ ਦੀ ਬਾਜੀ ਜਿੱਤ ਗਏ ਤੇ ਸੁਰਖਰੂ ਹੋ ਗਏ।

ਕੇਤੀ ਛੁਟੀ ਨਾਲਿ– ਉਹਨਾਂ ਦੀ ਸੰਗਤ ਕਰਨ ਵਾਲੇ ਵੀ ਚੰਗੇ ਆਚਰਣ, ਚੰਗੇ ਕਰਮਾਂ ਕਰਕੇ ਉਹ ਵੀ ਵਿਕਾਰਾਂ ਤੋਂ (ਛੁੱਟੀ ਹੋ ਗਈ) ਮੁਕਤ ਹੋ ਗਏ। ਵਿਕਾਰ ਰਹਿਤ ਹੋ ਕੇ ਸਚਿਆਰ ਬਣ ਗਏ। –0–

ਵਿਆਹ ਵਿਚ ਗੁਰਮਤਿ ਅਨੁਸਾਰ ਕਿਹੜੀਆਂ ਰੀਤਾਂ ਜਰੂਰੀ ਹਨ ਅਤੇ ਕਿਹੜੀਆਂ ਰੀਤਾਂ ਬੇਲੋੜੀਆਂ ਹਨ?

ਗੁਰਮਤਿ ਵਿਰਸਾ ਬਿਊਰੋ



ਸਮਾਜ ਵਿੱਚ ਵਿਚਰਦਿਆਂ ਸਾਨੂੰ ਕਈ ਪ੍ਰਕਾਰ ਦੀਆਂ ਰਹੁ ਰੀਤਾਂ ਨੂੰ ਅਪਨਾਉਂਣਾ ਪੈਂਦਾ ਹੈ , ਇਹਨਾਂ ਵਿਚੋਂ ਕੁਝ ਰੀਤਾਂ ਧਾਰਮਿਕ ਅਤੇ ਕੁਝ ਰੀਤਾਂ ਸਮਾਜਿਕ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਕਈ ਰੀਤਾਂ ਤਾਂ ਸਮਾਜ ਦੇ ਲੋਕ ਅਗਿਆਨਤਾ ਕਾਰਣ ਐਵੇਂ ਵੇਖੋ ਵੇਖੀ ਹੀ ਨਿਭਾਈ ਜਾਂਦੇ ਹਨ, ਜਿਸ ਲਈ ਹਰੇਕ ਸਿੱਖ ਨੂੰ ਗਿਆਨਵਾਨ ਬਣਨ ਦੀ ਜਰੂਰਤ ਹੈ ਜਿਸ ਅਨੁਸਾਰ ਜੋ ਰੀਤਾਂ ਜਰੂਰੀ ਹਨ ਉਨ੍ਹਾਂ ਨੂੰ ਅਪਨਾ ਲਿਆ ਜਾਵੇ ਅਤੇ ਜੋ ਰੀਤਾਂ ਬੇ ਲੋੜੀਆਂ ਹਨ ਉਨ੍ਹਾਂ ਦਾ ਤਿਆਗ ਕਰ ਦਿੱਤਾ ਜਾਵੇ।ਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ ਕਿ

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜੁ ਕੈ ਬੂਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ (ਪੰਨਾ 1245)

ਗੁਰਮਤਿ ਅਨੁਸਾਰ ਜਰੂਰੀ ਹੈ ਕਿ ਹਰ ਸਿੱਖ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਰੋਜ਼ਾਨਾ ਇਸ਼ਨਾਨ ਕਰੇ ਤੇ ਸਾਫ ਸੁਥਰੇ ਕਪੜੇ ਪਹਿਨੇ। ਇਸ ਅਨੁਸਾਰ ਹੀ ਵਿਆਹ ਵਾਲੇ ਦਿਨ ਵੀ ਲੜਕੀ ਅਤੇ ਲੜਕਾ ਦੋਨੋ ਹੀ, ਰੋਜ਼ਾਨਾ ਦੀ ਤਰ੍ਹਾਂ ਇਸ਼ਨਾਨ ਕਰਨ ਅਤੇ ਅਨੰਦ ਕਾਰਜ ਲਈ ਜਾਣ ਵਾਸਤੇ ਸਾਫ਼ ਸੁਥਰੇ ਸੱਭਿਅਕ ਕਪੜੇ ਪਹਿਨ ਕੇ ਤਿਆਰ ਹੋਣ ਅਤੇ ਦੋਨੋਂ ਪਰਿਵਾਰ ਨਿਸ਼ਚਿਤ ਕੀਤੇ ਹੋਏ ਗੁਰਦੁਆਰਾ ਸਾਹਿਬ ਵਿੱਚ ਮਿਥੇ ਹੋਏ ਸਮੇਂ ਅਨੁਸਾਰ ਪਹੁੰਚ ਕੇ ਸੰਗਤ ਵਿੱਚ ਬੈਠ ਜਾਣ, ਦੋਨੋਂ ਪਰਿਵਾਰਾਂ ਵਲੋਂ ਆਪਣੇ ਰਿਸ਼ਤੇਦਾਰਾਂ, ਸਾਕ ਸੰਬੰਧੀਆਂ ਨੂੰ ਅਨੰਦ ਕਾਰਜ ਤੇ ਮਿਥੇ ਸਮੇਂ ਅਨੁਸਾਰ ਨਿਸ਼ਚਿਤ ਗੁਰਦੁਆਰਾ ਸਾਹਿਬ ਵਿਖੇ ਹੀ ਬੁਲਾ ਲਿਆ ਜਾਵੇ। ਅਨੰਦ ਕਾਰਜ ਕਰਵਾਉਣ ਵਾਲਾ ਗ੍ਰੰਥੀ (ਮਰਦ ਜਾਂ ਇਸਤਰੀ) ਵਲੋਂ ਇਸ਼ਾਰਾ ਹੋਣ ਤੇ ਵਰ ਅਤੇ ਕੰਨਿਆ ਦੋਨੋਂ ਹੀ ਸੰਗਤ ਵਿੱਚੋਂ ਉਠ ਕੇ ਆਪਣਾ ਅਨੰਦ ਕਾਰਜ ਕਰਵਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸਿੱਖ ਰਹਿਤ ਮਰਿਯਾਦਾ ਅਨੁਸਾਰ ਵਰ ਸੱਜੇ ਪਾਸੇ ਅਤੇ ਕੰਨਿਆ ਵਰ ਦੇ ਖੱਬੇ ਪਾਸੇ ਹੋਕੇ ਬੈਠ ਜਾਣ। ਗ੍ਰੰਥੀ ਅਨੰਦ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਵਰ, ਕੰਨਿਆ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ ਅਨੰਦ ਕਾਰਜ ਦੇ ਆਰੰਭ ਦੀ ਅਰਦਾਸ ਕਰੇ, ਫਿਰ ਉਹ ਵਰ ਅਤੇ ਕੰਨਿਆ ਨੂੰ ਗੁਰਮਤਿ ਅਨੁਸਾਰ ਗ੍ਰਿਸਤ ਧਰਮ ਦੇ ਫਰਜ਼ਾਂ ਦੀ ਜਾਣਕਾਰੀ ਦੇਵੇ, ਫ਼ਿਰ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਰਥ ਅਨੁਸਾਰ ਪਤੀ ਪਤਨੀ ਦੇ ਸਬੰਧ ਨੂੰ ਜੀਵ ਆਤਮਾ ਅਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਸਮਝਾਵੇ । ਵਰ ਅਤੇ ਕੰਨਿਆ ਨੂੰ ਉਨ੍ਹਾਂ ਦੀਆਂ ਬਣਦੀਆਂ ਜਿੰਮੇਵਾਰੀਆਂ ਨੂੰ ਸਮਝਾਉਂਦਿਆਂ ਹੋਇਆਂ ਸਿੱਖ ਰਹਿਤ ਮਰਿਯਾਦਾ ਦੇ ਮੁਤਾਬਕ ਅਨੰਦ ਕਾਰਜ ਦੀ ਰਸਮ ਨਿਭਾਵੇ।

ਅਨੰਦ ਕਾਰਜ ਦੀ ਰਸਮ ਤੋਂ ਬਾਅਦ ਕੜਾਹ ਪ੍ਰਸ਼ਾਦਿ ਦੀ ਦੇਗ ਲੈਕੇ ਦੋਨੋਂ ਪਰਿਵਾਰਾਂ ਵਲੋਂ ਸਾਝੇ ਤੌਰ ਤੇ ਤਿਆਰ ਕਰਵਾਏ ਲੰਗਰ ਦੀ ਥਾਂ ਪਹੁੰਚ ਕੇ ਲੰਗਰ ਛਕਿਆ ਜਾਵੇ, ਬੱਚਿਆਂ ਦੇ ਅਨੰਦ ਕਾਰਜ ਦੀ ਸੱਭਿਅਕ ਤੌਰ ਤੇ ਖੁਸ਼ੀ ਮਨਾਈ ਜਾਵੇ, ਡੋਲੀ ਤੁਰਨ ਤੋਂ ਬਾਅਦ ਸਭ ਸੱਜਣ, ਮਿਤ੍ਰ, ਰਿਸ਼ਤੇਦਾਰ ਆਦਿ ਆਪਣੇ ਆਪਣੇ ਘਰਾਂ ਨੂੰ ਪਰਤ ਆਉਣ।

ਨੋਟ : ਜਰੂਰਤ ਪੈਣ ਤੇ ਅਨੰਦ ਕਾਰਜ ਕਰਵਾਉਣ ਦੀ ਸੇਵਾ ਲੜਕਾ ਲੜਕੀ (ਦੋਨੋਂ) ਪਰਿਵਾਰਾਂ ਵਿੱਚੋਂ ਜਾਂ ਸੰਗਤ ਵਿੱਚੋਂ ਕੋਈ ਭੀ ਨਿਭਾ ਸਕਦਾ ਹੈ।

ਬੇ-ਲੋੜੀਆਂ ਰਸਮਾਂ :-

(1) ਖਾਰੇ ਚੜ੍ਹਨਾ :- ਸਿੱਖ ਆਲਸੀ ਨਹੀਂ ਹੁੰਦੇ ਇਸ ਕਰਕੇ ਹੀ ਉਹ ਉਦਮੀ ਹੋਣ ਕਰਕੇ ਰੋਜ਼ਾਨਾ ਇਸ਼ਨਾਨ ਕਰਦੇ ਹਨ। ਕਿਸੇ ਸਮੇਂ ਪਾਣੀ ਨਹਿਰਾਂ ਜਾਂ ਖੂਹਾਂ ਤੋਂ ਲਿਆਕੇ ਘਰਾਂ ਵਿੱਚ ਵਰਤਿਆ ਜਾਂਦਾ ਸੀ। ਘਰਾਂ ਵਿੱਚ ਪਾਣੀ ਲਾਗੀ ਲੈ ਕੇ ਆਇਆ ਕਰਦੇ ਸਨ। ਅਨੰਦ ਕਾਰਜ ਤੋਂ ਪਹਿਲਾਂ ਸੁਭਾਗ ਜੋੜੀ ਦਾ ਇਸ਼ਨਾਨ ਕਰਵਾਇਆ ਜਾਂਦਾ ਜੋ ਹੌਲੀ ਹੌਲੀ ਲਾਗੀਆਂ ਵਲੋਂ ਲਾਗ ਲੈਣ ਨੂੰ ਮੁੱਖ ਰੱਖ ਕੇ ਇਸ ਨੂੰ ਇੱਕ ਰੀਤ ਬਣਾ ਦਿੱਤਾ ਗਿਆ। ਸਿੱਖੀ ਅੰਦਰ ਲੜਕੇ ਜਾਂ ਲੜਕੀ ਦਾ ਖਾਰੇ ਚੜ੍ਹਨਾ ਜਰੂਰੀ ਨਹੀਂ ਹੈ ਅਤੇ ਅਨੰਦ ਕਾਰਜ ਤੋਂ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਇਸ਼ਨਾਨ ਕਰਨਾ ਗਲਤ ਨਹੀਂ ਹੈ।

(2) ਤੇਲ ਚੋਣਾ :- ਇਹ ਰੀਤ ਕਦੇ ਸਮੇਂ ਦੀ ਜਰੂਰਤ ਹੋਇਆ ਕਰਦੀ ਸੀ। ਪਹਿਲਾਂ ਦਰਵਾਜ਼ਿਆਂ ਨੂੰ ਕਬਜ਼ੇ ਨਹੀਂ ਸਨ ਲੱਗੇ ਹੁੰਦੇ, ਲੱਕੜਾਂ ਦੀਆਂ ਚੁਗਾਠਾਂ ਦੇ ਵਿੱਚ ਹੀ ਦਰਵਾਜ਼ੇ ਦੀ ਕਿੱਲੀ ਘੜ ਕੇ ਦਰਵਾਜ਼ਾ ਲਗਾਇਆ ਜਾਂਦਾ ਸੀ ਜੋ ਸੁਕ ਜਾਣ ਤੇ ਚੀਕਣ ਲੱਗ ਜਾਂਦਾ ਸੀ। ਚੀਕਦਾ ਦਰਵਾਜ਼ਾ ਘਰ ਦੀ ਗਰੀਬੀ ਨੂੰ ਜਾਹਰ ਕਰਦਾ ਤਾਂ ਘਰ ਵਾਲਿਆਂ ਨੇ ਮਹਿਮਾਨਾਂ ਦੇ ਆਉਣ ਤੋਂ ਪਹਿਲਾਂ ਹੀ ਦਰਵਾਜ਼ੇ ਦੀਆਂ ਦੋਨੋਂ ਕਿੱਲੀਆਂ ਵਿੱਚ ਤੇਲ ਪਾ (ਚੋਅ) ਦੇਣਾ ਜਿਸ ਨਾਲ ਦਰਵਾਜ਼ੇ ਚੀਕਣੇ ਬੰਦ ਹੋ ਜਾਂਦੇ। ਹੌਲੀ ਹੌਲੀ ਲਾਗੀਆਂ ਨੇ ਇਹ ਤੇਲ ਚੋਣ ਨੂੰ ਇੱਕ ਰਿਵਾਜ਼ (ਰੀਤ) ਬਣਾ

ਦਿੱਤਾ। ਅਗਿਆਨਤਾ ਕਾਰਣ ਹੁਣ ਫਰਸ਼ ਤੇ ਵੀ ਤੇਲ ਚੋਈ ਜਾਂਦੇ ਹਨ।

(3) ਘੋੜੀ ਚੜ੍ਹਨਾ :- ਇਹ ਰੀਤ ਵੀ ਕਦੇ ਸਮੇਂ ਦੀ ਜਰੂਰਤ ਹੋਇਆ ਕਰਦੀ ਸੀ। ਰਸਤੇ ਕੱਚੇ ਹੋਇਆ ਕਰਦੇ ਸਨ। ਆਵਾਜਾਈ ਦੇ ਸਾਧਨ ਵੀ ਬਹੁਤ ਘੱਟ ਹੋਇਆ ਕਰਦੇ ਸਨ। ਲੋਕ ਬੈਲਗੱਡੀਆਂ ਜਾਂ ਘੋੜੀਆਂ ਆਦਿ ਤੇ ਸਫ਼ਰ ਕਰਿਆ ਕਰਦੇ ਸਨ। ਬਰਾਤਾਂ (ਜੰਞਾਂ) ਵੀ ਘੋੜੀਆਂ ਆਦਿ ਤੇ ਹੀ ਜਾਇਆ ਕਰਦੀਆਂ ਸਨ। ਲਾੜਾ ਘੋੜੀ 'ਤੇ ਚੜ੍ਹਨ ਤੋਂ ਬਾਅਦ ਅਨੰਦ ਕਾਰਜ ਵਾਲੀ ਜਗ੍ਹਾ 'ਤੇ ਪਹੁੰਚ ਕੇ ਹੀ ਉਤਰਦਾ ਸੀ, ਉਸ ਸਮੇਂ ਇਸਨੂੰ ਲਾੜੇ ਦਾ ਘੋੜੀ 'ਤੇ ਚੜ੍ਹਨਾ ਆਖਿਆ ਜਾਂਦਾ ਸੀ। ਹੌਲੀ ਹੌਲੀ ਲਾਗੀਆਂ ਨੇ ਇਸਨੂੰ ਵਿਆਹ ਦੀ ਇੱਕ ਰੀਤ ਬਣਾ ਕੇ ਰੱਖ ਦਿੱਤਾ। ਸਿੱਖਾਂ ਨੂੰ ਇਸ ਅਗਿਆਨਤਾ ਵਿੱਚੋਂ ਬਾਹਰ ਨਿਕਲਣ ਦੀ ਲੋੜ ਹੈ ਕਿਉਂਕਿ ਮੌਜੂਦਾ ਸਮੇਂ ਵਿੱਚ ਇਸ ਰੀਤ ਦੀ ਕੋਈ ਜਰੂਰਤ ਨਹੀਂ ਹੈ।





(4) ਕਲਗੀ ਅਤੇ ਸਿਹਰਾ ਬੰਨਣਾ :- ਇਹ ਰੀਤ ਸਿੱਖਾਂ ਦੀ ਨਹੀਂ ਹੈ। ਭਾਰਤ ਵਿੱਚ ਮਰਦ ਪ੍ਰਧਾਨ ਸਮਾਜ ਨੇ ਲੜਕੀ ਵਾਲਿਆਂ ਨੂੰ ਨੀਵਾਂ ਵਿਖਾਉਣ ਲਈ ਇਹ ਰੀਤ ਚਾਲੂ ਕਰ ਦਿੱਤੀ ਜਿਸਨੂੰ ਜਾਗਰੂਕ ਲੋਕ ਤਿਆਗਦੇ ਜਾ ਰਹੇ ਹਨ।

(5) ਬਰਾਤ (ਜੰਞ) ਦਾ ਜਾਣਾ ਅਤੇ ਲਾੜੇ ਦੇ ਨਾਲ ਸਰਬਾਲ੍ਹੇ ਦਾ ਬਣਾਉਣਾ :- ਇਹ ਰੀਤ ਵੀ ਕਦੇ ਸਮੇਂ ਦੀ ਜਰੂਰਤ ਹੋਇਆ ਕਰਦੀ ਸੀ। ਕਿਸੇ ਸਮੇਂ ਭਾਰਤ ਵਿੱਚ ਮੁਗਲਾਂ ਦਾ ਰਾਜ ਹੁੰਦਾ ਸੀ, ਉਸ ਸਮੇਂ ਰਸਤੇ ਕੱਚੇ ਹੋਇਆ ਕਰਦੇ ਸਨ, ਝਾੜੀਆਂ ਛੋਟੇ ਜੰਗਲਾਂ ਦਾ ਰੂਪ ਧਾਰਨ ਕਰ ਲੈਂਦੀਆਂ ਸਨ, ਜਿਨ੍ਹਾਂ ਦਾ ਫਾਇਦਾ ਉਠਾ ਕੇ ਲੁੱਟੇਰੇ, ਡੋਲੀਆਂ ਆਦਿ ਲੁੱਟ ਲਿਆ ਕਰਦੇ ਸਨ। ਡੋਲ੍ਹੀ ਨੂੰ ਲੁੱਟੇਰਿਆਂ ਤੋਂ ਬਚਾਉਣ ਵਾਸਤੇ, ਕੁਝ ਹਥਿਆਰ ਬੰਦ ਨੌਜਵਾਨ ਲਾੜੇ ਦੇ ਨਾਲ ਜਾਣ ਲੱਗ ਪਏ, ਜਿਸ ਨੂੰ ਬਾਅਦ ਵਿੱਚ ਬਰਾਤ ਦਾ ਨਾਮ ਦਿੱਤਾ ਗਿਆ। ਕਈ ਵਾਰੀ ਇਹਨਾਂ ਹਥਿਆਰ ਬੰਦ ਨੌਜਵਾਨਾਂ ਦਾ ਲੁੱਟੇਰਿਆਂ ਨਾਲ ਝੜਪ (ਲੜਾਈ) ਮੁਕਾਬਲਾ ਹੋ ਜਾਂਦਾ, ਜੇ ਕਿਤੇ ਲੜਾਈ ਵਿੱਚ ਲਾੜਾ ਮਰ ਜਾਂਦਾ ਤਾਂ ਲਾੜੇ ਦਾ ਛੋਟਾ ਭਰਾ ਜੋ ਸਰਬਾਲ੍ਹਾ ਬਣ ਕੇ ਗਿਆ ਹੁੰਦਾ ਤਾਂ ਡੋਲ੍ਹੀ ਉਸ ਨਾਲ ਤੋਰ ਦਿੱਤੀ ਜਾਂਦੀ ਸੀ। ਮੌਜੂਦਾ ਸਮੇਂ ਸਿੱਖ ਸਮਾਜ ਨੂੰ ਇਸ ਰੀਤ ਦਾ ਤਿਆਗ ਕਰ ਦੇਣਾ ਚਾਹੀਦਾ ਹੈ।



(6) ਮਿਲਨੀ ਕਰਵਾਉਣੀ :- ਇਹ ਰੀਤ ਵੀ ਕਦੇ ਸਮੇਂ ਦੀ ਜਰੂਰਤ ਹੋਇਆ ਕਰਦੀ ਸੀ। ਲਾਗੀ ਲੋਕ ਹੀ ਵਿਚੋਲੇ ਬਣ ਕੇ ਰਿਸ਼ਤੇ ਪੱਕੇ ਕਰ ਆਇਆ ਕਰਦੇ ਸਨ। ਦੋਨੋਂ ਪਰਿਵਾਰ ਲਾਗੀਆਂ 'ਤੇ ਭਰੋਸਾ ਕਰ ਕੇ ਵਿਆਹ ਤੋਂ ਪਹਿਲਾਂ ਕਦੇ ਇੱਕ ਦੂਜੇ ਨੂੰ ਮਿਲਣਾ ਜਰੂਰੀ ਨਹੀਂ ਸਮਝਦੇ ਸਨ, ਅਨੰਦ ਕਾਰਜ ਦੇ ਸਮੇਂ ਜਦੋਂ ਲੜਕੇ ਦਾ ਪਰਿਵਾਰਾਂ ਬਰਾਤ ਸਮੇਤ ਲੜਕੀ ਵਾਲਿਆਂ ਦੇ ਘਰ ਪਹੁੰਚਦਾ ਤਾਂ ਲੜਕੀ ਵਾਲਿਆਂ ਦਾ ਪਰਿਵਾਰ ਵੀ ਅੱਗੇ ਆਪਣੇ ਰਿਸ਼ਤੇਦਾਰਾਂ, ਸਾਕ ਸੰਬੰਧੀਆਂ ਸਮੇਤ ਲੜਕੇ ਵਾਲਿਆਂ ਦਾ ਸਤਿਕਾਰ ਕਰਨ ਲਈ ਖੜੇ ਹੁੰਦੇ ਤਾਂ ਲਾਗੀ (ਜੋ ਵਿਚੋਲਾ ਹੁੰਦਾ) ਦੋਨੋ ਕੁੜਮਾਂ ਦੀ, ਕੁੜਮਣੀਆਂ ਦੀ ਆਦਿ ਬਾਕੀ ਸਭ ਰਿਸ਼ਤੇਦਾਰਾਂ ਦੀ ਮਿਲਨੀ (ਭਾਵ ਕਿ ਜਾਣ ਪਛਾਣ) ਕਰਵਾਉਦਾ ਜੋ ਬਾਅਦ ਵਿੱਚ ਲਾਲਚੀ ਲੋਕਾਂ ਦੇ ਲਾਲਚ ਕਾਰਣ ਇੱਕ ਰੀਤ ਬਣ ਗਿਆ ਪਰ ਮੌਜੂਦਾ ਸਮੇਂ ਵਿੱਚ ਤਾਂ ਦੋਨੋਂ ਪਰਿਵਾਰ ਹੀ (ਸਮੇਤ ਲੜਕਾ ਲੜਕੀ) ਇੱਕ ਦੂਜੇ ਨੂੰ ਪਹਿਲਾਂ ਹੀ ਜਾਣਦੇ ਹੁੰਦੇ ਹਨ ਫਿਰ ਮਿਲਣੀ ਦੀ ਰੀਤ ਕਿਉਂ?

-0-

ਲੇਖਕਾਂ ਨੂੰ ਬੇਨਤੀ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।

ਰਚਨਾਵਾਂ ਭੇਜਣ ਲਈ ਪਤਾ:
ਗੁਰਮਤਿ ਵਿਰਸਾ
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
M: 79733-70542 Email: gurmatvirsa@gmail.com

ਸੰਪਾਦਕੀ **ਸਫਾ 6 ਦਾ ਬਾਕੀ**

ਤਾਂ ਛੋਟੀ ਉਮਰ ਦੇ ਹਨ ਕੀ ਇਹ ਗੀਤਾ ਦੇ ਅਰਥ ਕਰ ਸਕਦੇ ਹਨ? ਇਹ ਵੀ ਕਹਿਆ ਜਾਂਦਾ ਹੈ ਕਿ ਛੱਜੂ ਝੀਵਰ ਗੂੰਗਾ ਤੇ ਬੋਲਾ ਸੀ ਉਸ ਦੇ ਸਿਰ 'ਤੇ ਸੋਟੀ ਰੱਖੀ ਤੇ ਉਹ ਅਰਥ ਕਰਨ ਲੱਗ ਪਿਆ। ਅਸਲ ਵਿੱਚ ਮਾਨਸਿਕ ਤੌਰ 'ਤੇ ਜਿੰਨ੍ਹਾਂ ਨੂੰ ਕੋਈ ਵਿਦਿਆ ਲੈਣ ਦਾ ਅਧਿਕਾਰ ਨਹੀਂ ਸੀ ਗੁਰੂ ਨਾਨਕ ਸਾਹਿਬ ਜੀ ਦੀ ਰਹਿਮਤ ਸਕਦਾ ਉਨ੍ਹਾਂ ਨੇ ਪ੍ਰਚੱਲਤ ਵਿਦਿਆ ਦੇ ਨਾਲ ਨਾਲ ਸੰਸਕ੍ਰਿਤ ਦੀ ਵਿਦਿਆ ਵੀ ਹਾਸਲ ਕੀਤੀ। ਪੰਜੋਖੜਾ ਵਿਖੇ ਧਰਮਸਾਲ ਹੋਣ ਕਰਕੇ ਹਰੇਕ ਨੂੰ ਵਿਦਿਆ ਲੈਣ ਦਾ ਹੱਕ ਹਾਸਲ ਸੀ ਕਿਉਂ ਕਿ ਗੁਰੂ ਨਾਨਕ ਸਾਹਿਬ ਦੇ ਘਰ ਜਾਤ ਕਰਕੇ ਕੋਈ ਵਿਤਕਰਾ ਨਹੀਂ ਸੀ।

ਗੁਰੂ ਹਰਿ ਕਿਸ਼ਨ ਸਾਹਿਬ ਜੀ ਦੇ ਜੀਵਨ ਨਾਲ ਇੱਕ ਕਹਾਣੀ ਵੀ ਜੋੜੀ ਹੋਈ ਹੈ ਕਿ ਰਾਜਾ ਜੈ ਸਿੰਹੁ ਦੇ ਬੰਗਲੇ ਵਿੱਚ ਖੂਹ ਸੀ ਜਿਸ ਅੱਗੇ ਇੱਕ ਚੁਬੱਚਾ ਸੀ ਉਸ ਵਿਚੋਂ ਗੁਰੂ ਸਾਹਿਬ ਜੀ ਨੇ ਚੇਚਕ ਦੇ ਮਰੀਜ਼ਾਂ ਨੂੰ ਪਾਣੀ ਪਿਲਾਇਆ ਜਾਂਦਾ ਸੀ ਤੇ ਚੇਚਕ ਦਾ ਰੋਗ ਦੂਰ ਹੋ ਜਾਂਦਾ ਸੀ। ਅੱਜ ਵੀ ਗੁਰ ਸ਼ਬਦ ਦੀ ਵਿਚਾਰ ਨਾਲੋਂ ਵੀ ਗੁਰਦੁਆਰਾ ਬੰਗਲਾ ਸਾਹਿਬ ਤੋਂ ਪਾਣੀ ਪੀਣਾ ਅਹਿਮ ਸਮਝਿਆ ਜਾ ਰਿਹਾ ਹੈ। ਇਸ ਖੂਹ ਦੇ ਪਾਣੀ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ ਜੋ ਸਿੱਖ ਪ੍ਰੰਪਰਾਵਾਂ ਨੂੰ ਖੋਰਾ ਹੈ।

-0-

ਅਨੰਦ ਕਾਰਜ

ਭਾਈ ਹਰਪਾਲ ਸਿੰਘ ਕਾਲਾ ਅਫ਼ਗਾਨਾ

ਇਸ ਸਮਾਜ ਅੰਦਰ ਵੱਖ-ਵੱਖ ਧਰਮਾਂ ਵਿਚ ਜਿਸਨੂੰ ਵੱਖੋ-ਵੱਖ ਸ਼ਬਦਾਵਲੀ ਵਿੱਚ ਵਿਆਹ, ਨਿਕਾਹ, ਮੈਰਿਜ, ਸ਼ਾਦੀ, ਪਰਨੈ, ਪਾਣੀ ਵਾਰਨਾ ਕਿਹਾ ਜਾਂਦਾ ਹੈ। ਇਸ ਨੂੰ ਹੀ, ਭਾਵ ਇਸ ਜੀਵਨ ਦੇ ਗ੍ਰਹਿਸਥ ਮਾਰਗ ਨੂੰ ਗੁਰਮਤਿ ਅਨੰਦ ਕਾਰਜ ਦਾ ਨਾਮ ਦਿੰਦੀ ਹੈ।

ਜਦੋਂ ਅਸੀਂ ਹੋਰਾਂ ਧਰਮਾਂ, ਮੱਤਾਂ ਵੱਲ ਦੇਖਦੇ ਹਾਂ ਤਾਂ ਸਭ ਨੇ ਲਗਭਗ ਇਸਤਰੀ ਤੇ ਪੁਰਸ਼ ਦੇ ਅਧਿਕਾਰ ਨੂੰ ਵੱਖੋ-ਵੱਖ ਕੀਤਾ ਹੋਇਆ ਹੈ। ਤੇ ਵੱਧ ਤੋਂ ਵੱਧ ਇਕ ਇਸਤਰੀ ਨੂੰ ਨੀਵਾਂ, ਮਾੜਾ, ਵਿਭਚਾਰੁਨ ਦਰਸਾਇਆ ਗਿਆ ਹੈ।

ਪੱਛਮੀ ਦੇਸ਼ ਅੰਦਰ ਵਿਆਹ ਕੇਵਲ ਇਕ ਸਮਾਜਿਕ ਸੌਦੇਬਾਜ਼ੀ ਅਤੇ ਦਿਲ ਪਰਚਾਵੇ ਤੋਂ ਵੱਧ ਹੈਸੀਅਤ ਨਹੀਂ ਰੱਖਦਾ।

ਆਉ ਦੇਖਦੇ ਹਾਂ ਕਿ ਹੋਰਾਂ ਧਰਮਾਂ ਜਾਂ ਮੱਤਾਂ ਅਨੁਸਾਰ ਵਿਆਹ ਦੀ ਕੀ ਮਹੱਤਤਾ ਹੈ ਜਾਂ ਹੈ ਹੀ ਨਹੀਂ:-



1. ਹਿੰਦੂ ਮੱਤ:- ਹਿੰਦੂ ਮੱਤ ਵਿਚ ਚਾਰ ਆਸ਼ਰਮ ਮੰਨੇ ਗਏ ਹਨ। ਉਨ੍ਹਾਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਭਾਵੇਂ ਇਹ ਪ੍ਰਕਿਰਿਆ ਅੱਜ ਕੱਲ੍ਹ ਹਿੰਦੂ ਧਰਮ ਵਿਚ ਦਿੱਸਦੀ ਨਹੀਂ ਹੈ ਪਰ ਧਾਰਮਿਕ ਗ੍ਰੰਥਾਂ ਵਿਚ ਅੰਕਿਤ ਹੈ। ਮਨੁੱਖ ਦੇ ਜੀਵਨ ਦੇ ਪਹਿਲੇ 25 ਸਾਲ ਬ੍ਰਹਮਾਚਾਰਿਯ ਆਉਂਦਾ ਹੈ। ਇਸ ਦੇ ਵਿਚ ਵਿੱਦਿਆ ਦਾ ਅਭਿਆਸ ਮੁਕੰਮਲ ਬ੍ਰਹਮਾਚਾਰਿਯ ਮੰਨਿਆ ਗਿਆ ਹੈ। 25 ਤੋਂ 50 ਸਾਲ ਤੱਕ ਗ੍ਰਹਿਸਤ ਆਸ਼ਰਮ ਮੰਨਿਆ ਗਿਆ ਹੈ। 50 ਤੋਂ 75 ਤੱਕ ਬਾਲ ਪ੍ਰਸ਼ਤੀ ਹੈ। 75 ਤੋਂ 100 ਸਾਲ ਤੱਕ ਸੰਨਿਆਸ ਹੈ। ਇਹ ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਅਨੁਸਾਰ ਇਹ 20 ਕੁ ਸਾਲ ਗ੍ਰਹਿਸਤ ਆਸ਼ਰਮ ਹੈ। ਸ਼ਾਸਤਰਾਂ ਵਿਚ ਪ੍ਰਭੂ ਦਾ ਰੂਪ ਅਤੇ ਇਸਤਰੀ ਨੂੰ ਮਾਇਆ ਦਾ ਰੂਪ ਮੰਨਿਆ ਗਿਆ ਹੈ। ਹਿੰਦੂ ਸ਼ਾਸਤਰ ਸਿਰਫ਼ ਲੜਕੇ ਨੂੰ ਹੀ ਔਲਾਦ ਮੰਨਦੇ ਹਨ ਕਿਉਂਕਿ ਉਹ ਪਿਤਰ ਕਿਰਿਆ ਤੇ ਪਿੰਡ ਭਰਨ 'ਚ ਸਹਾਈ ਹੁੰਦਾ ਹੈ, ਲੜਕੀ ਨਹੀਂ। ਬ੍ਰਾਹਮਣ ਔਰਤ ਨੂੰ ਨਿੱਜੀ ਜਾਇਦਾਦ ਸਮਝਦਾ ਹੈ ਤੇ ਲੋੜ ਪੈਣ ਤੇ ਬ੍ਰਾਹਮਣ ਨੂੰ ਵੀ ਦਾਨ ਕਰ ਦੇਣ ਨੂੰ ਭਲਾ ਕਹਿੰਦਾ ਹੈ। ਇਥੋਂ ਤੱਕ ਕਿ ਮਰਦ ਆਪਣੀ ਇਸਤਰੀ ਨੂੰ ਜੂਏ ਦੇ ਦਾਅ ਤੇ ਲਾ ਕੇ ਵੇਚ ਵੀ ਸਕਦਾ ਹੈ। ਇਸਨੂੰ ਜਨੇਊ ਪਾਉਣ ਦਾ ਵੀ ਅਧਿਕਾਰ ਨਹੀਂ। ਭਾਵ ਕਿ ਪੁਰਸ਼ ਤੋਂ ਇਸਤਰੀ ਨੂੰ ਨੀਵਾਂ ਹੀ ਦੱਸਿਆ ਗਿਆ ਹੈ।

2. ਇਸਲਾਮ ਮੱਤ:-ਇਸ ਵਿਚ ਮਰਦ ਅਤੇ ਔਰਤ ਦੀ ਪਦਵੀ ਵਿਚ ਬੜਾ ਫ਼ਰਕ ਹੈ, ਔਰਤ ਕਦੇ ਮਰਦ ਦੀ ਬਰਾਬਰੀ ਨਹੀਂ ਕਰ ਸਕਦੀ। ਮਰਦਾਂ ਨਾਲ ਨਮਾਜ਼ ਨਹੀਂ ਪੜ੍ਹ ਸਕਦੀ। ਇਕ ਮਰਦ ਇਕ ਸਮੇਂ ਜ਼ਿਆਦਾ ਔਰਤਾਂ ਰੱਖ ਸਕਦਾ ਹੈ ਪਰ ਔਰਤ ਇਸ ਤਰ੍ਹਾਂ ਨਹੀਂ ਕਰ ਸਕਦੀ। ਇਥੋਂ ਤੱਕ ਕਿ ਬਹਿਸ਼ਤ ਵਿਚ ਵੀ ਹੂਰਾਂ ਤੇ ਲੋਚਿਆਂ ਦੀ ਸ਼ਕਲ ਵਿਚ ਭੋਗ ਬਿਲਾਸ ਦਾ ਲਾਰਾ ਦਿੱਤਾ ਗਿਆ ਹੈ। :-

ਬਹਿਸ਼ਤੋ ਹੂਰੋ ਸਿਲਿਮਾਂ, ਇ ਜ਼ਿ ਤਾਇਿਤ ਮੈ ਨ ਮਾਨੂੰਗਾ,
ਇਨਹੀ ਬਾਤੋਸੇ, ਐ ਜਾਹਿਦ ! ਜਈਫ ਈਮਾਨ ਹੋਤਾ ਹੈ।

ਇਸਲਾਮ ਵਿਚ ਤਲਾਕ ਨੂੰ ਤਿੰਨ ਵਾਰ ਕਹਿਣ ਤੇ ਨਿਕਾਹ ਟੁੱਟ ਵੀ ਜਾਂਦਾ ਹੈ।

3. ਵੈਦਕ ਮੱਤ:- ਇਸ ਵਿਚ ਵਿਆਹ ਦਾ ਆਦਰਸ਼ ਹੋਰ ਵੀ ਅਨਯਾਦਿ ਭਰਪੂਰ ਤੇ ਇਸਤਰੀ ਜਾਤੀ ਦੀ ਪਦਵੀ ਨੀਵੀਂ ਤੇ ਘਿਰਣਤ ਮੰਨੀ ਹੈ। (ਤਿੰਨ ਪੰਚਾਇਤਾਂ ਕਰਨ ਤੋਂ ਬਾਅਦ ਨਿਕਾਹ ਟੁੱਟਣਾ ਕਹਿੰਦੇ ਹਨ।)

ਜਦੋਂ ਅਸੀਂ ਪੱਛਮੀ ਸੱਭਿਅਤਾ ਨੂੰ ਦੇਖਦੇ ਹਾਂ ਇਸ ਵਿਚ ਇਸਾਈ ਮੱਤ ਆਉਂਦਾ ਹੈ। ਇਸ ਧਰਮ ਦੇ ਅੰਦਰ ਸਾਥੀ ਦੀ ਚੋਣ ਕੀਤੀ ਜਾਂਦੀ ਹੈ। ਉਸ ਚੋਣ ਦਾ ਨਤੀਜਾ ਇਹ ਨਿਕਲਿਆ ਜਦੋਂ ਜੀਅ ਕਰਦਾ ਹੈ ਸਾਥੀ ਦੀ ਚੋਣ ਕਰਦੇ ਹਨ ਤੇ ਜਦੋਂ ਜੀਅ ਕਰਦਾ ਹੈ ਚੋਣ ਰੱਦ ਵੀ ਕਰ ਦਿੰਦੇ ਹਨ।

ਕੁਝ ਹਵਾਲੇ ਵੀ ਮਿਲਦੇ ਹਨ। ਇਸ ਤਰ੍ਹਾਂ ਲੜਕੀ ਅਤੇ ਲੜਕੇ ਦਾ ਚਰਚ ਵਿਚ ਵਿਆਹ ਹੁੰਦਾ ਹੈ। ਲੜਕੀ ਲੜਕੇ ਨੂੰ ਰਿੰਗ ਪਾਉਂਦੀ ਹੈ। ਲੜਕਾ ਲੜਕੀ ਨੂੰ ਰਿੰਗ ਪਾਉਂਦਾ ਹੈ। ਇਸ ਨੂੰ ਰਿੰਗ ਸਰਮਨੀ ਕਹਿੰਦੇ ਹਨ। ਜਦੋਂ ਲੜਕੀ ਲੜਕਾ ਵਿਆਹ ਕਰਾ ਕੇ ਆਉਂਦੇ ਹਨ ਤਾਂ ਜ਼ਮੀਨ ਤੇ ਡਿੱਗਿਆ ਰੁਮਾਲ ਲੜਕਾ ਚੁੱਕ ਕੇ ਫੜਾਉਂਦਾ ਹੈ ਤਾਂ ਘਰਵਾਲੀ ਚੁੱਕ ਕੇ ਚਰਚ 'ਚ ਪਾਦਰੀ ਨੂੰ ਆਖਦੀ ਹੈ ਇਸਨੂੰ ਰੁਮਾਲ ਫੜਾਉਣ ਦਾ ਸਲੀਕਾ ਨਹੀਂ ਹੈ ਸਾਡਾ ਵਿਆਹ ਤੋੜ ਦਿੱਤਾ ਜਾਏ।

ਭਾਰਤ ਵਿਚ ਲੜਕੀ ਦੇ ਵਿਆਹ ਸਮੇਂ ਸਰੀਰਕ ਕਰਤੱਵਾਂ ਰਾਹੀਂ ਸਵੰਬਰ ਰਚਿਆ ਜਾਂਦਾ ਸੀ। ਜਿਹੜਾ ਉਸ ਪ੍ਰਕਿਰਿਆ ਵਿਚ ਸਫਲ ਹੁੰਦਾ ਸੀ ਉਹ ਲੜਕੀ ਨੂੰ ਵਿਆਹਉਂਦਾ ਸੀ। ਲੜਕੀ ਲੜਕਾ ਜਦੋਂ ਜਵਾਨ ਹੋ ਜਾਂਦੇ ਹਨ ਤਾਂ ਹਰੇਕ ਧਰਮ ਦੀ ਆਪੋ-ਆਪਣੀ ਜੁਗਤੀ ਤੇ ਢੰਗ ਤਰੀਕਾ ਹੈ, ਜਿਸ ਰਾਹੀ ਗ੍ਰਹਿਸਤ ਦੀ ਜ਼ਿੰਦਗੀ ਨਿਭਾਉਂਦੇ ਹਨ।

4. ਗੁਰਮਤਿ:- ਸਿੱਖ ਸਮਾਜ ਅੰਦਰ ਲੜਕੀ ਤੇ ਲੜਕੇ ਨੂੰ ਵਿਆਹ ਤੋਂ ਪਹਿਲਾਂ ਇਕੱਠੇ ਰਹਿਣ ਦੀ ਆਗਿਆ ਨਹੀਂ ਹੈ। ਸਿੱਖ ਕੌਮ ਦੇ ਵਿਧਾਨ ਅਨੁਸਾਰ ਜਦੋਂ ਲੜਕੀ ਲੜਕਾ ਮੱਤ, ਬੁੱਧ, ਆਚਾਰ ਤੇ ਸਰੀਰ ਕਰਕੇ ਤਕੜੇ ਹੋ ਜਾਣ ਸੰਗਤ ਇਕੱਤਰ ਕਰਕੇ ਗੁਰੂ ਕੋਲੋਂ ਆਗਿਆ ਲੈ ਕੇ ਇਕੱਠੇ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ। ਜਿਸ ਤਰ੍ਹਾਂ ਦੋ ਇੱਟਾਂ ਨੂੰ ਜੋੜਨ ਲਈ ਸੀਮੈਂਟ ਦੀ ਜਰੂਰਤ ਹੈ। ਦੋ ਕੱਪੜਿਆਂ ਨੂੰ ਜੋੜਨ ਲਈ ਸੂਈ ਦੀ ਲੋੜ ਹੈ। ਦੋ ਲੱਕੜਾਂ ਨੂੰ ਜੋੜਨ ਲਈ ਕਿੱਲ ਜਾਂ ਫੈਵੀਕੋਲ ਦੀ ਜਰੂਰਤ ਹੁੰਦੀ ਹੈ। ਦੋ ਦਿਲਾਂ ਨੂੰ ਜੋੜਨ ਲਈ ਪਿਆਰ ਤੇ ਵਿਚਾਰਾਂ ਦੀ ਜਰੂਰਤ ਹੈ। ਗੁਰਮਤਿ

ਵਿਚਾਰਾਂ ਦੇ ਸਮੂਹ ਨੂੰ ਹੀ ਪਤੀ-ਪਤਨੀ ਦਾ ਰਿਸ਼ਤਾ ਮੰਨਦੀ ਹੈ।

ਗੁਰਬਾਣੀ ਦਾ ਵਾਕ ਹੈ:-

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (788)

ਸਿੱਖੀ ਵਿਚ ਸਰੀਰਾਂ ਦੇ ਜੋੜ ਨੂੰ ਵਿਆਹ ਨਹੀ ਕਿਹਾ ਜਾਂਦਾ। ਵਿਚਾਰ, ਪਿਆਰ ਦੇ ਸੁਮੇਲ ਨੂੰ ਹੀ ਅਨੰਦ ਕਾਰਜ ਕਿਹਾ ਹੈ।

ਰਿਸ਼ਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ:-

1. ਖੂਨ ਦਾ ਰਿਸ਼ਤਾ:- ਸਾਡੇ ਸਮਾਜ ਵਿਚ ਖੂਨ ਦਾ ਰਿਸ਼ਤਾ ਬਹੁਤ ਪਿਆਰਾ ਹੈ। ਭਰਾ ਭਰਾਵਾਂ ਲਈ ਜਾਨ ਦਿੰਦੇ ਹਨ। ਪਰ ਇਹ ਵੀ ਮੁਕੰਮਲ ਰਿਸ਼ਤਾ ਨਹੀਂ ਹੈ। ਕਿਉਂਕਿ ਖੂਨ ਹੀ ਖੂਨ ਦਾ ਪਿਆਸਾ ਹੋ ਜਾਂਦਾ ਹੈ। ਜੋ ਸ਼ਰੀਕੇ ਬਰਾਦਰੀ ਵਿਚ ਤਬਦੀਲ ਹੁੰਦਾ ਹੈ। ਪ੍ਰਿਥੀਚੰਦ ਦਾ ਗੁਰੂ ਅਰਜਨ ਸਾਹਿਬ ਜੀ ਨਾਲ ਖੂਨੀ ਰਿਸ਼ਤਾ ਸੀ ਪਰ ਸਿਰੇ ਨਹੀਂ ਚੜ੍ਹਿਆ। ਕੰਸ਼ ਦਾ ਕ੍ਰਿਸ਼ਨ ਜੀ ਨਾਲ ਖੂਨੀ ਰਿਸ਼ਤਾ ਸੀ। ਔਰੰਗਜ਼ੇਬ ਦਾ ਦਾਰਾ ਸ਼ਿਕੋਹ ਨਾਲ ਖੂਨੀ ਰਿਸ਼ਤਾ ਸੀ ਪਰ ਨੇਪਰੇ ਨਾ ਚੜ੍ਹਿਆ।

2.ਪਿਆਰ ਤੇ ਵਿਚਾਰ ਦਾ ਰਿਸ਼ਤਾ:- ਗੁਰੂ ਅੰਗਦ ਸਾਹਿਬ ਜੀ ਦਾ ਗੁਰੂ ਨਾਨਕ ਸਾਹਿਬ ਨਾਲ ਖੂਨੀ ਰਿਸ਼ਤਾ ਨਹੀਂ ਸੀ। ਵਿਚਾਰ ਸੁਣੇ ਪਿਆਰ ਨੇ ਜਨਮ ਲਿਆ। ਭਾਈ ਮਤੀ ਦਾਸ ਤੇ ਗੁਰੂ ਦਾ ਰਿਸ਼ਤਾ ਵੀ ਇਹੋ ਹੈ। ਇਸ ਵਿਚੋਂ ਸ਼ਹੀਦੀਆਂ ਨੇ ਜਨਮ ਲਿਆ। ਵਿਦਿਆਰਥੀ ਤੇ ਅਧਿਆਪਕ ਦਾ ਪਿਆਰ ਅਤੇ ਵਿਚਾਰ ਦਾ ਰਿਸ਼ਤਾ ਹੈ।

3. ਸਮਾਜਿਕ ਰਿਸ਼ਤਾ:- ਜਿਸ ਤਰ੍ਹਾਂ ਪਹਿਲਾਂ ਲਿਖ ਚੁੱਕੇ ਹਾਂ ਸਾਡੇ ਸਿਧਾਂਤ ਮੁਤਾਬਿਕ ਵਿਆਹ ਤੋਂ ਪਹਿਲਾਂ ਬੱਚੀ ਬੱਚੇ ਨੂੰ ਇਕੱਠਿਆਂ ਰਹਿਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਇਹ ਆਗਿਆ ਪੰਚਾਇਤਾਂ ਨੂੰ ਇਕੱਠਿਆਂ ਕਰਕੇ ਭਾਵ ਰਿਸ਼ਤੇਦਾਰੀਆਂ, ਮਿੱਤਰ, ਦੋਸਤ ਨੂੰ ਇਕੱਠਿਆਂ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਜ਼ਾਮਨ (ਸਾਂਝਾ ਵਿਚੋਲਾ) ਬਣਾ ਕੇ ਆਗਿਆ ਦਿੱਤੀ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਇਕੱਠੇ ਰਹਿ ਸਕਦੇ ਹੋ ਇਸਨੂੰ ਸਮਾਜਿਕ ਰਿਸ਼ਤਾ ਕਿਹਾ ਜਾਂਦਾ ਹੈ। ਇਸ ਵਿਚ ਵਿਚਾਰ ਤੇ ਪਿਆਰ ਦੀ ਬੁਨਿਆਦ ਹੁੰਦੀ ਹੈ। ਇਸ ਬੁਨਿਆਦ ਨੂੰ ਗੁਣ ਹੀ ਪੱਕਿਆਂ ਕਰਦੇ ਹਨ।

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥ (773)

ਜਿਸ ਤਰ੍ਹਾਂ ਕਿਸੇ ਮਕਾਨ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਉਸਦੀ ਨੀਂਹ ਮਜ਼ਬੂਤ ਹੋਣੀ ਚਾਹੀਦੀ ਹੈ। ਦੋ ਪਰਿਵਾਰਾਂ, ਦੋ ਸਰੀਰਾਂ ਦੇ ਸੁਮੇਲ ਲਈ **ਸਤੁ ਸੰਤੋਖੁ ਕਰਿ ਭਾਉ** ਇਹ ਬੁਨਿਆਦੀ ਸਾਂਝ ਹੋਣੀ ਚਾਹੀਦੀ ਹੈ।

ਗੁਰਮਤਿ ਵਿਚ ਲਾਵਾਂ ਦਾ ਮਹੱਤਵ:-

ਸੂਹੀ ਮਹਲਾ 4

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥ (773)

ਸਮਾਜਿਕ ਰਿਸ਼ਤੇ ਨੂੰ ਮਜਬੂਤ ਕਰਦਿਆਂ ਹੋਇਆਂ ਗੁਰੂ ਰਾਮਦਾਸ ਜੀ ਨੇ ਸਾਰੀ ਜ਼ਿੰਦਗੀ ਦੇ ਚਾਰ ਪੜਾਅ ਦੱਸੇ ਹਨ। ਪਹਿਲੇ ਪੜਾਅ ਵਿਚ ਇਹ ਨੁਕਤਾ ਦਿੱਤਾ ਹੈ ਕਿ ਕਾਰ ਵਿਹਾਰ ਕਰਦਿਆਂ ਮਨ ਨੂੰ ਨਿਰੰਕਾਰ ਦੇ ਨਾਲ ਜੋੜਕੇ ਰੱਖਣਾ ਹੈ। ਇਸ ਜੀਵਨ ਦੀ ਸਟੇਜ ਵਿਚ ਆਪਣੇ ਫ਼ਰਜ਼ ਦੀ ਪਹਿਚਾਣ ਕਰਦਿਆਂ ਮਲੀਣਤਾ ਛੱਡਣੀ ਹੈ।

ਇਸ ਦਾ ਅਭਿਆਸ ਨਾਮ ਧਿਆਉਣਾ ਹੈ। ਇਸ ਪਉੜੀ ਵਿਚ ਪੂਰੇ ਗੁਰੂ ਦੀ ਸਿੱਖਿਆ ਨੂੰ ਆਪਣੇ ਧਿਆਨ ਵਿਚ ਰੱਖਣਾ ਹੈ ਸਾਡੇ ਦੋਹਾਂ ਜੀਆਂ ਵਿਚ ਫੁੱਟ ਨਾ ਪਵੇ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥ (774)

ਜ਼ਿੰਦਗੀ ਦੇ ਦੂਜੇ ਪੜਾਅ ਬਾਰੇ ਦੂਜੀ ਲਾਂਵ ਸਮਝਾਉਂਦੀ ਹੈ ਇਥੇ ਹਉਮੈ, ਦਵੈਸ਼ ਭਾਵਨਾ ਦੀ ਮੈਲ ਉਤਰਦੀ ਹੈ। ਨਿਰਮਲਤਾ ਜਨਮ ਲੈਂਦੀ ਹੈ। ਆਤਮਿਕ ਜਗਿਆਸਾ ਵਿਚ ਸ਼ੁੱਭ ਵਿਚਾਰ ਜਨਮ ਲੈਂਦੇ ਹਨ। ਅੰਦਰੋਂ ਬਾਹਰੋਂ ਬੰਦਾ ਇੱਕ ਹੁੰਦਾ ਹੈ। ਪਿਆਰ, ਮੁਹੱਬਤ ਦੀਆਂ ਵਿਚਾਰਾਂ ਵਾਲੇ ਅਨਹਦ ਹਮੇਸ਼ਾਂ ਲਈ ਜ਼ਿੰਦਗੀ 'ਚ ਵੱਜਦੇ ਹਨ।

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥ (774)

ਜ਼ਿੰਦਗੀ ਦੇ ਤੀਜੇ ਪੜਾਅ ਵਿਚ ਮਨ 'ਚ ਚਾਓ ਪੈਦਾ ਹੁੰਦਾ ਹੈ। ਇਹ ਚਾਅ ਨਿਰਮਲਤਾ ਨੂੰ ਜਨਮ ਦਿੰਦਾ ਹੈ। ਹਰਿਗੁਣ ਹਿਰਦੇ ਵਿਚ ਵੱਸਦੇ ਹਨ। ਆਪਣੇ ਮੂੰਹ ਤੋਂ ਭੈੜੇ ਬੋਲ ਬੋਲਣੇ ਵਿਸਾਰ ਕੇ ਮਿੱਠੇ ਬੋਲ ਬੋਲਦਾ ਹੈ। ਉਸਦੇ ਹਿਰਦੇ ਵਿਚ ਵਿਰਾਗ ਜਨਮ ਲੈਂਦਾ ਹੈ। ਭਾਵ ਪਿਆਰ ਜਨਮ ਲੈਂਦਾ ਹੈ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥ (774)

ਚੌਥੀ ਲਾਂਵ ਇਹ ਉਪਦੇਸ਼ ਦਿੰਦੀ ਹੈ ਕਿ ਜਦੋਂ ਆਪਣੇ ਫ਼ਰਜ਼ ਦੀ ਪਹਿਚਾਣ ਹੋ ਜਾਂਦੀ ਹੈ ਤਾਂ ਸਤਿਗੁਰਾਂ ਨਾਲ ਮਿਲਾਪ ਹੁੰਦਾ ਹੈ। ਮਨ 'ਚ ਚਾਓ, ਖੇੜਾ, ਖ਼ੁਸ਼ੀ ਆਉਂਦੀ ਹੈ ਤਾਂ ਹਿਰਦੇ 'ਚ ਸਹਿਜ ਅਵਸਥਾ ਬਣਦੀ ਹੈ। ਅੰਦਰੋਂ ਬਾਹਰੋਂ ਬੰਦਾ ਇਕਸਾਰ ਹੁੰਦਾ ਹੈ। ਹਰ ਵੇਲੇ ਰੱਬੀ ਗੁਣਾਂ ਵਿਚ ਜੁੜਿਆ ਰਹਿੰਦਾ ਹੈ। ਸਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਇਹਨਾਂ ਗੁਣਾਂ ਦਾ ਹਰ ਵੇਲੇ ਵਾਧਾ ਹੁੰਦਾ ਹੈ। ਫਿਰ ਜਾ ਕੇ ਰਿਸ਼ਤਾ ਹਮੇਸ਼ਾਂ ਲਈ ਖ਼ੁਸ਼ੀਆਂ ਵਰਤਾਉਂਦਾ ਹੈ।

ਸੁਭਾਗ ਜੋੜੇ ਲਈ ਸਫਲ ਜੀਵਨ ਨਿਰਬਾਹ ਲਈ ਇੱਕ ਗੱਲ ਧਿਆਨ 'ਚ ਰੱਖਣੀ ਚਾਹੀਦੀ ਹੈ ਮਨ, ਬਚਨ ਤੇ ਕਰਮ ਦਾ ਇਕਸਾਰੀ ਹੋਣਾ ਹੈ ਤੇ ਇਸ ਵਾਸਤੇ ਹਮੇਸ਼ਾਂ ਲਈ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਅਨੁਸਾਰ ਚੱਲਣਾ ਪਵੇਗਾ ਤੇ ਰਿਸ਼ਤਾ ਖ਼ੁਸ਼ੀਆਂ, ਖੇੜੇ ਵੰਡਦਾ ਹੈ।

-0-


ਸਾਡੇ ਸਮਾਜ ਦੀਆਂ ਜੋਕਾਂ, ਜੋਤਸ਼ੀ, ਤਾਂਤਰਿਕ ਬਾਬੇ ਅਤੇ ਵਾਸਤੂ ਸ਼ਾਸਤਰ ਵਾਲੇ

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ) ਪੰਡੋਰੀ ਸਿੱਧਵਾਂ 9501100062

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐੱਸ.ਐੱਚ.ਓ. ਲੱਗਾ ਹੋਇਆ ਸੀ। ਉਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁੰਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿੱਚ ਜੇਲ੍ਹ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿੱਚ ਦੋ ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁੰਸ਼ੀ ਦੇ ਤਰਲੇ ਵਾਸਤੇ ਪਾ ਕੇ ਕੁਝ ਸਮੇਂ ਲਈ ਥਾਣੇ ਦੀ ਹਵਾਲਾਤ ਵਿੱਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁੰਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁੰਸ਼ੀ ਆ ਗਿਆ। ਦਿਨ ਵਾਲਾ ਮੁੰਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਅਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁੰਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿੱਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿੱਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜਰੂਰ ਕਦਮ ਚੁੰਮੇਗੀ।

ਕੁਝ ਦਿਨ ਪਹਿਲਾਂ ਇਹ ਖਬਰ ਆਈ ਹੈ ਕਿ ਮਹਾਰਾਸ਼ਟਰ ਦੇ ਇੱਕ ਠੱਗ ਜੋਤਸ਼ੀ ਨੇ ਸੈਂਕੜੇ ਔਰਤਾਂ ਨਾਲ ਸਰੀਰਕ ਸਬੰਧ ਬਣਾਏ ਹਨ। ਸਬੰਧ ਤਾਂ ਬਣਾਏ ਹੀ ਨਾਲ ਉਨ੍ਹਾਂ ਦੀਆਂ ਵੀਡੀਉ ਵੀ ਬਣਾ ਲਈਆਂ। ਮਹਾਰਾਸ਼ਟਰ ਦੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਵੀ ਉਸ ਦੇ ਪੰਜਿਆਂ ਤੋਂ ਨਹੀਂ ਬਚ ਸਕੀ। ਲੋਕ ਰੋਜ਼ਾਨਾ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਤੇ ਹੋਰ ਧਾਰਮਿਕ ਗੰਦ ਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿੱਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ, ਜਿਨ੍ਹਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣ ਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿੱਚ ਘਿਉ ਸਾੜਨ ਜਾਂ ਪਾਣੀ ਵਿੱਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖੁੱਸ਼ ਹੋ ਸਕਦਾ ਹੈ? 2024 ਦੀਆਂ ਪਾਰਲੀਮੈਂਟ ਚੋਣਾਂ ਸਮੇਂ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ ਸਨ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ ਤਾਂ ਚਿੰਤਾ ਦੇ ਰੂਪ ਵਿੱਚ 4-5 ਕਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰੱਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿੱਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰਾਂ ਵਹਿਮਾਂ ਭਰਮਾਂ ਵਿੱਚ ਜਕੜਿਆ ਹੋਇਆ ਹੈ। ਕਈ ਲੋਕ ਐਨੇ ਵਹਿਮੀ ਹਨ ਕਿ ਜੋਤਸ਼ੀ ਨੂੰ ਪੁੱਛੇ ਬਗੈਰ ਬਾਥਰੂਮ ਤੱਕ ਨਹੀਂ ਜਾਂਦੇ। ਭਾਰਤ ਵਿੱਚ ਜੋਤਿਸ਼, ਤਾਂਤਰਿਕ, ਵਾਸਤੂਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਖੰਡਵਾਦ ਵਿੱਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ ਤਾਂ ਅਸੀਂ ਵੱਖ ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਨ੍ਹਾਂ ਨੇ ਧਰਤੀ ਵਿੱਚੋਂ ਡੀਜ਼ਲ ਪੈਟਰੌਲ



ਲੱਭਿਆ ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਹਨਾਂ ਨੇ ਹਵਾਈ ਜਹਾਜ਼ ਉਡਾਏ ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿੱਚ

ਉਡਾ ਦਿੱਤੇ ਜੋ ਅੱਜ ਤੱਕ ਵਾਪਸ ਨਹੀਂ ਆਏ, ਹੋ ਸਕਦਾ ਸ਼ੁੱਕਰ ਗ੍ਰਹਿ 'ਤੇ ਘਾਹ ਚਰਦੇ ਹੋਣ। ਉਹਨਾਂ ਦੀਆਂ ਔਰਤਾਂ ਉਲੰਪਿਕ ਵਿੱਚ ਖੇਡਦੀਆਂ ਹਨ ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ ਤਾਂ ਸਾਡੇ ਕੋਲ ਨਿਰਮਲ ਤੇ ਬਗੇਸ਼ਵਰ ਬਾਬਾ ਹੈ ਜੋ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂ ਸ਼ਾਸ਼ਤਰ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਹਨਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿੱਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸ਼ਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿੱਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ? ਚੰਡੀਗੜ੍ਹ ਦੇ ਵਹਿਮੀ ਆਰਕੀਟੈਕਟ ਲੀ ਕਰਬੂਜ਼ੀਏ ਨੇ 13 ਨੰਬਰ ਸੈਕਟਰ ਨਹੀਂ ਬਣਾਇਆ ਕਿਉਂਕਿ ਪੱਛਮੀ ਦੇਸ਼ਾਂ ਵਿੱਚ 13 ਨੰਬਰ ਨੂੰ ਮਨਹੂਸ ਸਮਝਿਆ ਜਾਂਦਾ ਹੈ। ਤਾਂ ਕੀ ਚੰਡੀਗੜ੍ਹ ਵਿੱਚ ਕੋਈ ਜ਼ੁਰਮ ਨਹੀਂ ਹੁੰਦੇ ਜਾਂ ਹਮੇਸ਼ਾਂ ਸ਼ਾਂਤੀ ਬਣੀ ਰਹਿੰਦੀ ਹੈ? ਇਥੇ ਤਾਂ ਸਗੋਂ ਰੋਜ ਬੇਰੋਜ਼ਗਾਰਾਂ



'ਤੇ ਡਾਂਗ ਖੜਕਦੀ ਹੈ। ਕੁਦਰਤੀ ਆਫਤਾਂ ਆਉਣ 'ਤੇ ਵਾਸਤੂ ਸ਼ਾਸ਼ਤਰ ਵਾਲਾ ਮਕਾਨ ਵੀ ਬਾਕੀ ਮਕਾਨਾਂ ਵਾਂਗ ਹੀ ਤਬਾਹ ਹੋ ਜਾਂਦਾ ਹੈ।

ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੁਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ 'ਤੇ ਸੈਂਕੜੇ ਜੋਤਸ਼ੀ ਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਅੱਜ ਤੱਕ ਕੋਈ ਜੋਤਸ਼ੀ, ਤਾਂਤਰਿਕ ਜਾ ਬਾਬਾ ਤਰਕਸ਼ੀਲਾਂ ਵੱਲੋਂ ਰੱਖਿਆ ਲੱਖਾਂ ਦਾ ਇਨਾਮ ਕਿਉਂ ਨਹੀਂ ਜਿੱਤ ਸਕਿਆ? ਕਈ ਥਾਵਾਂ 'ਤੇ ਜੋਤਸ਼ੀਆਂ ਨੇ ਇਹ ਕਹਿ ਕੇ ਕਿ ਤੇਰੇ ਘਰ ਫਲਾਣੇ ਨੇ ਟੂਣਾ ਕੀਤਾ ਹੈ, ਕਤਲ ਤੱਕ ਕਰਵਾ ਦਿੱਤੇ ਹਨ। ਕਿਸੇ ਨੂੰ ਵੱਸ ਕਰਨ ਵਾਲਾ ਕੋਈ ਤਵੀਤ ਨਹੀਂ ਹੁੰਦਾ, ਨਹੀਂ ਲੋਕ ਪ੍ਰਧਾਨ ਮੰਤਰੀ ਨੂੰ ਵੱਸ ਵਿੱਚ ਕਰ ਕੇ ਕਿਸੇ ਸਟੇਟ ਦੇ ਗਵਰਨਰ ਲੱਗ ਜਾਂਦੇ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ ਤਾਂ ਟਾਟਾ, ਬਿਰਲਾ ਤੇ ਅੰਬਾਨੀ ਕਦੇ ਦਾ ਸੜਕਾਂ 'ਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿੱਚ ਸ਼ਕਤੀ ਹੁੰਦੀ ਤਾਂ ਇਨ੍ਹਾਂ ਦੇ ਆਪਣੇ ਬੱਚੇ ਕਰੋੜਪਤੀ ਹੁੰਦੇ। ਜੇ ਧਾਰਮਿਕ ਗ੍ਰੰਥਾਂ ਦਾ ਤੋਤਾ ਰਟੰਤ ਕਰਨ ਨਾਲ ਰੱਬ ਮਿਲਦਾ ਹੁੰਦਾ ਤਾਂ ਸਾਰੇ ਪੰਡਤਾਂ, ਗ੍ਰੰਥੀਆਂ, ਮੌਲਵੀਆਂ ਤੇ ਪਾਦਰੀਆਂ ਦਾ ਰੱਬ ਨਾਲ ਚਾਹ ਪਾਣੀ ਸਾਂਝਾ ਹੋਣਾ ਸੀ। ਸੂਰਜ ਨੂੰ ਚੜ੍ਹਾਇਆ ਪਾਣੀ ਉਥੇ ਪਹੁੰਚ ਜਾਂਦਾ ਤਾਂ ਹੁਣ ਤੱਕ ਸੂਰਜ ਠੰਡਾ ਹੋ ਜਾਣਾ ਸੀ।

ਪਖੰਡੀਆਂ ਵਿੱਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਇਨ੍ਹਾਂ ਮੁਸ਼ਟੰਡਿਆਂ ਸਾਹਮਣੇ ਸਿਰ ਮਾਰ ਮਾਰ ਕੇ ਖੇਡਦੀਆਂ ਹਨ, ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਭੂਤ ਕੱਢਣ ਦੇ ਨਾਮ 'ਤੇ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅੜ੍ਰਿਪਤ ਆਤਮਾ ਮੰਨਿਆਂ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ 'ਤੇ ਕੀ ਅਸਰ ਹੋਣਾ ਹੈ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗੁਆਂਢ ਦੀ ਝੁੱਗੀ ਵਿੱਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ? ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ-ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ 'ਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿੱਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਹਨਾਂ ਦੇ ਕਹਿਣ 'ਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਉਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁੰਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿੱਚ ਜੇਲ੍ਹ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿੱਚ ਦੋ ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁੰਸ਼ੀ ਦੇ ਤਰਲੇ ਵਾਸਤੇ ਪਾ ਕੇ ਕੁਝ ਸਮੇਂ ਲਈ ਥਾਣੇ ਦੀ ਹਵਾਲਾਤ ਵਿੱਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁੰਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁੰਸ਼ੀ ਆ ਗਿਆ। ਦਿਨ ਵਾਲਾ ਮੁੰਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਅਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁੰਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿੱਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿੱਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜਰੂਰ ਕਦਮ ਚੁੰਮੇਗੀ।

-0-



-ਸਰਪੰਚ ਅਵਨੀਤ ਕੌਰ ਮਾਂਹਪੁਰ
98150-99098

ਵਿਦਿਆਰਥੀ ਜੀਵਨ ਵਿਚ ਅਖ਼ਬਾਰਾਂ ਦੀ ਮਹੱਤਤਾ

ਪਿਆਰੇ ਬੱਚਿਓ। ਵਿਦਿਆਰਥੀ ਜੀਵਨ ਵਿਚ ਕਿਤਾਬਾਂ ਤੋਂ ਇਲਾਵਾ ਵਾਧੂ ਜਾਣਕਾਰੀ ਪ੍ਰਾਪਤ ਕਰਨਾ ਵੀ ਜ਼ਰੂਰੀ ਹੁੰਦਾ ਹੈ। ਸੰਬੰਧਿਤ ਕਿਤਾਬੀ ਪੜ੍ਹਾਈ ਤੋਂ ਇਲਾਵਾ ਜੇਕਰ ਅਸੀਂ ਹੋਰ ਦੇਸ਼ ਦੁਨੀਆ ਦੀ ਜਾਣਕਾਰੀ ਰੱਖਦੇ ਹਾਂ ਤਾਂ ਸਾਨੂੰ ਇਸ ਦੇ ਨੰਬਰ ਵੀ ਜ਼ਿਆਦਾ ਮਿਲਦੇ ਹਨ ਅਤੇ ਅਧਿਆਪਕਾਂ ਦੀ ਨਜ਼ਰ ਵਿਚ ਵੀ ਅਸੀਂ ਵੱਖਰੀ ਪਛਾਣ ਬਣਾਉਂਦੇ ਹਾਂ। ਜੇਕਰ ਅਸੀਂ ਕਿਤਾਬਾਂ ਤੋਂ ਇਲਾਵਾ ਆਪਣਾ ਥੋੜ੍ਹਾ ਜਿਹਾ ਸਮਾਂ ਅਖ਼ਬਾਰ ਪੜ੍ਹਨ ਵੱਲ ਲਗਾਈਏ ਤਾਂ ਸਾਡੇ ਗਿਆਨ ਵਿਚ ਬੇਹੱਦ ਵਾਧਾ ਹੋਵੇਗਾ, ਕਿਉਂਕਿ ਅਖ਼ਬਾਰਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਅਖ਼ਬਾਰਾਂ ਤੋਂ ਸਾਨੂੰ ਹਰ ਰੋਜ਼ ਹੋਣ ਵਾਲੀਆਂ ਘਟਨਾਵਾਂ , ਵੱਖ-ਵੱਖ ਦੇਸ਼ਾਂ ਦੇ ਨੇਤਾਵਾਂ ਤੇ ਉਨ੍ਹਾਂ ਦੇ ਨਾਵਾਂ ਬਾਰੇ, ਧਰਮ ਤੇ ਸੱਭਿਆਚਾਰ ਬਾਰੇ, ਸਿਹਤ ਬਾਰੇ, ਘਰੇਲੂ ਚੀਜ਼ਾਂ ਆਦਿ ਬਾਰੇ, ਪੜ੍ਹਾਈ ਤੋਂ ਪਿਛੋਂ ਕੈਰੀਅਰ ਬਣਾਉਣ ਬਾਰੇ ਤੇ ਪੁਰਾਤਨ ਇਤਿਹਾਸ ਨਾਲ ਸੰਬੰਧਿਤ ਜਾਣਕਾਰੀ, ਨਾਵਲ, ਕਹਾਣੀਆਂ ਤੇ ਬਾਲ ਸੰਸਾਰ 'ਚ ਹੋਰ ਅਨੇਕਾਂ ਤਰ੍ਹਾਂ ਦੀ ਜਾਣਕਾਰੀ ਭਰਪੂਰ ਬਹੁਤ ਸਾਰਾ ਕੀਮਤੀ ਖਜ਼ਾਨਾ ਮਿਲਦਾ ਹੈ। ਜੇਕਰ ਸਿਲੇਬਸ ਤੋਂ ਬਗੈਰ ਅਧਿਆਪਕ ਸਾਡੇ ਤੋਂ ਕੋਈ ਸਵਾਲ ਪੁੱਛਦਾ ਹੈ ਤਾਂ ਅਸੀਂ ਉਸ ਦਾ ਜਵਾਬ ਦੇਣ ਤੋਂ ਅਸਮਰੱਥ ਹੋ ਜਾਂਦੇ ਹਾਂ, ਪਰ ਜੇਕਰ ਅਸੀਂ ਵਾਧੂ ਜਾਣਕਾਰੀ ਰੱਖਦੇ ਹਾਂ ਤਾਂ ਅਸੀਂ ਉਸ ਦਾ ਜਵਾਬ ਝੱਟਪਟ ਦੇ ਸਕਦੇ ਹਾਂ। ਅਖ਼ਬਾਰ ਸਾਡੇ ਗਿਆਨ ਦੀ ਚਾਬੀ ਹਨ। ਅਖ਼ਬਾਰ ਜਿਥੇ ਸਾਨੂੰ ਚੰਗੇਰੀ ਸਿੱਖਿਆ ਬਾਰੇ ਜਾਣਕਾਰੀ ਦਿੰਦੇ ਹਨ, ਉਥੇ ਹੀ ਸਾਨੂੰ ਚੰਗੇ ਅਤੇ ਮਾੜੇ ਆਚਰਨ ਵਾਲੇ ਲੋਕਾਂ ਬਾਰੇ ਪਤਾ ਲਗਦਾ ਹੈ। ਅਖ਼ਬਾਰ ਪੜ੍ਹਨ ਤੋਂ ਬਿਨਾਂ ਅਸੀਂ ਰੋਜ਼ਾਨਾ ਵਾਪਰਨ ਵਾਲੀਆਂ ਘਟਨਾਵਾਂ ਤੋਂ ਅਣਜਾਣ ਰਹਿ ਜਾਂਦੇ ਹਾਂ। ਅਖ਼ਬਾਰਾਂ ਰਾਹੀਂ ਸਾਨੂੰ ਖ਼ੂਨ ਦੇ ਡੂੰਘੇ ਰਿਸ਼ਤਿਆਂ ਵਿਚ ਪੈ ਰਹੀਆਂ ਤਰੇੜਾਂ ਬਾਰੇ ਪਤਾ ਲਗਦਾ ਹੈ। ਅਖ਼ਬਾਰ ਹੀ ਸਾਨੂੰ ਨਵੀਆਂ ਸੇਧਾਂ, ਡੂੰਘੀ ਸੋਚ ਤੇ ਗਿਆਨ ਭਰਪੂਰ ਬਣਾਉਂਦੇ ਹਨ। ਅਖ਼ਬਾਰ ਪੜ੍ਹਨ ਨਾਲ ਸਾਡਾ ਥੋੜ੍ਹਾ ਜਿਹਾ ਵਾਧੂ ਸਮਾਂ ਵੀ ਬਰਬਾਦ ਹੋਣ ਤੋਂ ਬਚਦਾ ਹੈ, ਕਿਉਂਕਿ ਸਾਡੇ ਕੋਲ ਐਨਾ ਜ਼ਿਆਦਾ ਸਮਾਂ ਨਹੀਂ ਹੁੰਦਾ ਕਿ ਅਸੀਂ ਕੋਈ ਕਿਤਾਬ ਜਾ ਨਾਵਲ ਪੜ੍ਹ ਸਕੀਏ। ਅਖ਼ਬਾਰ ਪੜ੍ਹਨ ਨਾਲ ਅਸੀਂ ਥੋੜੇ ਸਮੇਂ 'ਚ ਹੀ ਬਹੁਤ ਸਾਰੀ ਜਾਣਕਾਰੀ ਹਾਸਿਲ ਕਰ ਲੈਂਦੇ ਹਾਂ। ਅਖ਼ਬਾਰਾਂ ਰਾਹੀਂ ਸਾਨੂੰ ਬੁਰੇ ਕੰਮਾਂ ਤੋਂ ਬਚਣ ਅਤੇ ਵਧੀਆ ਉਸਾਰੂ ਕੰਮਾਂ ਤੇ ਸਮਾਜ ਭਲਾਈ ਦੇ ਕੰਮਾਂ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਜੇਕਰ ਅਸੀਂ ਹਰ ਰੋਜ਼ ਅਖ਼ਬਾਰ ਪੜ੍ਹਨ ਦੀ ਆਦਤ ਪਾ ਲਈਏ ਤਾਂ ਇਸ ਨਾਲ ਜਿਥੇ ਸਾਡੀ ਜਾਣਕਾਰੀ ਵਿਚ ਬੇਹੱਦ ਵਾਧਾ ਹੋਵੇਗਾ ਉਥੇ ਹੀ ਸਾਡੇ ਮਨ ਅੰਦਰ ਬੁਰੇ ਕੰਮਾਂ ਨੂੰ ਖ਼ਤਮ ਕਰਨ ਦੀ ਤਾਂਘ ਪੈਦਾ ਹੋਵੇਗੀ। ਸੋ ਬੱਚਿਓ, ਪੜ੍ਹਾਈ ਦੇ ਨਾਲ-ਨਾਲ ਅਖ਼ਬਾਰ ਸਾਡੀ ਜ਼ਿੰਦਗੀ 'ਚ ਬੇਹੱਦ ਮਹੱਤਤਾ ਰੱਖਦੇ ਹਨ।



-0-

ਬਾਲ ਕਵਿਤਾ:

ਸਾਵਣ ਆਇਆ

-ਮਨਮੋਹਨ ਸਿੰਘ ਬਾਸਰਕੇ # 99147-16616

ਮੀਂਹ ਦੀ ਜਦੋਂ ਆਈ ਫੁਹਾਰ
ਮੌਸਮ ਹੋ ਗਿਆ ਠੰਢਾ ਠਾਰ
ਸੁਹਾਵਣਾ ਮੌਸਮ ਬਣਾਇਆ
ਸਾਵਣ ਆਇਆ ਸਾਵਣ ਆਇਆ।

ਜਦੋਂ ਦੀ ਮੌਨਸੂਨ ਆਈ
ਹਰ ਚਿਹਰੇ 'ਤੇ ਖੁਸ਼ੀ ਹੈ ਛਾਈ
ਜੋ ਸੀ ਗਰਮੀ ਨਾਲ ਮੁਰਝਾਇਆ
ਸਾਵਣ ਆਇਆ ਸਾਵਣ ਆਇਆ।

ਦਾਦੀ ਜੀ ਖੀਰ ਪੂੜੇ ਪਕਾਂਦੇ
ਸਾਰੇ ਬੈਠ ਕੇ ਚੌਂਤਰੇ ਖਾਂਦੇ
ਬਹੁਤਾ ਹੀ ਸੁਆਦ ਹੈ ਆਇਆ
ਸਾਵਣ ਆਇਆ ਸਾਵਣ ਆਇਆ।

ਪਿੱਪਲਾਂ 'ਤੇ ਪੀਂਘਾਂ ਪਈਆਂ
ਸਾਰੀਆਂ ਸਈਆਂ ਝੂਟਣ ਗਈਆਂ
ਧੀਆਂ ਦਾ ਹੈ ਮੇਲ ਕਰਾਇਆ
ਸਾਵਣ ਆਇਆ ਸਾਵਣ ਆਇਆ।

ਬਰਸਾਤਾਂ ਦੀ ਰੁੱਤ ਹੈ ਆਈ
ਇਕ ਇਕ ਰੁੱਖ ਲਗਾਓ ਭਾਈ
ਬਾਸਰਕੇ ਵਾਲੇ 'ਮੋਹਣ' ਸਮਝਾਇਆ
ਸਾਵਣ ਆਇਆ ਸਾਵਣ ਆਇਆ।

-0-

ਦਾਦੀ, ਮੈਂ ਅਤੇ ਕਹਾਣੀ

ਡਾ. ਪਰਦੀਪ ਕੌੜਾ
98156-64444

ਸਧਾਰਨ ਬੱਚਿਆਂ ਵਾਂਗ ਬਚਪਨ ਵਿੱਚ ਮੈਂ ਵੀ ਆਪਣੀ ਦਾਦੀ ਪਾਸੋਂ ਕਹਾਣੀਆਂ ਸੁਣਨ ਲਈ ਹਮੇਸ਼ਾ ਉਤਸੁਕ ਰਹਿੰਦਾ ਸਾਂ। ਜਦੋਂ ਵੀ ਦਾਦੀ ਨੇ ਸਾਡੇ ਕੋਲ ਪਿੰਡ ਰਹਿਣ ਆਉਣਾ ਤਾਂ ਦੋ ਕਮਰਿਆਂ ਵਾਲੇ ਸਾਡੇ ਮਕਾਨ ਦੇ ਇੱਕ ਕਮਰੇ ਵਿੱਚ ਦਾਦੀ ਦਾ ਮੰਜਾ ਡਹਿ ਜਾਣਾ। ਕਹਾਣੀ ਸੁਣਨ ਦੇ ਲਾਲਚ ਵਿੱਚ ਮੈਂ ਦਾਦੀ ਦੇ ਛੋਟੇ-ਮੋਟੇ ਕੰਮ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਰੋਟੀ-ਪਾਣੀ ਵੀ ਫੜਾ ਦਿੰਦਾ ਸੀ। ਦਾਦੀ ਕੋਲ ਕਹਾਣੀਆਂ ਦਾ ਅਥਾਹ ਭੰਡਾਰ ਸੀ। ਉਹ ਰੂਪ-ਬਸੰਤ, ਮਹਾਤਮਾ ਬੁੱਧ, ਸ੍ਰੀ ਕ੍ਰਿਸ਼ਨ, ਸ੍ਰੀ ਰਾਮਚੰਦਰ ਜੀ ਸਮੇਤ ਪਰੀਆਂ, ਰਾਜਕੁਮਾਰਾਂ ਅਤੇ ਰਾਜੇ-ਰਾਣੀਆਂ ਦੀਆਂ ਅਨੇਕਾਂ ਕਹਾਣੀਆਂ ਸੁਣਾਉਂਦੀ ਹੁੰਦੀ ਸੀ।

ਦਾਦੀ ਵੱਲੋਂ ਸੁਣਾਈ ਅਜਿਹੀ ਹੀ ਇੱਕ ਦਿਲਚਸਪ ਕਹਾਣੀ ਮੈਂ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ: ਬੜੀ ਪੁਰਾਣੀ ਗੱਲ ਹੈ, ਚਾਰ ਪੱਕੇ ਦੋਸਤ ਸਨ। ਇੱਕ ਤਰਖਾਣ ਦਾ ਲੜਕਾ ਸੀ, ਦੂਜਾ ਦਰਜ਼ੀ ਦਾ, ਤੀਜਾ ਇੱਕ ਅਮੀਰ ਰਾਜੇ ਦਾ ਅਤੇ ਚੌਥਾ ਇੱਕ ਰਿਸ਼ੀ ਦਾ ਪੁੱਤਰ ਸੀ। ਇੱਕ ਵਾਰ ਉਹ ਚਾਰੇ ਕਿਸੇ ਦੂਰ-ਦੁਰਾਡੇ ਦੀ ਯਾਤਰਾ 'ਤੇ ਨਿਕਲੇ। ਰਸਤੇ ਵਿੱਚ ਇੱਕ ਸੰਘਣੇ ਜੰਗਲ ਵਿੱਚੋਂ ਲੰਘਦਿਆਂ ਉਨ੍ਹਾਂ ਨੂੰ ਰਾਤ ਪੈ ਗਈ। ਚਾਰਾਂ ਦੋਸਤਾਂ ਨੇ ਫੈਸਲਾ ਕੀਤਾ ਕਿ ਉਹ ਰਾਤ ਜੰਗਲ ਵਿੱਚ ਹੀ ਕੱਟਣਗੇ ਅਤੇ ਸੁਰੱਖਿਆ ਦੇ ਮੱਦੇਨਜ਼ਰ ਹਰ ਇੱਕ ਦੋਸਤ ਰਾਤ ਦੇ ਇੱਕ-ਇੱਕ ਪਹਿਰ ਦਾ ਪਹਿਰਾ ਦੇਵੇਗਾ ਤਾਂ ਜੋ ਬਾਕੀ ਤਿੰਨ ਜਣੇ ਬੇਫ਼ਿਕਰ ਹੋ ਕੇ ਸੌਂ ਸਕਣ। ਪਹਿਰਾ ਦੇਣ ਦੀ ਪਹਿਲੀ ਵਾਰੀ ਤਰਖਾਣ ਦੇ ਲੜਕੇ ਦੀ ਸੀ। ਪਹਿਰਾ ਦਿੰਦਿਆਂ ਉਸ ਨੇ ਸੋਚਿਆ ਕਿ ਜੰਗਲ ਵਿੱਚ ਲੱਕੜਾਂ ਦੀ ਕੋਈ ਕਮੀ ਨਹੀਂ ਅਤੇ ਉਸ ਕੋਲ ਆਪਣੇ ਔਜ਼ਾਰ ਵੀ ਮੌਜੂਦ ਹਨ, ਕਿਉਂ ਨਾ ਸਮਾਂ ਬਿਤਾਉਣ ਲਈ ਕੁਝ ਬਣਾਇਆ ਜਾਵੇ। ਇਹ ਸੋਚ ਕੇ ਉਸ ਨੇ ਕੰਮ ਸ਼ੁਰੂ ਕਰ ਦਿੱਤਾ ਅਤੇ ਆਪਣੀ ਕਾਰੀਗਰੀ ਨਾਲ ਲੱਕੜ ਦਾ ਇੱਕ ਬਹੁਤ ਹੀ ਖ਼ੂਬਸੂਰਤ ਲੜਕੀ ਦਾ ਬੁੱਤ ਘੜ ਦਿੱਤਾ। ਪਹਿਰੇ ਦੀ ਅਗਲੀ ਵਾਰੀ ਦਰਜ਼ੀ ਦੇ ਲੜਕੇ ਦੀ ਸੀ। ਜਦੋਂ ਉਸ ਨੇ ਦੇਖਿਆ ਕਿ ਸਾਹਮਣੇ ਇੱਕ ਬੇਹੱਦ ਖ਼ੂਬਸੂਰਤ ਬੁੱਤ ਪਿਆ ਹੈ ਤਾਂ ਉਸ ਨੇ ਸੋਚਿਆ ਕਿ ਕਿਉਂ ਨਾ ਪਹਿਰੇ ਦੇ ਸਮੇਂ ਦੌਰਾਨ ਇਸ ਲਈ ਸੋਹਣੇ ਬਸਤਰ ਸਿਉਂ ਦਿੱਤੇ ਜਾਣ। ਉਸ ਨੇ ਤੁਰੰਤ ਬੁੱਤ ਦੇ ਮੇਚ ਦੇ ਬਹੁਤ ਹੀ ਸੁੰਦਰ ਕੱਪੜੇ ਸਿਉਂ ਕੇ ਉਸ ਨੂੰ ਪਹਿਨਾ ਦਿੱਤੇ। ਤੀਜੀ ਵਾਰੀ ਰਾਜੇ ਦੇ ਪੁੱਤਰ ਦੀ ਸੀ। ਸੋਹਣੇ ਬਸਤਰਾਂ ਵਿੱਚ ਸਜੇ ਉਸ ਸੁੰਦਰ ਬੁੱਤ ਨੂੰ ਵੇਖ ਕੇ ਰਾਜਕੁਮਾਰ ਮੰਤਰ-ਮੁਗਧ ਹੋ ਗਿਆ। ਪਹਿਰਾ ਦੇਣ ਦੇ ਨਾਲ-ਨਾਲ ਉਸ ਨੇ ਆਪਣੇ ਪਾਏ ਹੋਏ ਕੀਮਤੀ ਹੀਰੇ-ਜਵਾਹਰਾਤ ਅਤੇ ਗਹਿਣੇ ਉਤਾਰ ਕੇ ਉਨ੍ਹਾਂ ਨਾਲ ਬੁੱਤ ਨੂੰ ਸਜਾ ਦਿੱਤਾ। ਇਨ੍ਹਾਂ ਗਹਿਣਿਆਂ ਨੇ ਲੜਕੀ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਦਿੱਤੇ। ਅੰਤਿਮ ਪਹਿਰਾ ਰਿਸ਼ੀ ਦੇ ਲੜਕੇ ਦਾ ਸੀ। ਉਸ ਦੇ ਸਾਹਮਣੇ ਗਹਿਣਿਆਂ ਅਤੇ ਸੁੰਦਰ ਪੁਸ਼ਾਕ ਵਿੱਚ ਸਜੀ ਇੱਕ ਮੂਰਤ ਸੀ। ਰਿਸ਼ੀ ਦੇ ਪੁੱਤਰ ਨੇ ਪਹਿਰਾ ਦਿੰਦਿਆਂ ਆਪਣੀ ਤੰਤਰ-ਮੰਤਰ ਅਤੇ ਯੋਗ ਵਿੱਦਿਆ ਦੀ ਵਰਤੋਂ ਕੀਤੀ ਅਤੇ ਉਸ ਬੁੱਤ ਵਿੱਚ ਜਾਨ ਪਾ ਦਿੱਤੀ। ਬੁੱਤ ਵਿੱਚ ਸਾਹ ਚੱਲ ਪਏ ਅਤੇ ਉਹ ਖ਼ੂਬਸੂਰਤ ਲੜਕੀ ਜ਼ਿੰਦਾ ਹੋ ਗਈ। ਉਧਰੋਂ ਰਾਤ ਦੇ ਚਾਰ ਪਹਿਰ ਬੀਤਣ ਨਾਲ ਦਿਨ ਚੜ੍ਹ ਗਿਆ। ਜਦੋਂ ਚਾਰੇ ਦੋਸਤ ਆਪਣੀ ਮੰਜ਼ਿਲ ਵੱਲ ਅੱਗੇ ਵਧਣ ਲੱਗੇ ਤਾਂ ਉਹ ਲੜਕੀ ਕਹਿਣ ਲੱਗੀ "ਮੈਂ ਇਸ ਸੰਘਣੇ ਜੰਗਲ ਵਿੱਚ ਇਕੱਲੀ ਕਿਵੇਂ ਰਹਾਂਗੀ? ਤੁਹਾਡੇ ਵਿੱਚੋਂ ਕੋਈ ਇੱਕ ਮੇਰੇ ਨਾਲ ਵਿਆਹ ਕਰਵਾ ਕੇ ਮੈਨੂੰ ਆਪਣੇ ਨਾਲ ਲੈ ਕੇ ਚੱਲੇ।" ਦਾਦੀ ਨੇ ਕਹਾਣੀ ਇੱਥੇ ਰੋਕੀ ਅਤੇ ਮੇਰੇ ਵੱਲ ਦੇਖਦਿਆਂ ਪ੍ਰਸ਼ਨ ਕੀਤਾ, "ਹੁਣ ਤੂੰ ਦੱਸ ਬੇਟਾ, ਉਹ ਲੜਕੀ ਕਿਸ ਨਾਲ ਵਿਆਹ ਕਰਵਾਏਗੀ? ਉਸ ਲੜਕੀ 'ਤੇ ਸਭ ਤੋਂ ਵੱਧ ਹੱਕ ਕਿਸ ਦਾ ਬਣਦਾ ਹੈ?" ਮੈਂ ਦਿਮਾਗੀ ਘੋੜੇ ਭਜਾਉਣੇ ਸ਼ੁਰੂ ਕਰ ਦਿੱਤੇ। ਕਦੇ ਮੈਨੂੰ ਲੱਗੇ ਕਿ ਲੜਕੀ 'ਤੇ ਹੱਕ ਮਿਸਤਰੀ ਲੜਕੇ ਦਾ ਬਣਦਾ ਹੈ ਕਿਉਂਕਿ ਜੇਕਰ ਉਹ ਬੁੱਤ ਹੀ ਨਾ ਬਣਾਉਂਦਾ ਤਾਂ ਉਸ ਲੜਕੀ ਵਿੱਚ ਜਾਨ ਕਿਵੇਂ ਪੈਂਦੀ? ਜੇਕਰ ਕੱਪੜੇ ਸਿਉਣ ਵਾਲਾ ਬੁੱਤ ਨੂੰ ਬੁੱਤ ਸਮਝ ਕੇ ਛੱਡ ਦਿੰਦਾ, ਫਿਰ ਵੀ ਕੁਝ ਨਹੀਂ ਬਣਨਾ ਸੀ। ਜਾਨ ਪਾਉਣ ਵਾਲੇ ਦਾ ਵੀ ਤਾਂ ਪੂਰਾ ਹੱਕ ਬਣਦਾ ਹੈ? ਮੈਂ ਤਰਕ ਦੀ ਕਸਵੱਟੀ 'ਤੇ ਕਦੇ ਇੱਕ ਨਾਂ ਪਰਖਦਾ ਅਤੇ ਕਦੇ ਦੂਜਾ। ਪਰ ਦਾਦੀ ਹਰ ਵਾਰ 'ਨਾਂਹ' ਵਿੱਚ ਸਿਰ ਹਿਲਾਈ ਜਾਂਦੀ ਸੀ। ਸੋਚ-ਸੋਚ ਕੇ ਕੋਈ ਗੱਲ ਬਣਦੀ ਨਾ ਵੇਖ ਮੈਂ ਹਾਰ ਮੰਨ ਲਈ ਅਤੇ ਦਾਦੀ ਨੂੰ ਹੀ ਇਸ ਦਾ ਜਵਾਬ ਦੇਣ ਲਈ ਕਿਹਾ। ਦਾਦੀ ਨੇ ਕਿਹਾ 'ਕਮਲਿਆ' ਲੜਕੀ ਉਸ ਲੜਕੇ ਨਾਲ ਵਿਆਹ ਕਰਵਾਏਗੀ ਜਿਸ ਨੇ ਉਸ ਨੂੰ ਗਹਿਣੇ ਪਾਏ ਨੇ...। ਜਵਾਬ ਮੇਰੇ ਸਾਰੇ ਹਿਸਾਬ-ਕਿਤਾਬ 'ਚੋਂ ਬਾਹਰ ਸੀ ਕਿਉਂਕਿ ਮੇਰੀ ਨਜ਼ਰ ਵਿੱਚ ਲੜਕੀ ਦੇ ਜ਼ਿੰਦਾ ਹੋਣ ਤੱਕ ਦੀ ਸਾਰੀ ਪ੍ਰਕਿਰਿਆ ਵਿੱਚ ਅਮੀਰ ਰਾਜੇ ਦੇ ਲੜਕੇ ਦਾ ਸਭ ਤੋਂ ਘੱਟ ਯੋਗਦਾਨ ਸੀ। ਮੈਂ ਦਾਦੀ ਦੇ ਜਵਾਬ ਤੋਂ ਉੱਕਾ ਹੀ ਸੰਤੁਸ਼ਟ ਨਹੀਂ ਸੀ ਅਤੇ ਦਾਦੀ ਨੂੰ ਆਪਣਾ ਜਵਾਬ ਠੀਕ ਸਿੱਧ ਕਰਨ 'ਤੇ ਅੜ ਗਿਆ। ਅਨਪੜ੍ਹ, ਅਨਭੋਲ ਦਾਦੀ ਕੋਈ ਤਰਕ ਤਾਂ ਨਾ ਦੇ ਸਕੀ ਬਸ ਇਹੀ ਕਹਿੰਦੀ ਰਹੀ, 'ਵੇ ਪੁੱਤ! ਸੋਹਣੀਆਂ ਚੀਜ਼ਾਂ 'ਤੇ ਅਮੀਰਾਂ-ਰਾਜਿਆਂ, ਪੈਸਿਆਂ ਵਾਲਿਆਂ ਦਾ ਹੀ ਹੱਕ ਹੁੰਦਾ ਹੈ।' ਉਸ ਸਮੇਂ ਮੈਨੂੰ ਇਹ ਤਰਕ ਜਚਿਆ ਨਹੀਂ। ਪਰ ਸਮਾਂ ਬੀਤਦਾ ਗਿਆ ਵੱਡੇ ਹੋਏ, ਮਾਰਕਸਵਾਦ ਦੀ ਪਰਿਭਾਸ਼ਾ ਪੜ੍ਹਦਿਆਂ ਕਹਾਣੀ ਦੇ ਅਰਥ ਸਮਝ ਆਏ। ਕਿੰਨਾ ਅਮੀਰ ਖ਼ਜ਼ਾਨਾ ਲੈ ਕੇ ਤੁਰ ਗਈਆਂ ਸਾਡੀਆਂ ਦਾਦੀਆਂ-ਨਾਨੀਆਂ। ਜੇ ਕਿਤੇ ਦਾਦੀ ਅੱਜ ਜਿਉਂਦੀ ਹੁੰਦੀ ਤਾਂ ਉਸ ਨੇ ਸਮਾਜਿਕ ਤਾਣੇ-ਬਾਣੇ ਦੀਆਂ ਉਲਝਣਾਂ ਅਤੇ ਇਸ ਜ਼ਿੰਦਗੀ ਦੀਆਂ ਜਟਿਲਤਾਵਾਂ ਨੂੰ ਕਹਾਣੀਆਂ ਵਿੱਚ ਹੀ ਸਮੋ ਦੇਣਾ ਸੀ।



-0-

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨਾ



ਸਤਲੁਜ ਪਾਰ ਦੇ ਰਈਸਾਂ ਦਾ ਅੰਗਰੇਜ਼ਾਂ ਦੀ ਰੱਖਿਆ ਵਿੱਚ ਆਵਣਾ ਤੇ ਮਹਾਰਾਜਾ ਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ

ਸੰਨ 1808 ਈ: ਵਿੱਚ, ਜਿਹਾ ਕਿ ਅਸੀਂ ਉਪਰ ਦੱਸ ਆਏ ਹਾਂ; ਪਹਾੜੀ ਇਲਾਕੇ ਦੇ ਕੁਝ ਭਾਗ ਦਾ ਦੌਰਾ ਮਹਾਰਾਜਾ ਨੇ ਆਪ ਕੀਤਾ ਅਤੇ ਬਾਕੀ ਦੇ ਇਲਾਕੇ ਲਈ ਦੀਵਾਨ ਮੋਹਕਮ ਚੰਦ ਨੂੰ ਇਹ ਮੁਹਿੰਮ ਸੌਂਪ ਆਏ ਸੀ। ਉਹ ਇੱਕ ਸ਼ਕਤੀਮਾਨ ਫੌਜ ਨਾਲ ਲੈ ਕੇ ਪਹਾੜੀ ਰਾਜਿਆਂ ਤੇ ਜਾ ਚੜ੍ਹਿਆ। ਇੱਥੇ ਪਹੁੰਚ ਕੇ ਉਸ ਨੇ ਆਪਣਾ ਕੰਮ ਆਰੰਭ ਦਿਤਾ ਅਤੇ ਇਸ ਤਰ੍ਹਾਂ ਉਹ ਪਹਾੜੀ ਤੇ ਦੁਆਬੇ ਦੇ ਇਲਾਕੇ ਨੂੰ ਸੋਧਦਾ ਹੋਇਆ ਸਤਲੁਜ ਤੋਂ ਪਾਰ ਜਾ ਪਹੁੰਚਿਆ। ਇਸ ਸਮੇਂ ਇਲਾਕਾ ਅਨੰਦਪੁਰ, ਮਾਖੋਵਾਲ ਆਦਿ ਖਾਲਸਾ ਰਾਜ ਨਾਲ ਮਿਲਾਂਦਾ ਹੋਇਆ ਫਿਰੋਜ਼ਪੁਰ ਦੇ ਪਰਗਣੇ ਵਿਚੋਂ ਬਧਨੀ ਦਾ ਇਲਾਕਾ ਜਿਸ ਵਿਚ ਪੰਦਰਾਂ ਪਿੰਡ ਸਨ, ਮੀਆਂ ਨੱਥੂ ਤੋਂ ਫਤਹ ਕਰ ਲਿਆ, ਜੋ ਕੁਝ ਚਿਰ ਪਿੱਛੋਂ ਸਰਦਾਰਨੀ ਸਦਾ ਕੌਰ ਜੀ ਨੂੰ ਦੇ ਦਿੱਤਾ ਗਿਆ।

ਇਥੇ ਇਹ ਗੱਲ ਅਵੱਸ਼ ਪ੍ਰਗਟ ਕਰਨੀ ਪੈਂਦੀ ਹੈ ਕਿ ਇਸ ਸਮੇਂ ਦੀਵਾਨ ਮੋਹਕਮ ਚੰਦ ਨੇ ਇਸ ਭੁਲੇਖੇ ਵਿਚ ਪੈ ਕੇ ਕੁਝ ਕੁ ਕਠੋਰਤਾ ਵਰਤੀ, ਜੋ ਅੱਗੇ ਨੂੰ ਹਾਨੀਕਾਰਕ ਸਿੱਧ ਹੋਈ। ਦੀਵਾਨ ਨੇ ਇਸ ਭਾਵਨਾ ਨਾਲ ਕਿ ਮੈਂ ਜਿੰਨਾ ਵੱਧ ਇਲਾਕਾ ਮਹਾਰਾਜਾ ਲਈ ਫਤਹ ਕਰਾਂਗਾ, ਉਹ ਉਨੀ ਹੀ ਮੇਰੇ ਉਪਰ ਵੱਧ ਕ੍ਰਿਪਾਲਤਾ ਕਰੇਗਾ, ਇਸ ਧੁਨ ਵਿਚ ਇਸਨੇ ਕੁਝ ਕਰੜੇਪਨ ਤੋਂ ਕੰਮ ਲਿਆ, ਭਾਵੇਂ ਮਹਾਰਾਜਾ ਵਲੋਂ ਇਸ ਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੁਕਮ ਨਹੀਂ ਸੀ ਮਿਲਿਆ। ਇਹ ਨਾ ਦੱਸਣਾ ਵੀ ਸੱਚਾਈ ਦੇ ਉਲਟ ਹੈ ਕਿ ਦੀਵਾਨ ਨੇ ਜੋ ਕੀਤਾ ਉਹ ਖਾਲਸਾ ਰਾਜ ਨੂੰ ਹਾਨੀ ਪਹੁੰਚਾਣ ਦੇ ਇਰਾਦੇ ਨਾਲ ਨਹੀਂ ਸੀ ਕੀਤਾ, ਸਗੋਂ ਉਹ ਤਾਂ ਆਪਣੇ ਮਨ ਵਿੱਚ ਇਉਂ ਕਰਨ ਵਿੱਚ ਰਾਜ ਦੀ ਭਲਾਈ ਸਮਝਦਾ ਰਿਹਾ। ਇਥੇ ਇਸ ਨੇ ਟਪਲਾ ਇਹ ਖਾਧਾ ਕਿ ਜੋ ਨਿਯਮ ਉਹ ਪਹਾੜੀ ਇਲਾਕੇ ਵਿੱਚ ਵਰਤਦਾ ਰਿਹਾ ਸੀ, ਸਤਲੁਜ ਪਾਰ ਦੇ ਰਈਸ ਉਸ ਤੋਂ ਬਹੁਤ ਨਰਮ ਵਰਤਾਵ ਦੇ ਅਧਿਕਾਰੀ ਸਨ, ਇਸ ਤੋਂ ਥੋੜ੍ਹਾਂ ਚਿਰ ਪਹਿਲੇ ਜਦ ਮਹਾਰਾਜਾ ਸਾਹਿਬ ਦੂਜੀ ਵਾਰ ਪਟਿਆਲੇ ਤੋਂ ਮੁੜਿਆ ਸੀ ਤਾਂ ਫੁਲਬੰਸੀ ਰਾਜਿਆਂ ਤੇ ਰਈਸਾਂ ਨਾਲ ਉਸ ਦਾ ਵਿਸ਼ੇਸ਼ ਪਿਆਰ ਸੀ, ਪਰ ਇਸ ਦੇ ਥੋੜ੍ਹੇ ਚਿਰ ਪਿਛੋਂ ਹੀ ਇਕਾ-ਇਕ ਦੀਵਾਨ ਮੋਹਕਮਚੰਦ ਦਾ ਬਿਨਾਂ ਕਿਸੇ ਖਬਰ ਦੇ ਸਤਲੁਜ ਤੋਂ ਪਾਰ ਦੇ ਇਲਾਕੇ ਵਿੱਚ ਇਉਂ ਜਾ ਪੈਣ ਨਾਲ ਉਨ੍ਹਾਂ ਸਾਰਿਆਂ ਰਈਸਾਂ ਵਿਚ ਇਕ ਭੈ ਦੀ ਲਹਿਰ ਉਪਜ ਪਈ। ਇਸ ਭੁਲੇਖੇ ਵਿਚ ਹੁਣ ਉਨ੍ਹਾਂ ਦਾ ਇਹ ਨਿਸਚਾ ਹੋ ਗਿਆ ਕਿ ਦੀਵਾਨ ਨੇ ਜੋ ਕੁਝ ਕੀਤਾ ਹੈ, ਮਹਾਰਾਜਾ ਦੇ ਹੁਕਮ ਨਾਲ ਕੀਤਾ ਹੈ ਅਤੇ ਜਿਸ ਤਰ੍ਹਾਂ ਅੱਜ ਬਧਨੀ ਦਾ ਇਲਾਕਾ ਫਤਹ ਕਰ ਲਿਆ ਗਿਆ ਹੈ, ਇਹੋ ਹੀ ਫੈਸਲਾ ਕੱਲ ਸਾਡੀ ਪ੍ਰਾਲਭਧ ਦਾ ਭੀ ਨਾ ਹੋ ਜਾਏ। ਇਸ ਭੈ ਵਿਚ ਸਾਰੇ ਰਈਸ ਸਮਾਨੇ ਨਾਮੀਂ ਪਿੰਡ ਵਿਚ ਇਕੱਠੇ ਹੋਏ, ਜਿਥੇ ਫੈਸਲਾ ਹੋਇਆ ਕਿ ਸਾਡਾ ਸਬੰਧ ਸਦਾ ਤੋਂ ਦਿੱਲੀ ਦਰਬਾਰ ਨਾਲ ਰਿਹਾ ਹੈ, ਇਸ ਲਈ ਹੁਣ ਭੀ ਸਾਨੂੰ ਅੰਗਰੇਜਾਂ ਨਾਲ ਮੇਲ ਰੱਖਣਾ ਚਾਹੀਦਾ ਹੈ, ਤਾਂ ਜੋ ਅੱਗੇ ਨੂੰ ਲਾਹੌਰ ਦਰਬਾਰ ਦਾ ਸਾਡੇ ਸਿਰ ਕੋਈ ਖਟਕਾ ਨਾ ਰਹੇ। ਇਸ ਗੱਲ ਲਈ ਮਾਰਚ ਸੰਨ 1808 ਵਿਚ ਰਾਜਾ ਭਾਗ ਸਿੰਘ ਜੀਂਦ, ਭਾਈ ਲਾਲ ਸਿੰਘ ਕੈਂਥਲ ਤੇ ਸਰਦਾਰ ਦੈਨ ਸਿੰਘ ਦੀਵਾਨ ਪਟਿਆਲਾ ਮਿਲ ਕੇ ਸਾਰੇ ਇਲਾਕੇ ਵਲੋਂ ਮਿਸਟਰ ਸੀਟਨ (Mr. Seton) ਰੈਜ਼ੀਡੰਟ ਦਿੱਲੀ ਨੂੰ ਜਾ ਮਿਲੇ ਤੇ ਆਖਿਆ ਕਿ ਸਾਨੂੰ ਅੰਗਰੇਜ਼ੀ ਰੱਖਿਆ ਵਿਚ ਲੈ ਲਿਆ ਜਾਏ, ਪਰ ਰੈਜ਼ੀਡੰਟ ਨੇ ਇਸ ਸਮੇਂ ਇਨਾਂ ਨੂੰ ਕੋਈ ਹੌਸਲਾ ਵਧਾਊ ਉਤਰ ਨਾ ਦਿਤਾ, ਉਸ ਨੇ ਆਖਿਆ ਕਿ ਅੰਗਰੇਜ਼ ਸਰਕਾਰ ਦੂਜਿਆਂ ਦੇ ਕੰਮਾਂ ਵਿੱਚ ਦਖਲ ਨਹੀਂ ਦਿੰਦੀ, ਉਹ ਕੇਵਲ ਏਨਾ ਕਰ ਸਕਦਾ ਹੈ ਕਿ ਉਹ ਇਨ੍ਹਾਂ ਦਾ ਬੇਨਤੀ ਪੱਤਰ ਲਾਟ ਸਾਹਿਬ ਦੀ ਸੇਵਾ ਵਿਚ ਭੇਜ ਦੇਵੇਗਾ, ਉਥੇ ਜੋ ਫੈਸਲਾ ਹੋਵੇਗਾ, ਉਸ ਦੀ ਉਨ੍ਹਾਂ ਨੂੰ ਖਬਰ ਦਿੱਤੀ ਜਾਵੇਗੀ।

ਇਹ ਰਈਸ ਦਿੱਲੀ ਤੋਂ ਨਿਰਾਸ ਹੋ ਕੇ ਅਜੇ ਮੁੜੇ ਹੀ ਸਨ ਕਿ ਇੰਨੇ ਨੂੰ ਇਸ ਗੱਲ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਮਿਲ ਗਿਆ। ਉਸ ਨੇ ਤੁਰੰਤ ਆਪਣੇ ਏਜੰਟ ਇਨ੍ਹਾਂ ਵੱਲ ਭੇਜ ਕੇ ਉਨ੍ਹਾਂ ਨੂੰ ਮਿਲਣ ਲਈ ਬੁਲਾਇਆ। ਇਹ ਜਦੋਂ ਅੰਮ੍ਰਿਤਸਰ ਆ ਕੇ ਮਹਾਰਾਜਾ ਸਾਹਿਬ ਨੂੰ ਮਿਲੇ ਤਾਂ ਉਹ ਰੰਜ ਹੋਣ ਦੀ ਥਾਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲਿਆ ਅਤੇ ਉਨ੍ਹਾਂ ਦੇ ਮਨਾਂ ਤੋਂ ਭੈ ਦੇ ਨਵਿਰਤ ਕਰਨ ਲਈ ਕੋਈ ਗੱਲ ਪਿੱਛੇ ਨਾ ਛੱਡੀ, ਕਿਉਂਕਿ ਉਹ ਦਿਲੋਂ ਚਾਹੁੰਦਾ ਸੀ ਕਿ ਇਨ੍ਹਾਂ ਦਾ ਸੰਬੰਧ ਕਿਸੇ ਤਰ੍ਹਾਂ ਵੀ ਇਸ ਨਾਲੋਂ ਨਾ ਟੁੱਟੇ। ਇਸ ਵਿਸ਼ੇ ਪਰ ਵਿਚਾਰ ਰਾਜਾ ਸਾਹਿਬ ਸਿੰਘ ਪਟਿਆਲਾ ਨਾਲ 24 ਨਵੰਬਰ ਸੰਨ 1809 ਨੂੰ ਲਖਨੂਰ ਵਿਚ ਬਾਬਾ ਸਾਹਿਬ ਸਿੰਘ ਬੇਦੀ ਦੀ ਹਾਜ਼ਰੀ ਵਿਚ ਹੋਇਆ ਅਤੇ ਰਾਜਾ ਪਟਿਆਲਾ ਨਾਲ ਉਸ ਨੇ ਐਨਾ ਪਿਆਰ ਕੀਤਾ, ਜਿਸ ਦੀ ਕੋਈ ਹੱਦ ਨਾ ਸੀ ਇਥੋਂ ਤਕ ਆਖਿਆ ਕਿ ਆਪ ਦਾ ਮਿੱਤਰ ਮੇਰਾ ਮਿੱਤਰ ਹੈ ਆਪ ਦਾ ਵੈਰੀ ਮੇਰਾ ਵੈਰੀ ਹੋਵੇਗਾ। ਇਸ ਸਮੇਂ ਪਿਆਰ ਨੂੰ ਵਧੇਰਾ ਵਧਾਉਣ ਲਈ ਬਾਬਾ ਸਾਹਿਬ ਸਿੰਘ ਨੇ ਆਪਣੇ ਹੱਥ ਨਾਲ ਇਨ੍ਹਾਂ ਦਾ ਪੱਗ ਵਟਾਂਦਰਾ ਕਰਵਾ ਦਿੱਤਾ, ਤਾਂ ਜੋ ਅੱਗੇ ਨੂੰ ਇਕ ਦੂਜੇ ਦੇ ਦਿਲ ਵਿੱਚ ਕੋਈ ਤੌਖਲਾ ਬਾਕੀ ਨਾ ਰਹੇ।

ਲਾਰਡ ਮਿੰਟੋ (Lorf Minto) ਨੂੰ ਹਿੰਦ ਦਾ ਗਵਰਨਰ ਜਨਰਲ ਨੀਯਤ ਹੋਇਆ। ਅਜੇ ਵਧੇਰੇ ਸਮਾਂ ਨਹੀਂ ਸੀ ਬੀਤਿਆ ਕਿ ਯੂਰਪ ਤੋਂ ਖਬਰ ਆਈ ਕਿ ਨੈਪੋਲੀਅਨ ਬੋਨਾਪਾਰਟ (Napolean Bonapart) ਯੂਰਪ ਦੇ ਪ੍ਰਸਿੱਧ ਜੇਤੂ ਦੀ ਅੱਖ ਇਸ ਸਮੇਂ ਹਿੰਦੁਸਤਾਨ ਪਰ ਹੈ, ਜਿਸ ਨਾਲ ਲਾਰਡ ਮਿੰਟੋ ਨੂੰ ਲਾਰਡ ਕਾਰਨਿਵਾਲਿਸ (Lorf Cornwallis) ਦੀ ਨੀਤੀ ਸਮੇਂ ਦੀ ਲੋੜ ਅਨੁਸਾਰ ਬਦਲਣੀ ਪਈ। ਇਸ ਸਮੇਂ ਨੈਪੋਲੀਅਨ ਸਹਿਨਸ਼ਾਹ ਫਰਾਂਸ ਦੀ ਸ਼ਕਤੀ ਉਨਤੀ ਦੀ ਚੋਟੀ ਪਰ ਪੁੱਜੀ ਹੋਈ ਸੀ, ਜਿਸ ਨਾਲ ਉਹ ਯੂਰਪ ਦਾ ਬਹੁਤ ਸਾਰਾ ਭਾਗ ਫਤਹਿ ਕਰ ਚੁੱਕਾ ਸੀ। ਦੂਜਾ ਹੁਣ ਉਹ ਰੂਸ ਨਾਲ ਨਵਾਂ ਅਹਿਦਨਾਮਾ ਕਰ ਕੇ ਯੂਰਪ ਦੇ ਯੁੱਧ ਜੰਗਾਂ ਤੋਂ ਸਭ ਤਰ੍ਹਾਂ ਵਿਹਲਾ ਹੋ ਬੈਠਾ ਸੀ। ਹੁਣ ਦਿਨ ਰਾਤ ਇਨ੍ਹਾਂ ਤਿਆਰੀਆਂ ਵਿਚ ਸੀ ਕਿ ਹਿੰਦ ਤੇ ਚੜ੍ਹਾਈ ਕੀਤੀ ਜਾਏ, ਜਿਸ ਸੰਬੰਧੀ ਉਸ ਨੇ ਟਰਕੀ ਅਤੇ ਈਰਾਨ ਨਾਲ ਭੀ ਸਮਝੌਤਾ ਕਰ ਲਿਆ ਸੀ। ਇਸ ਦੀਆਂ ਇਨ੍ਹਾਂ ਚਾਲਾਂ ਨੂੰ ਅਸਫਲ ਕਰਨ ਲਈ ਲਾਰਡ ਮਿੰਟੋ ਨੇ ਨਾ ਕੇਵਲ ਜਮਨਾ ਪਾਰ ਦੇ ਰਈਸਾਂ ਨਾਲ ਮਿਤੱਰਤਾ ਗੰਢਣੀ ਚਾਹੀ, ਸਗੋਂ ਉਸ ਤੋਂ ਅੱਗੇ ਮਹਾਰਾਜਾ ਰਣਜੀਤ ਸਿੰਘ ਵਾਲੀਏ ਪੰਜਾਬ ਤੇ ਸ਼ਾਹ ਸੁਜਾ ਹਾਕਮ ਕਾਬਲ ਅਤੇ ਸ਼ਾਹ ਈਰਾਨ ਨਾਲ ਭੀ ਭਾਈਚਾਰਕ ਸਬੰਧ

ਦੇ ਅਹਿਦਨਾਮੇ ਕਰਨੇ ਜਰੂਰੀ ਸਮਝੇ ਤਾਂ ਜੋ ਯੂਰਪ ਦੀ ਖੋਈ ਹੋਈ ਤਾਕਤ ਏਸ਼ੀਆ ਦੇ ਇਹਨਾਂ ਮੁਲਕਾਂ ਪਰ ਧਾਵਾ ਕਰੇ ਤਾਂ ਉਸ ਦਾ ਟਾਕਰਾ ਸੰਮਿਲਤ ਬਲ ਨਾਲ ਕੀਤਾ ਜਾਏ। ਇਨ੍ਹਾਂ ਗੱਲਾਂ ਦੇ ਫੈਸਲੇ ਲਈ ਮਿਸਟਰ ਸੀ. ਟੀ. ਮਿਟਕਾਫ (Mr. C.T. Metcalfe ਜੋ ਅੱਗੇ ਜਾ ਕੇ ਲਾਰਡ ਮਿਟਕਾਫ ਦੇ ਨਾਂ ਨਾਲ ਪ੍ਰਸਿੱਧ ਹੋਇਆ) ਲਾਹੌਰ ਦਰਬਾਰ ਵੱਲ ਤੇ ਸਰ ਜਾਨ ਮੈਲਕਮ (Sir John Melcolm) ਤੈਹਰਾਨ (ਈਰਾਨ) ਅਤੇ ਮਿਸਟਰ ਐਲਫਿਨਸਟਨ (Mr. Elphinstone) ਦਰਬਾਰ ਕਾਬਲ ਅੰਗਰੇਜ਼ੀ ਸਫੀਰ ਨੀਯਤ ਹੋਏ ਜੋ ਭਾਦਰੋਂ ਸੰਮਤ 1865 ਮੁਤਾਬਿਕ ਅਗਸਤ ਸੰਨ 1808 ਈ: ਨੂੰ ਉਪਰ ਦੱਸੇ ਦੇਸ਼ਾਂ ਵੱਲ ਭੇਜੇ ਗਏ।

ਇਹਨੀਂ ਦਿਨੀਂ ਸ਼ੇਰਿ ਪੰਜਾਬ ਸਤਲੁਜ ਪਾਰ ਦੇ ਉਸ ਇਲਾਕੇ ਦੇ ਦੌਰੇ ਪਰ ਨਿਕਲਿਆ ਹੋਇਆ ਸੀ, ਜਿਹੜਾ ਉਸਨੇ ਸੰਨ 1806-1807 ਤੋਂ 1808 ਵਿਚ ਫਤਹਿ ਕੀਤਾ ਸੀ। ਮਿਸਟਰ ਮਿਟਕਾਫ 11 ਸਤੰਬਰ ਨੂੰ ਕਸੂਰ ਦੇ ਮੁਕਾਮ ਪਰ ਸ਼ੇਰਿ ਪੰਜਾਬ ਨੂੰ ਸਣੇ ਉਨ੍ਹਾਂ ਬਹੁਮੁੱਲੀਆਂ ਸੁਗਾਤਾਂ ਦੇ ਜਿਹੜੀਆਂ ਉਹ ਗਵਰਨਰ ਜਰਨਲ ਵਲੋਂ ਮਹਾਰਾਜਾ ਲਈ ਲਿਆਇਆ ਸੀ, ਆ ਮਿਲਿਆ। ਅੱਗੋਂ ਸ਼ਾਹੀ ਨਿਯਮਾਂ ਅਨੁਸਾਰ ਮਹਾਰਾਜਾ ਵਲੋਂ ਵੀ ਉਸ ਦੀ ਯੋਗ ਆਓ-ਭਗਤ ਕੀਤੀ ਗਈ। ਫਕੀਰ ਅਜ਼ੀਜੁਦੀਨ ਉਸ ਦੀ ਪ੍ਰਾਹੁਣਚਾਰੀ ਲਈ ਨੀਯਤ ਕੀਤਾ ਗਿਆ। ਅਗਲੇ ਦਿਨ ਜਦ ਮਹਾਰਾਜਾ ਤੇ ਅੰਗਰੇਜ਼ੀ ਸਫੀਰ ਦਾ ਮੇਲ ਹੋਇਆ ਤਾਂ ਉਸ ਨੇ ਗਵਰਨਰ ਜਨਰਲ ਦੀ ਵਿਉਂਤ ਮਹਾਰਾਜੇ ਮੂਹਰੇ ਪ੍ਰਗਟ ਕੀਤੀ ਅਤੇ ਇਕ ਅਹਿਦਨਾਮੇ ਦਾ ਖਰੜਾ ਸ਼ੇਰਿ ਪੰਜਾਬ ਦੀ ਸੇਵਾ ਵਿਚ ਰੱਖਿਆ, ਜਿਸ ਵਿਚ ਇਹ ਤਿੰਨ ਸ਼ਰਤਾਂ ਲਿਖੀਆਂ ਸਨ :-

1. ਸ਼ਾਹ ਫਰਾਂਸ ਕਦੀ ਕਿਸੇ ਸਮੇਂ ਇਸ ਦੇਸ਼ ਪਰ ਚੜ੍ਹਾਈ ਕਰੇ ਤਾਂ ਅਸੀਂ ਦੋਵੇਂ ਧਿਰਾਂ (ਅੰਗਰੇਜ਼ ਅਤੇ ਮਹਾਰਾਜ ਰਣਜੀਤ ਸਿੰਘ) ਆਪਣੇ ਸੰਮਲਿਤ ਬਲ ਨਾਲ ਉਸ ਦਾ ਟਾਕਰਾ ਕਰਾਂਗੇ।

2. ਜੇ ਕਦੀ ਵੈਰੀ ਦੇ ਟਾਕਰੇ ਲਈ ਅੰਗਰੇਜ਼ੀ ਫੌਜਾਂ ਅਟਕ ਤੋਂ ਪਾਰ ਜਾਂ ਅਫਗਾਨਿਸਤਾਨ ਦੇ ਇਲਾਕੇ ਵਿਚ ਲੈ ਜਾਣੀਆਂ ਪੈਣ ਤਾਂ ਉਨ੍ਹਾਂ ਨੂੰ ਆਪ ਪੰਜਾਬ ਵਿਚੋਂ ਰਾਹ ਦੇਵੋਗੇ ਤੇ ਉਨ੍ਹਾਂ ਦੀ ਯੋਗ ਸਹਾਇਤਾ ਕਰੋਗੇ।

3. ਜੇ ਕਦੀ ਕਾਬਲ ਨਾਲ ਸਰਕਾਰ ਅੰਗਰੇਜ਼ੀ ਨੂੰ ਖਤ-ਪੱਤਰ ਕਰਨ ਦੀ ਲੋੜ ਪਏ ਤਾਂ ਉਨ੍ਹਾਂ ਹਲਕਾਰਿਆਂ ਦੀ ਰਾਖੀ ਆਪ ਕਰੋਗੇ।

ਇਨ੍ਹਾਂ ਸ਼ਰਤਾਂ ਨੂੰ ਮਹਾਰਾਜਾ ਸਾਹਿਬ ਨੇ ਠੀਕ ਨਾ ਸਮਝਿਆ ਤੇ ਇਨ੍ਹਾਂ ਦੇ ਟਾਕਰੇ ਪਰ ਹੇਠ ਲਿਖੀਆਂ ਤਿੰਨ ਸ਼ਰਤਾਂ ਆਪਣੇ ਸਫੀਰ ਨੂੰ ਦਿੱਤੀਆਂ-

1. ਜੇ ਕਦੇ ਲਾਹੌਰ ਦਰਬਾਰ ਦੇ ਹੁਕਮਰਾਨ ਕਾਬਲ ਵਿੱਚ ਕੋਈ ਲੜਾਈ ਛਿੜ ਜਾਵੇ ਤਾਂ ਉਸ ਵਿੱਚ ਅੰਗਰੇਜੀ ਗਵਰਨਮੈਂਟ ਕੋਈ ਦਖਲ ਨਾ ਦੇਵੇਗੀ।

2. ਸਰਕਾਰ ਅੰਗਰੇਜੀ ਅਤੇ ਲਾਹੌਰ ਦਰਬਾਰ ਵਿੱਚ ਸਦਾ ਮਿੱਤਰਤਾ ਰਹੇਗੀ।

3. ਉਸ ਦੀ (ਮਹਾਰਾਜਾ ਰਣਜੀਤ ਸਿੰਘ) ਰਾਜਸੀ ਉਚਤਾ ਸਾਰੀਆਂ ਸਿੱਖ ਰਿਆਸਤਾਂ ਤੋਂ ਉਚੀ ਮੰਨੀ ਜਾਏਗੀ।

ਇਸ ਪਰ ਅੰਗਰੇਜ਼ੀ ਸਫੀਰ ਨੇ ਆਖਿਆ ਕਿ ਮੈਨੂੰ ਸ਼ਰਤਾਂ ਦੇ ਬਦਲਣ ਦਾ ਅਧਿਕਾਰ ਨਹੀਂ, ਹਾਂ ਮੈਂ ਦੋਵੇਂ ਖਰੜੇ ਗਵਰਨਰ ਜਨਰਲ ਪਾਸ ਭੇਜ ਦਿੰਦਾ ਹਾਂ, ਜੋ ਕੁਝ ਉਹ ਮਨਜੂਰ ਕਰਨਗੇ, ਤਿਵੇਂ ਹੀ ਕੀਤਾ ਜਾਵੇਗਾ।

ਇਸ ਦੇ ਉਪਰੰਤ ਮਹਾਰਾਜਾ ਸਤਲੁਜ ਵੱਲ ਅੱਗੇ ਵਧਿਆ ਅਤੇ ਫਰੀਦਕੋਟ ਦੇ ਨਵਾਬ ਅਤਾਉਲਾ ਖਾਨ ਮਲੇਰਕੋਟਲੇ ਵਾਲੇ ਤੋਂ ਰਾਜਸੀ ਕਰ ਲੈਂਦਾ ਹੋਇਆ ਅੰਬਾਲੇ ਹੁੰਦਾ ਹੋਇਆ ਸ਼ਾਹ ਅਬਾਦ ਆ ਡੇਰੇ ਲਾਏ। ਛੇਕੜ 4 ਦਸੰਬਰ 1808 ਈ: ਨੂੰ ਅੰਮ੍ਰਿਤਸਰ ਆ ਗਿਆ।

ਇਥੇ ਗਵਰਨਰ ਜਨਰਲ ਵਲੋਂ ਮਹਾਰਾਜਾ ਸਾਹਿਬ ਦੇ ਨਾਂ ਇਕ ਸੂਚਨਾ-ਪੱਤਰ ਪੁੱਜਾ, ਜਿਸ ਵਿਚ ਲਿਖਿਆ ਸੀ ਕਿ ਸਤਲੁਜ ਪਾਰ ਦੇ ਰਈਸਾਂ ਦੀ ਜੋ ਦਰਖਾਸਤ ਕੁਝ ਸਮੇਂ ਤੋਂ ਗਵਰਨਰ ਜਨਰਲ ਦੀ ਵਿਚਾਰ ਗੋਚਰੀ ਸੀ, ਉਸ ਦਾ ਫੈਸਲਾ ਇਹ ਹੋਇਆ ਹੈ ਕਿ ਉਹਨਾਂ ਸਾਰਿਆਂ ਨੂੰ ਸਰਕਾਰ ਅੰਗਰੇਜ਼ੀ ਨੇ ਆਪਣੀ ਰੱਖਿਆ ਵਿਚ ਲੈ ਲਿਆ ਹੈ। ਇਸ ਦੇ ਸੁਣਨ ਨਾਲ ਮਹਾਰਾਜਾ ਬੜੇ ਜੋਸ਼ ਵਿਚ ਆਇਆ ਤੇ ਇਸ ਦੀ ਪ੍ਰਵਾਨਗੀ ਤੋਂ ਨਾਂਹ ਕਰ ਦਿੱਤੀ। ਹੁਣ ਇਸ ਦੇ ਸਾਹਮਣੇ ਦੋ ਰਾਹ ਸਨ, ਇਕ ਤਾਂ ਇਹ ਕਿ ਉਹ ਅੰਗਰੇਜ਼ਾਂ ਨਾਲ ਲੜਾਈ ਦੇ ਬਲ ਨਾਲ ਪਾਰ ਦੇ ਰਈਸਾਂ ਦਾ ਸਬੰਧ ਆਪਣੇ ਨਾਲ ਜੋੜੀ ਰੱਖੇ ਤੇ ਸਦਾ ਲਈ ਅੰਗਰੇਜ਼ੀ ਸਰਕਾਰ ਨਾਲ ਸਬੰਧ ਤੋੜ ਲਏ, ਦੂਜਾ ਇਹ ਕਿ ਅੰਗਰੇਜ਼ੀ ਸਰਕਾਰ ਨਾਲ ਅਹਿਦਨਾਮਾ ਕਰਕੇ ਸਤਲੁਜ ਨੂੰ ਆਪਣਾ ਹੱਦਬੰਨਾ ਸਥਾਪਤ ਕਰੇ ਅਤੇ ਆਪਣੀ ਸਲਤਨਤ ਨੂੰ ਕਸ਼ਮੀਰ, ਪਿਸ਼ਾਵਰ, ਅਫਗਾਨਿਸਤਾਨ ਤੇ ਮੁਲਤਾਨ ਆਦਿਕ ਇਲਾਕਿਆਂ ਵੱਲ ਵਧਾਏ। ਪਹਿਲੋਂ ਉਸ ਨੇ ਪਹਿਲਾਂ ਮਾਰਗ ਚੁਣਿਆ, ਅਰਥਾਤ ਉਸ ਨੇ ਤੁਰੰਤ ਆਪਣੇ ਸਰਦਾਰਾਂ ਦੇ ਨਾਂ ਪਰ ਹੁਕਮ ਭੇਜ ਦਿੱਤੇ ਕਿ ਛੇਤੀ ਖਾਲਸਾ ਫੌਜ ਲਾਹੌਰ ਵਿਚ ਇਕੱਤਰ ਹੋ ਜਾਏ ਤੇ ਬੜੇ ਬੜੇ ਜ਼ਖੀਰੇ ਅਨਾਜ ਦੇ ਤੇ ਬਾਰੂਦ ਆਦਿ ਜੰਗੀ ਸਾਮਾਨ ਅੰਮ੍ਰਿਤਸਰ ਵਿਚ ਗੋਬਿੰਦਗੜ੍ਹ ਦੇ ਲਾਗੇ ਇਕੱਠੇ ਕੀਤੇ ਜਾਣ। ਸਭ ਕਿਲ੍ਹਿਆਂ ਤੇ ਤੋਪਾਂ ਬਿੜਵਾ ਦਿੱਤੀਆਂ। ਜਰਨੈਲ ਮੋਹਕਮ ਚੰਦ ਨੂੰ ਜਰੂਰੀ ਹੁਕਮ ਕਾਂਗੜੇ ਪਹੁੰਚਿਆ ਤੇ ਤੁਰੰਤ ਸਣੇ ਲਸ਼ਕਰ ਤੇ ਤੋਪਖਾਨਿਆਂ ਦੇ ਫਿਲੌਰ ਪਹੁੰਚ ਜਾਓ ਅਤੇ ਦੂਜੇ ਹੁਕਮ ਦੇ ਪਹੁੰਚਦੇ ਹੀ ਅੰਗਰੇਜ਼ਾਂ ਨਾਲ ਲੜਾਈ ਆਰੰਭ ਕਰ ਦੇਵੋ। ਇਸੇ ਤਰ੍ਹਾਂ ਕੁਝ ਜਾਗੀਰਦਾਰਾਂ ਤੇ ਬਜ਼ੁਰਗਾਂ ਵਲੋਂ ਵੀ ਹੁਕਮਨਾਮੇ ਘੱਲੇ ਗਏ ਕਿ ਉਹ ਝਟ-ਪਟ ਆਪੋ ਆਪਣੀਆਂ ਫੌਜਾਂ ਤੇ ਤੋਪਾਂ ਆਦਿ ਲੈ ਕੇ ਲਾਹੌਰ ਪਹੁੰਚ ਪੈਣ!

ਓਧਰ ਅੰਗੇਜ਼ੀ ਕਰਮਚਾਰੀਆਂ ਨੂੰ ਜਦ ਇਨ੍ਹਾਂ ਤਿਆਰੀਆਂ ਦਾ ਪਤਾ ਲੱਗਾ ਤਾਂ ਉਹਨਾਂ ਵੀ ਕੁਝ ਫੌਜ ਕਰਨਲ ਸਰ ਡੇਵਡ ਅਕਟਰਲੋਨੀ (Sir David Ochterlony) ਦੀ ਤਹਿਤ ਵਿਚ ਸਤਲੁਜ ਵੱਲ ਭੇਜੀ। ਇਹ ਫੌਜ 16 ਜਨਵਰੀ ਸੰਨ 1809 ਨੂੰ ਦਰਿਆ ਜਮਨਾ ਤੋਂ ਪਾਰ ਹੋ ਕੇ ਬੂੜੀਆਂ, ਪਟਿਆਲਾ ਤੇ ਨਾਭੇ ਦੇ ਰਸਤੇ ਇਧਰ ਨੂੰ ਕੂਚ ਕਰਦੀ ਹੋਈ 28 ਫਰਵਰੀ ਨੂੰ ਲੁਧਿਆਣੇ ਪਹੁੰਚ ਗਈ।

(...ਚੱਲਦਾ)

ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ : ਅਦਾਰਾ 'ਗੁਰਮਤਿ ਵਿਰਸਾ'



ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ ਪ੍ਰਤੀ ਵਿਚਾਰ ਆਪੋ ਆਪਣੀ

ਹਰਲਾਜ ਸਿੰਘ ਬਹਾਦਰਪੁਰ # 94170-23911

ਜ਼ਰੂਰੀ ਨਹੀਂ ਹੈ ਕਿ ਮੇਰੀਆਂ ਇਹ ਗੱਲਾਂ ਹਰ ਕਿਸੇ ਨੂੰ ਪਸੰਦ ਆਉਣ, ਕਿਉਂਕਿ ਹਰ ਇੱਕ ਦੇ ਹਾਲਾਤ, ਸਮਾਂ ਅਤੇ ਸੋਚਣ ਦਾ ਢੰਗ ਵੱਖਰਾ ਵੱਖਰਾ ਹੁੰਦਾ ਹੈ, ਪਰ ਮੈਨੂੰ ਆਪਣੇ ਆਲੇ ਦੁਆਲੇ ਵਾਪਰ ਰਹੇ ਹਾਲਾਤਾਂ ਤੋਂ ਜੋ ਸਿੱਖਿਆ ਮਿਲੀ ਹੈ, ਉਸ ਅਨੁਸਾਰ ਮੈਂ ਇਹ ਲਿਖ ਰਿਹਾ ਹਾਂ ਕਿ ਬੰਦੇ ਦੀ ਨਰਮਾਈ, ਬੱਚਿਆਂ ਨੂੰ ਆਜ਼ਾਦੀ, ਬਰਾਬਰਤਾ ਅਤੇ ਹੱਦੋਂ ਵੱਧ ਸਤਿਕਾਰ ਦੇਣ ਕਾਰਨ ਬੰਦੇ ਦਾ ਇਹ ਹਾਲ ਹੋ ਜਾਂਦਾ ਹੈ ਕਿ ਕੋਈ ਵੀ ਉਸ ਦੀ ਕਦਰ ਨਹੀਂ ਕਰਦਾ, ਇਸ ਲਈ ਕਦੇ ਵੀ ਆਪਣੇ ਵੱਡੇ (ਪਿਉ) ਹੋਣ ਦੀ ਜੁਰਅੱਤ ਨੂੰ ਖਤਮ ਨਾ ਕਰੋ, ਬੇਸਮਝ ਨੂੰਹਾਂ, ਪੁੱਤਾਂ ਨੂੰ ਬਰਾਬਰਤਾ ਅਤੇ ਲੋੜੋਂ ਵੱਧ ਆਜ਼ਾਦੀ ਦੇਣੀ, ਆਪਣੀ ਗੁਲਾਮੀ ਆਪ ਸਹੇੜਨੀ ਹੁੰਦੀ ਹੈ, ਤੁਹਾਡੀ ਨਰਮਾਈ ਦੀ ਕੋਈ ਵੀ ਕਦਰ ਨਹੀਂ ਕਰੇਗਾ, ਜਿੰਨੀ ਤੁਸੀਂ ਕਿਸੇ ਨੂੰ ਵੱਧ ਅਹਿਮੀਅਤ ਦਿਉਗੇ, ਉਨ੍ਹੀ ਹੀ ਤੁਹਾਡੀ ਅਹਿਮੀਅਤ ਘੱਟਦੀ ਜਾਵੇਗੀ। ਮਾਂ ਪਿਉ ਦੇ ਸਤਿਕਾਰ ਨੂੰ ਨਾ ਸਮਝਣ ਵਾਲੇ ਨੂੰਹਾਂ ਅਤੇ ਪੁੱਤਾਂ ਨੂੰ ਜ਼ਿਆਦਾ ਪੁੱਤ ਪੁੱਤ ਕਰੀਂ ਜਾਣਾ ਵੀ ਠੀਕ ਨਹੀਂ ਹੁੰਦਾ, ਜੇ ਜ਼ਿਆਦਾ ਪੁੱਤ ਪੁੱਤ ਕਰੋਗੇ ਤਾਂ ਉਹ ਤੁਹਾਨੂੰ ਪਿਉ ਹੀ ਨਹੀਂ ਸਮਝਣਗੇ, ਜਦੋਂ ਕੋਈ ਪੁੱਤ ਜਾਂ ਨੂੰਹ ਪਹਿਲੀ ਵਾਰ ਛੋਟੀ ਜਿਹੀ ਹੀ ਵਧੀਕੀ ਕਰੇ ਤਾਂ ਉਸੇ ਸਮੇਂ ਚੌਕਸ ਹੋ ਜਾਓ, ਉਹਨਾਂ ਦੇ ਹੱਕ ਉਹਨਾਂ ਨੂੰ ਦੇ ਕੇ ਅਤੇ ਆਪਣੇ ਹੱਕਾਂ ਨੂੰ ਕਾਇਮ ਰੱਖਦਿਆਂ ਲੋੜ ਅਨੁਸਾਰ ਦੂਰੀ ਬਣਾ ਲਓ। ਤੁਹਾਡੇ ਡਰ ਅਤੇ ਤੁਹਾਡੀ ਲੋੜ ਤੋਂ ਬਗੈਰ ਕੋਈ ਵੀ ਤੁਹਾਡੀ ਇੱਜ਼ਤ ਨਹੀਂ ਕਰੇਗਾ, ਸਾਡੇ ਬਹੁਤੇ ਲੋਕਾਂ ਦੀ ਮਾਨਸਿਕਤਾ ਗੁਲਾਮ ਹੁੰਦੀ ਹੈ, ਇਹਨਾਂ ਨੂੰ ਆਜ਼ਾਦੀ ਨਹੀਂ ਮਾਣਨੀ ਆਉਂਦੀ। ਇਹ ਜਾਂ ਤਾਂ ਖੁਦ ਗੁਲਾਮ ਰਹਿਣਗੇ ਜਾਂ ਦੂਜੇ ਨੂੰ (ਤੁਹਾਨੂੰ) ਗੁਲਾਮ ਬਣਾਉਣ ਦੀ ਕੋਸ਼ਿਸ਼ ਕਰਨਗੇ, ਇਸ ਲਈ ਅਜਿਹੇ ਗੁਲਾਮ ਮਾਨਸਿਕਤਾ ਵਾਲੇ ਲੋਕਾਂ ਦਾ ਗੁਲਾਮ ਬਣਨ ਦੀ ਥਾਂ ਉਹਨਾਂ ਨੂੰ ਹੀ ਗੁਲਾਮ ਬਣਾ ਕੇ ਰੱਖੋ ਜਾਂ ਦੂਰੀ ਬਣਾ ਕੇ ਰਹੋ, ਤਾਂ ਕਿ ਇਹ ਤੁਹਾਡੀ ਅਜ਼ਾਦੀ ਨਾ ਖੋਹ ਸਕਣ। ਆਪਣੀ ਇਸਤਰੀ ਨੂੰ, ਆਪਣੇ ਸੁਹਰਿਆਂ ਨੂੰ, ਪੁੱਤਾਂ ਨੂੰ, ਕੁੜਮਾਂ ਨੂੰ, ਨੂੰਹਾਂ ਨੂੰ ਪਿਆਰ ਸਤਿਕਾਰ ਤਾਂ ਦਿਓ, ਪਰ ਕਿਸੇ ਨੂੰ ਵੀ ਆਪਣੇ ਉੱਪਰ ਭਾਰੂ ਨਾ ਹੋਣ ਦਿਓ, ਜੇ ਇਹ ਤੁਹਾਡੇ ਉੱਤੇ ਭਾਰੂ ਹੋ ਗਏ, ਫਿਰ ਤੁਹਾਨੂੰ ਇਹਨਾਂ ਦੇ ਅਧੀਨ ਰਹਿਣਾ ਪਵੇਗਾ, ਇਹ ਤੁਹਾਡੀ ਸੋਚ ਅਤੇ ਯੋਗਤਾ ਹੈ ਕਿ ਤੁਸੀਂ ਕਿਸੇ ਦੇ ਅਧੀਨ ਰਹਿਣਾ ਪਸੰਦ ਕਰੋਗੇ ਜਾਂ ਰੱਖਣਾ, ਪਰ ਬਰਾਬਰ ਕਦੇ ਨਹੀਂ ਰਹਿ ਸਕੋਗੇ, ਜੇ ਇਹਨਾਂ ਵਿੱਚੋਂ ਕੋਈ ਬਰਾਬਰਤਾ ਦੇ ਯੋਗ ਹੋਇਆ ਤਾਂ ਉਹ ਆਪਣੀ ਯੋਗਤਾ ਸਦਕਾ ਆਪਣੀ ਥਾਂ ਲੈ ਲਵੇਗਾ, ਉਸ ਨੂੰ ਆਪਣੇ ਅਧੀਨ ਰੱਖਣ ਦੀ ਵੀ ਲੋੜ ਨਹੀਂ ਹੋਵੇਗੀ ਅਤੇ ਉਹ ਤੁਹਾਨੂੰ ਵੀ ਆਪਣੇ ਅਧੀਨ ਨਹੀਂ ਕਰੇਗਾ। ਜੇ ਤੁਹਾਡੀ ਪਤਨੀ, ਪੁੱਤ ਅਤੇ ਨੂੰਹਾਂ ਚੰਗੇ ਹੋਣਗੇ ਤਾਂ ਉਹ ਤੁਹਾਡੇ ਅਧੀਨ ਵੀ ਸੌਖਿਆਂ ਹੀ ਰਹਿ ਲੈਣਗੇ ਤੇ ਤੁਹਾਡਾ ਵਿਰੋਧ ਵੀ ਨਹੀਂ ਕਰਨਗੇ, ਜੇ ਮਾੜੇ ਹਨ ਤਾਂ ਉਹ ਤੁਹਾਡੀ ਨਰਮਾਈ ਦੀ ਵੀ ਕਦਰ ਨਹੀਂ ਕਰਨਗੇ। ਪੁੱਤਾਂ ਅਤੇ ਨੂੰਹਾਂ ਨੂੰ ਕਦੇ ਵੀ ਪਹਿਲੀ ਵਾਰ ਹੀ ਮੰਗਣ ਤੇ ਅਤੇ ਮੂੰਹ ਮੰਗੇ ਪੈਸੇ ਨਾ ਦਿਓ, ਇੱਕ ਦੋ ਵਾਰ ਮੰਗਣ ਤੇ ਦਿਓ, ਜਿੰਨੇ ਮੰਗਣ ਉਸ ਤੋਂ ਘੱਟ ਦਿਓ, ਉਹਨਾਂ ਨੂੰ ਪੈਸੇ ਦੀ ਅਹਿਮੀਅਤ ਵੀ ਸਮਝਾਓ, ਨੂੰਹਾਂ ਅਤੇ ਪੁੱਤਾਂ ਨੂੰ ਹਰ ਸਮੇਂ ਵੱਧ ਤੋਂ ਵੱਧ ਕੰਮ ਕਰਨ ਲਈ ਟੋਕਦੇ ਰਹੋ, ਕਦੇ ਵੀ ਇਹ ਨਾ ਕਹੋ ਕਿ ਪੁੱਤ ਕੰਮ ਘੱਟ ਕਰ ਲਓ ਜਾਂ ਔਖੇ ਨਾ ਹੋਵੋ, ਵੱਧ ਤੋਂ ਵੱਧ ਕੰਮ ਕਰਨ ਦਿਓ ਅਤੇ ਔਖੇ ਵੀ ਹੋਣ ਦਿਓ। ਆਪਣੇ ਕੰਮ ਵਿੱਚ ਰੁੱਝੇ ਰਹਿਣ ਵਾਲੇ ਬੱਚੇ ਹੀ ਕਾਮਯਾਬ ਹੁੰਦੇ ਹਨ, ਆਪਣੀ ਸਿਹਤ, ਆਪਣੀ ਜਾਇਦਾਦ, ਆਪਣੇ ਪੈਸੇ ਦੀ ਵਰਤੋਂ ਆਪਣੇ ਲਈ ਪਹਿਲ ਦੇ ਅਧਾਰ ਤੇ ਰੱਖੋ, ਬਾਕੀ ਸਭ ਨੂੰ ਦੂਜੇ ਨੰਬਰ ਤੇ ਰੱਖੋ, ਭਾਵ ਕਿ ਕਿਤੇ ਇਹ ਨਾ ਹੋਵੇ ਕਿ ਤੁਸੀਂ ਆਪਣੀ ਜਾਇਦਾਦ ਪਹਿਲਾਂ ਹੀ ਪੁੱਤਾਂ ਨੂੰਹਾਂ ਨੂੰ ਦੇ ਕੇ ਬਾਅਦ ਵਿੱਚ ਆਪ ਆਪਣੀਆਂ ਲੋੜਾਂ ਲਈ ਮੰਗਤੇ ਬਣ ਜਾਵੋਂ। ਬੱਚਿਆਂ ਨੂੰ ਵੀ ਲੋੜ ਅਨੁਸਾਰ ਦਿਓ, ਪਰ ਇਨ੍ਹਾਂ ਨਾ ਦਿਓ ਕਿ ਤੁਸੀਂ ਖੁਦ ਖਾਲੀ ਹੋ ਕੇ ਬੈਠ ਜਾਵੋ, ਜਿਨ੍ਹਾਂ ਚਿਰ ਤੁਸੀਂ ਆਪਣੀ ਜਾਇਦਾਦ ਦੇ ਮਾਲਕ ਰਹੋਗੇ, ਉਨ੍ਹਾਂ ਚਿਰ ਤੁਹਾਡੀ ਇੱਜ਼ਤ ਬਣੀ ਰਹੇਗੀ, ਤੁਹਾਡੇ ਤੋਂ ਮੰਗਣ ਵਾਲੇ ਤੁਹਾਡੀ ਕਦਰ ਕਰਨਗੇ, ਜਦੋਂ ਤੁਹਾਡੇ ਕੋਲ ਤੁਹਾਡੀ ਜਾਇਦਾਦ ਨਾ ਰਹੀ, ਫਿਰ ਤੁਸੀਂ ਮੰਗਤੇ ਬਣ ਕੇ ਬੇਕਦਰੇ ਹੋ ਜਾਓਗੇ, ਇਸ ਲਈ ਜਾਇਦਾਦ ਦੇ ਬਾਅਦ ਵਿੱਚ ਹੋਣ ਵਾਲੇ ਵੰਡ ਵੰਡਾਰੇ ਦੇ ਝੰਜਟਾਂ ਨੂੰ ਖਤਮ ਕਰਨ ਲਈ ਆਪਣੇ ਬੱਚਿਆਂ ਦੇ ਨਾਮ ਵਸੀਅਤ ਤਾਂ ਕਰਵਾ ਦਿਓ, ਪਰ ਆਪਣੇ ਜਿਉਂਦੇ ਜੀਅ ਜਾਇਦਾਦ ਉਹਨਾਂ ਦੇ ਨਾਮ ਕਦੇ ਵੀ ਨਾ ਕਰਵਾਓ, ਜੇ ਬੱਚੇ ਚੰਗੇ ਹਨ ਤਾਂ ਵੀ ਜਾਇਦਾਦ ਉਹਨਾਂ ਦੇ ਨਾਮ ਨਾ ਕਰਵਾਓ, ਕਿਉਂਕਿ ਪਹਿਲਾਂ ਤਾਂ ਚੰਗੇ ਬੱਚਿਆਂ ਨੂੰ ਤੁਹਾਡੀ ਜਾਇਦਾਦ ਦੀ ਲੋੜ ਹੀ ਨਹੀਂ ਹੁੰਦੀ, ਉਹ ਖੁਦ ਕਮਾ ਸਕਦੇ ਹੁੰਦੇ ਹਨ, ਦੂਜਾ ਉਹ ਇਸ ਗੱਲ ਤੇ ਇਤਰਾਜ ਵੀ ਨਹੀਂ ਕਰਨਗੇ ਕਿ ਸਾਡੇ ਨਾਮ ਜਾਇਦਾਦ ਕਿਉਂ ਨਹੀਂ ਕਰਵਾਉਂਦੇ, ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਕਿ ਅਪਣੇ ਮਾਂ ਪਿਓ ਦੀ ਜਾਇਦਾਦ ਨੇ ਕਿੱਥੇ ਜਾਣਾ ਹੈ, ਇਹ ਆਪਣੀ ਹੀ ਹੈ, ਜੇ ਬੱਚੇ ਮਾੜੇ ਹਨ ਫਿਰ ਤਾਂ ਭੁੱਲ ਕੇ ਵੀ ਜਾਇਦਾਦ ਉਹਨਾਂ ਦੇ ਨਾਮ ਕਰਵਾਉਣ ਦੀ ਗਲਤੀ ਨਾ ਕਰੋ, ਅਸਲ ਵਿੱਚ ਤਾਂ ਬੱਚਿਆਂ ਨੂੰ ਹੀ ਆਪਣੇ ਮਾਂ ਪਿਓ ਦਾ ਹੌਂਸਲਾ ਬਣਾ ਕੇ ਰੱਖਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ, ਪਰ ਜਦੋਂ ਬੁਢਾਪੇ ਵਿੱਚ ਮਾੜੇ ਬੱਚੇ ਮਾਂ ਬਾਪ ਦੀ ਕਦਰ ਨਾ ਕਰਨ ਤਾਂ ਉਸ ਸਮੇਂ ਤੁਹਾਡੀ ਜਾਇਦਾਦ ਹੀ ਤੁਹਾਡਾ ਹੌਂਸਲਾ ਹੁੰਦੀ ਹੈ। ਵੱਡੀ ਉਮਰ ਦੇ ਬੰਦਿਆਂ ਦੀ ਕੋਈ ਕਦਰ ਨਹੀਂ ਕਰਦਾ, ਨਾ ਹੀ ਉਹਨਾਂ ਦਾ ਕੋਈ ਵੀ ਪੱਖੀ ਹੁੰਦਾ ਹੈ, ਬੱਚਿਆਂ ਦੀ ਤਾਂ ਜਵਾਨ ਉਮਰ ਹੁੰਦੀ ਹੈ, ਉਹ ਤਾਂ ਕਮਾਉਣ ਦੇ ਵੀ ਯੋਗ ਹੁੰਦੇ ਹਨ, ਪਰ ਉਸ ਸਮੇਂ ਮਾਪੇ ਕਮਾਉਣ ਦੇ ਯੋਗ ਨਹੀਂ ਰਹਿੰਦੇ, ਫਿਰ ਉਹਨਾਂ ਨੂੰ ਨਿੱਕੀਆਂ ਨਿੱਕੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਔਖੀਆਂ ਹੋ ਜਾਂਦੀਆਂ ਹਨ, ਬੱਚਿਆਂ ਦੇ ਵਿਆਹ ਤੋਂ ਬਾਅਦ ਮਾਂ ਪਿਉ ਬੇਲੋੜੇ ਹੋ ਜਾਂਦੇ ਹਨ, ਜਿਵੇਂ ਕਿ ਉਹਨਾਂ ਦੀ ਡਿਊਟੀ ਖਤਮ ਹੋ ਚੁੱਕੀ ਹੁੰਦੀ ਹੈ। ਪੁੱਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਵਾਲੀਆਂ ਦੇ ਸਤਿਕਾਰ ਨੂੰ ਕਾਇਮ ਰੱਖਦੇ ਹੋਏ ਅਤੇ ਪਿਆਰ ਕਰਦੇ ਹੋਏ ਉਹਨਾਂ ਨੂੰ ਇੰਨੀ ਕੁ ਗੱਲ ਜ਼ਰੂਰ ਸਮਝਾ ਦੇਣ ਕਿ ਉਹ ਆਪਣੀ ਜਿੰਦਗੀ ਜਿਵੇਂ ਮਰਜੀ ਜਿਉਣ, ਪਰ ਕਿਸੇ ਵੀ ਹਾਲਤ ਵਿੱਚ ਤੁਹਾਡੇ ਮਾਂ ਪਿਉ ਨੂੰ ਬੇਇੱਜ਼ਤ ਜਾਂ ਉਹਨਾਂ ਦੀ ਬੇਕਦਰੀ ਕਰਨ ਬਾਰੇ ਸੋਚ ਵੀ ਨਾ ਸਕਣ। ਮਾਪਿਆਂ ਵੀ ਨੂੰ ਚਾਹੀਦਾ ਹੈ ਕਿ ਜਦੋਂ ਬੱਚੇ ਬਾਲਗ ਹੋ ਜਾਣ ਤਾਂ ਉਹਨਾਂ ਨੂੰ ਅਜਾਦ ਕਰ ਦੇਣ, ਬੇਟੇ, ਬੇਟੀ ਨੂੰ ਆਪਣੇ ਫੈਸਲੇ ਆਪ ਲੈਣ ਦੀ ਖੁਲ੍ਹ ਦਿਓ, ਉਹਨਾਂ ਨੂੰ ਖਾਣ ਪੀਣ, ਪਹਿਨਣ, ਰਹਿਣ ਸਹਿਣ ਅਤੇ ਜਾਤਾਂ, ਧਰਮਾਂ,

ਪਿੰਡਾਂ, ਸ਼ਹਿਰਾਂ ਤੋਂ ਉਪਰ ਉੱਠ ਕੇ ਆਪਣੀ ਮਰਜ਼ੀ ਦਾ ਜੀਵਨ ਸਾਥੀ ਚੁਣਨ ਦਾ ਅਧਿਕਾਰ ਦਿਓ, ਕਿਉਂਕਿ ਹਰ ਕੋਈ ਆਪਣੀ ਸੋਚ ਅਨੁਸਾਰ ਆਪਣੀ ਜਿੰਦਗੀ ਜਿਊਣਾ ਚਾਹੁੰਦਾ ਹੁੰਦਾ ਹੈ, ਪਰ ਧੀਆਂ ਪੁੱਤਾਂ ਨੂੰ ਆਪਣੇ ਅਨੁਸਾਰ ਚਲਾਉਣ ਦੀ ਸੋਚ ਕਾਰਨ ਅਸੀਂ ਆਪਣੀ ਅਤੇ ਬੱਚਿਆਂ ਦੀ ਜਿੰਦਗੀ ਨੂੰ ਬਰਬਾਦ ਕਰ ਦਿੰਦੇ ਹਾਂ, ਅਜਿਹੀ ਖਿਚੋਤਾਣ ਵਿੱਚ ਨਾਂ ਤਾਂ ਉਹ ਆਪਣੀ ਜਿੰਦਗੀ ਨੂੰ ਆਪਣੇ ਅਨੁਸਾਰ ਜਿਉਂ ਸਕਦੇ ਹਨ ਨਾ ਅਸੀਂ ਆਪਣੀ ਜਿੰਦਗੀ ਨੂੰ ਆਪਣੇ ਅਨੁਸਾਰ ਜਿਉਂ ਸਕਦੇ ਹਾਂ। ਬੱਚਿਆਂ (ਪੁੱਤਾਂ ਨੂੰਹਾਂ) ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਮਾਂ ਪਿਉ ਦੀ ਜਿੰਦਗੀ ਵਿੱਚ ਦਖਲ ਅੰਦਾਜੀ ਕਰਨ ਦੀ ਥਾਂ ਉਹਨਾਂ ਨੂੰ ਆਪਣੇ ਹਿਸਾਬ ਨਾਲ ਖੁਲ੍ਹ ਕੇ ਜਿੰਦਗੀ ਜਿਊਣ ਦਾ ਹੱਕ ਦੇਣ। ਤੁਹਾਡੀ ਨੂੰਹ ਦੇ ਮਾਪੇ ਅਤੇ ਹੋਰ ਸਕੇ ਸਬੰਧੀ ਤੁਹਾਡੇ ਰਿਸ਼ਤੇਦਾਰ ਨਹੀਂ ਹੁੰਦੇ, ਉਹ ਤੁਹਾਡੇ ਨੂੰਹ ਪੁੱਤ ਦੇ ਹੀ ਰਿਸ਼ਤੇਦਾਰ ਹੁੰਦੇ ਹਨ, ਉਹਨਾਂ ਨੂੰ ਆਪਣੇ ਰਿਸ਼ਤੇਦਾਰ ਸਮਝਣ ਦੀ ਗਲਤੀ ਕਦੇ ਨਾ ਕਰੋ, ਇਹਨਾਂ ਤੋਂ ਕਦੇ ਵੀ ਆਪਣੇ ਭਲੇ ਜਾਂ ਚੰਗੇ ਦੀ ਆਸ ਨਾ ਰੱਖੋ। ਤੁਸੀਂ ਆਪਣੇ ਰਿਸ਼ਤੇਦਾਰਾਂ ਨਾਲ ਵਰਤੋ, ਬੱਚਿਆਂ ਨੂੰ ਆਪਣਿਆਂ ਨਾਲ ਵਰਤਣ ਦਿਓ, ਕਿਉਂਕਿ ਤੁਹਾਡਾ ਬੱਚਿਆਂ ਨਾਲੋਂ ਲਗਪਗ ਪੱਚੀ ਸਾਲ ਦਾ ਫਰਕ ਹੁੰਦਾ ਹੈ, ਪੱਚੀ ਸਾਲ ਵਿੱਚ ਕਾਫੀ ਬਦਲਾਅ ਆ ਜਾਂਦਾ ਹੈ, ਇਸ ਲਈ ਮੈਨੂੰ ਤਾਂ ਲੱਗਦਾ ਹੈ ਕਿ ਆਪੋ ਆਪਣੀ ਅਜਾਦ ਜਿੰਦਗੀ ਜਿਊਣ ਲਈ ਆਪਣੇ ਪੁੱਤਰਾਂ ਦੇ ਵਿਆਹ ਤੋਂ ਪਹਿਲਾਂ ਹੀ ਪਿਆਰ ਸਤਿਕਾਰ ਨਾਲ ਅੱਡ ਹੋ ਜਾਣਾ ਚਾਹੀਦਾ ਹੈ, ਰੋਟੀ ਟੁੱਕ, ਘਰ ਜ਼ਮੀਨ ਆਦਿ ਸੱਭ ਕੁੱਝ ਵੰਡ ਲੈਣਾ ਚਾਹੀਦਾ ਹੈ, ਪਰ ਵਿਆਹ ਤੱਕ ਇਕੱਠੇ ਰਹਿਣਾ ਚਾਹੀਦਾ ਹੈ, ਵਿਆਹ ਵਾਲ਼ੇ ਦਿਨ ਆਪਣੇ ਬੱਚਿਆਂ ਦੇ ਵਿਆਹ ਵਿੱਚ ਮਹਿਮਾਨ ਬਣ ਕੇ ਸ਼ਾਮਲ ਹੋਣਾ ਚਾਹੀਦਾ ਹੈ, ਵਿਆਹ ਤੋਂ ਬਾਅਦ ਰਿਸ਼ਤੇਦਾਰਾਂ ਵਾਂਗ ਹੀ ਆਪਣੇ ਘਰ ਚਲੇ ਜਾਣਾ ਚਾਹੀਦਾ ਹੈ, ਬਾਅਦ ਵਿੱਚ ਜੇ ਦੇ ਸਕੋਂ ਤਾਂ ਇੱਕ ਦੂਜੇ ਦੀ ਸੋਚ ਅਨੁਸਾਰ ਹੀ ਉਸ ਦਾ ਸਾਥ ਦਿਓ, ਪਰ ਕਦੇ ਵੀ ਉਹਨਾਂ ਦੇ ਕੰਮ ਵਿੱਚ ਦਖਲ ਅੰਦਾਜ਼ੀ ਨਾ ਕਰੋ ਅਤੇ ਨਾ ਹੀ ਉਹਨਾਂ ਨੂੰ ਆਪਣੇ ਕੰਮ ਵਿੱਚ ਦਖਲ ਅੰਦਾਜੀ ਕਰਨ ਦਿਓ। ਹਾਂ ਜੇ ਉਹ ਤੁਹਾਡੇ ਤੋਂ ਕੋਈ ਸਲਾਹ ਮੰਗਣ ਤਾਂ ਜ਼ਰੂਰ ਦਿਓ, ਪਰ ਬਿਨਾਂ ਮੰਗੀ ਸਲਾਹ ਵੀ ਨਾ ਦਿਓ ਤਾਂ ਕਿ ਤੁਹਾਡਾ ਨੂੰਹ-ਪੁੱਤ ਅਤੇ ਮਾਂ-ਪਿਉ ਵਾਲ਼ਾ ਪਿਆਰ ਸਤਿਕਾਰ ਕਾਇਮ ਰਹਿ ਸਕੇ, ਤੁਸੀਂ ਸਾਰੀ ਉਮਰ ਸਤਿਕਾਰ ਯੋਗ ਬਣੇ ਰਹੋ ਅਤੇ ਪਿਆਰ ਨਾਲ ਮਿਲਦੇ ਰਹਿ ਸਕੋ। ਜੇ ਲੜ ਝਗੜ ਕੇ ਬਾਅਦ ਵਿੱਚ ਅੱਡ ਹੋਏ ਤਾਂ ਕੀ ਹੋਏ, ਮੈਂ ਇਹ ਵੀ ਨਹੀਂ ਕਹਿ ਰਿਹਾ ਕਿ ਹਰ ਹਾਲਤ ਵਿੱਚ ਅੱਡ ਹੋਣਾ ਚਾਹੀਦਾ ਹੈ, ਜੇ ਆਪਸ ਵਿੱਚ ਪਿਆਰ ਹੈ ਤਾਂ ਇਕੱਠੇ ਰਹਿਣ ਵਰਗਾ ਆਨੰਦ ਵੀ ਕਿਤੇ ਨਹੀਂ ਹੁੰਦਾ, ਮੇਰਾ ਮਤਲਬ ਤਾਂ ਇਹ ਹੈ ਕਿ ਆਉਣ ਵਾਲੇ ਸਮੇਂ ਲਈ ਆਰਥਿਕ ਅਤੇ ਮਾਨਸਿਕ ਤੌਰ ਪਹਿਲਾਂ ਹੀ ਤਿਆਰੀ ਰਖੋ, ਜੇ ਪਿਆਰ ਹੈ ਤਾਂ ਇਕੱਠੇ ਮਿਲ ਕੇ ਰਹੋ, ਪਰ ਜੇ ਕੁੱਝ ਫਰਕ ਵਿਖਾਈ ਦੇਵੇ ਤਾਂ ਉਸ ਫਰਕ ਨੂੰ ਹੋਰ ਵੱਧਣ ਤੋਂ ਪਹਿਲਾਂ ਹੀ ਪਿਆਰ ਰਹਿੰਦੇ ਖੁਸ਼ੀ ਖੁਸ਼ੀ ਵੱਖ ਹੋ ਜਾਓ। ਕਹੇ ਜਾਂਦੇ ਖੂਨ ਜਾਂ ਨੇੜੇ ਦੇ ਰਿਸ਼ਤੇ ਕੁੱਝ ਵੀ ਨਹੀਂ ਹੁੰਦੇ, ਇਥੇ ਸਭ ਦੀਆਂ ਆਪੋ-ਆਪਣੀਆਂ ਸੋਚਾਂ, ਮੱਤਾਂ ਅਤੇ ਲੋੜਾਂ ਹੁੰਦੀਆਂ ਹਨ, ਕੋਈ ਤਾਂ ਬੇਗਾਨਿਆਂ ਨੂੰ ਵੀ ਆਪਣਾ ਬਣਾ ਲੈਂਦਾ ਹੈ ਅਤੇ ਕੋਈ ਆਪਣਿਆਂ ਨੂੰ ਵੀ ਬੇਗਾਨਿਆਂ ਤੋਂ ਮਾੜਾ ਬਣਾ ਦਿੰਦਾ ਹੈ, ਅਸਲ ਵਿੱਚ ਗੱਲ ਪਿਆਰ ਅਤੇ ਲੋੜ ਦੀ ਹੁੰਦੀ ਹੈ, ਜਿੱਥੇ ਤਾਂ ਪਿਆਰ ਹੀ ਲੋੜ ਹੈ, ਉੱਥੇ ਤਾਂ ਕੋਈ ਵੀ ਕਦੇ ਬੇਲੋੜਾ ਨਹੀਂ ਹੁੰਦਾ, ਜਿੱਥੇ ਲੋੜ ਲਈ ਪਿਆਰ ਹੈ ਉੱਥੇ ਲੋੜ ਪੂਰੀ ਹੋਣ ਤੱਕ ਹੀ ਪਿਆਰ ਰਹਿੰਦਾ ਹੈ, ਅਸੀਂ ਆਪਣੀ ਜਿੰਦਗੀ ਵਿੱਚ ਆਮ ਹੀ ਵੇਖਦੇ ਹਾਂ ਕਿ ਕਿਵੇਂ ਅਣਜਾਣ ਲੋਕ ਸਾਡੇ ਨੇੜੇ ਹੋ ਜਾਂਦੇ ਹਨ ਅਤੇ ਕਿਵੇਂ ਸਾਡੇ ਖੂਨ ਦੇ ਰਿਸ਼ਤੇ ਖੂਨੀ ਬਣ ਜਾਂਦੇ ਹਨ। ਬੱਚਿਆਂ ਦੇ ਵਿਆਹ ਤੋਂ ਚਾਹੇ ਸਾਲ ਬਾਅਦ ਹੀ ਤੁਸੀਂ ਛੋਟੀ ਉਮਰ ਵਿੱਚ ਵੀ ਕਿਉਂ ਨਾ ਮਰ ਜਾਓ ਤਾਂ ਕਿਸੇ ਦੇ ਵੀ ਰੋਣ ਵਿੱਚ ਤੁਹਾਡੇ ਲਈ ਦਰਦ ਨਹੀਂ ਹੋਵੇਗਾ, ਸਿਵਾਏ ਤੁਹਾਡੇ ਪਤੀ ਪਤਨੀ ਦੇ। ਚੰਗਾ ਹੋਵੇ ਜਾਂ ਮਾੜਾ ਤੁਹਾਡੇ ਲਈ ਤੁਹਾਡਾ ਪਤੀ ਪਤਨੀ ਹੀ ਸੱਚਾ ਹਮਦਰਦ ਹੁੰਦਾ ਹੈ, ਇਸ ਰਿਸ਼ਤੇ ਨੂੰ ਸੱਭ ਤੋਂ ਵੱਧ ਮਹੱਤਵ ਦਿਓ, ਪਤੀ ਪਤਨੀ ਨੂੰ ਇੱਕ ਦੂਜੇ ਦੇ ਸਤਿਕਾਰ ਲਈ ਝੁਕਣਾ ਵੀ ਚਾਹੀਦਾ ਹੈ, ਪਰ ਜੇ ਕਿਤੇ ਜ਼ਿਆਦਾ ਹੀ ਗਲਤ ਰਿਸ਼ਤਾ ਜੁੜ ਜਾਵੇ, ਜਿੱਥੇ ਸੁਧਾਰ ਦੀ ਕੋਈ ਆਸ ਨਾ ਹੋਵੇ ਤਾਂ ਸਮਾਂ ਬਰਬਾਦ ਕਰਨ ਦੀ ਥਾਂ ਤਲਾਕ ਦੇ ਕੇ ਵੱਖ ਹੋ ਜਾਓ, ਫਿਰ ਤੋਂ ਹੋਰ ਕਿਸੇ ਨਾਲ ਨਵਾਂ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰੋ। ਸਾਡੇ ਬਹੁਤ ਲੋਕ ਹਾਲੇ ਇੰਨੇ ਅਜ਼ਾਦ ਨਹੀਂ ਹੋਏ ਕਿ ਉਹ ਆਪਣੀ ਜਿੰਦਗੀ ਦਾ ਫ਼ੈਸਲਾ ਆਪ ਕਰ ਸਕਣ, ਉਹ ਦੂਜੇ ਲੋਕਾਂ ਵੱਲ ਹੀ ਵੇਖਦੇ ਰਹਿੰਦੇ ਹਨ ਕਿ ਜੇ ਮੈਂ ਤਲਾਕ ਕਰਵਾ ਕੇ ਦੂਜਾ ਵਿਆਹ ਕਰਵਾਇਆ ਤਾਂ ਲੋਕ ਕੀ ਕਹਿਣਗੇ, ਇਸੇ ਕਾਰਨ ਬਹੁਤੇ ਪਤੀ ਪਤਨੀ ਸਾਰੀ ਉਮਰ ਨਰਕ ਭਰੀ ਜਿੰਦਗੀ ਜੀਅ ਜਾਂਦੇ ਹਨ, ਮਾੜਾ ਰਿਸ਼ਤਾ ਜੁੜਨਾ ਇੱਕ ਘਟਨਾ ਹੁੰਦੀ ਹੈ, ਇਸ ਨੂੰ ਇੱਕ ਦੁਰਘਟਨਾ ਤੋਂ ਵੱਧ ਕੁੱਝ ਵੀ ਨਾ ਸਮਝੋ, ਜਿਵੇਂ ਕਿ ਜੇ ਕਿਤੇ ਕਿਸੇ ਯਾਤਰਾ ਸਮੇਂ ਤੁਹਾਡੇ ਸਾਧਨ (ਵਹੀਕਲ) ਦਾ ਐਕਸੀਡੈਂਟ ਹੋ ਜਾਵੇ ਜਾਂ ਤੁਹਾਨੂੰ ਮਾੜਾ ਸਾਧਨ ਮਿਲ ਜਾਵੇ, ਫਿਰ ਕੀ ਤੁਸੀਂ ਅੱਗੇ ਤੋਂ ਕਿਤੇ ਜਾਣਾ ਆਉਣਾ ਬੰਦ ਕਰ ਦਿਉਂਗੇ? ਨਹੀਂ, ਹਾਂ ਇਸ ਤੋਂ ਸਬਕ ਸਿੱਖਦੇ ਹੋਏ ਅਗਲੀ ਵਾਰ ਧਿਆਨ ਰੱਖ ਕੇ ਸਫਲ ਯਾਤਰਾ ਦੀ ਕੋਸ਼ਿਸ਼ ਕਰੋਗੇ। ਇਸੇ ਤਰਾਂ ਇਹ ਸਾਡੀ ਜੀਵਨ ਯਾਤਰਾ ਹੈ ਜੇ ਇਸ ਵਿੱਚ ਸਹੀ ਤਾਲਮੇਲ ਨਾ ਬੈਠੇ ਤਾਂ ਇਸ ਤੋਂ ਸਬਕ ਸਿੱਖਦੇ ਹੋਏ ਦੁਬਾਰਾ ਚੰਗਾ ਕਰਨ ਦੀ ਕੋਸ਼ਿਸ਼ ਕਰੋ, ਰਹਿੰਦੇ ਜੀਵਨ ਤੱਕ ਅਜਿਹੀ ਕੋਸ਼ਿਸ਼ ਕਰਦੇ ਰਹੋ। ਤਲਾਕ ਹੋਣ ਜਾਂ ਰਿਸ਼ਤਾ ਟੁੱਟਣ ਤੇ ਇੱਕ ਦੂਜੇ ਦੇ ਦੁਸ਼ਮਣ ਨਾ ਬਣੋ, ਇੱਕ ਦੂਜੇ ਨਾਲ ਨਫਰਤ ਨਾ ਕਰੋ, ਕਿਉਂਕਿ ਜੇ ਤੁਹਾਡਾ ਰਿਸ਼ਤਾ ਟੁੱਟਿਆ ਤਾਂ ਤੁਹਾਡੇ ਸਾਥੀ ਦਾ ਵੀ ਟੁੱਟਿਆ ਹੈ, ਜੇ ਤੁਹਾਨੂੰ ਲੱਗਦਾ ਹੈ ਕਿ ਉਹ ਮਾੜਾ ਸੀ ਤਾਂ ਤੁਸੀਂ ਵੀ ਉਸ ਲਈ ਮਾੜੇ ਹੀ ਸੀ, ਇਸ ਲਈ ਸਹਿਣਸ਼ੀਲਤਾ ਬਣਾ ਕੇ ਰੱਖਦੇ ਹੋਏ ਇੱਕ ਦੂਜੇ ਤੋਂ ਵੱਖ ਹੋਵੋ, ਜੇ ਅਦਾਲਤ ਵਿੱਚ ਜਾਣਾ ਪਵੇ ਤਾਂ ਵੀ ਇੱਕ ਦੂਜੇ ਦੇ ਸਤਿਕਾਰ ਤੇ ਹੱਕਾਂ ਨੂੰ ਸਮਝਦੇ ਹੋਏ, ਇੱਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਥਾਂ ਬਿਨਾ ਤਕਰਾਰ ਤੋਂ ਇੱਕ ਦੂਜੇ ਦਾ ਸਮਾਂ ਬਰਬਾਦ ਕਰਨ ਤੋਂ ਬਚਾਉਂਦੇ ਹੋਏ ਖੁਸ਼ੀ ਖੁਸ਼ੀ ਤਲਾਕ ਦੇ ਕਾਗਜ਼ਾਂ ਤੇ ਦਸਤਖ਼ਤ ਕਰਕੇ ਮਾਮਲਾ ਖਤਮ ਕਰ ਦਿਓ। ਕਿਸੇ ਵੀ ਉਮਰ ਵਿੱਚ ਪਤੀ ਪਤਨੀ ਦੀ ਮੌਤ ਹੋ ਜਾਵੇ ਤਾਂ ਬਿਨਾਂ ਸਮਾਂ ਬਰਬਾਦ ਕਰੇ ਜਲਦੀ ਆਪਣੇ ਲਈ ਜੀਵਨ ਸਾਥਣ/ਸਾਥੀ ਲੱਭ ਲੈਣਾ ਚਾਹੀਦਾ ਹੈ, ਜੇ ਤੁਹਾਡੇ ਰਿਸ਼ਤੇਦਾਰ ਅਤੇ ਬੱਚੇ ਤੁਹਾਡੇ ਨਾਲ ਸਹਿਮਤ ਹੋਣ ਤਾਂ ਵੀ, ਜੇ ਨਾ ਸਹਿਮਤ ਹੋਣ ਤਾਂ ਵੀ ਤੁਹਾਨੂੰ ਇਹ ਕੰਮ ਜਲਦੀ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਹ ਤੁਹਾਡੀ ਜਿੰਦਗੀ ਦਾ ਫੈਸਲਾ ਹੈ, ਜੀਵਨ ਸਾਥੀ ਦੀ ਲੋੜ ਤੁਹਾਨੂੰ ਹੈ, ਨਾ ਕਿ ਤੁਹਾਡੇ ਰਿਸ਼ਤੇਦਾਰਾਂ ਜਾਂ ਬੱਚਿਆਂ ਨੂੰ, ਕਦੇ ਵੀ ਇਹ ਨਾ ਸੋਚੋ ਕਿ ਲੋਕ ਕੀ ਕਹਿਣਗੇ, ਲੋਕ ਤਾਂ ਹਰ ਸਮੇਂ ਕੁੱਝ ਨਾ ਕੁਝ ਕਹਿੰਦੇ ਹੀ ਰਹਿਣਗੇ, ਤੁਸੀਂ ਕਦੇ ਵੀ ਲੋਕਾਂ ਦੇ ਮੂੰਹ ਬੰਦ ਨਹੀਂ ਕਰਵਾ ਸਕਦੇ, ਨਾ ਹੀ ਤੁਸੀਂ ਲੋਕਾਂ ਦੀਆਂ ਸ਼ਰਤਾਂ ਉੱਤੇ ਪੂਰੇ ਉੱਤਰ ਸਕਦੇ ਹੋਂ, ਤੁਸੀਂ ਆਪਣੇ ਲਈ ਜਿਊਣ ਆਏ ਨਾ ਕਿ ਲੋਕਾਂ ਲਈ, ਜਦੋਂ ਕਿਸੇ ਵੀ ਇਸਤਰੀ ਪੁਰਸ਼ ਦੇ ਜੀਵਨ ਸਾਥੀ ਦੀ ਮੌਤ ਹੋ ਜਾਂਦੀ ਹੈ ਜਾਂ ਤਲਾਕ ਹੋ ਜਾਂਦਾ ਹੈ ਤਾਂ ਉਹਨਾਂ ਦੀ ਜਿੰਦਗੀ ਅਧੂਰੀ ਹੋ ਜਾਂਦੀ ਹੈ, ਉਹ ਇਕੱਲੇ ਰਹਿ ਜਾਂਦੇ ਹਨ, ਜੇ ਧੀਆਂ, ਪੁੱਤ, ਨੂੰਹਾਂ ਚੰਗੇ ਵੀ ਹੋਣ ਫਿਰ ਵੀ ਉਹ ਆਪਣੀ ਥਾਂ ਹੁੰਦੇ ਹਨ, ਪਤੀ ਪਤਨੀ ਵਾਲੀ ਥਾਂ ਕੋਈ ਨਹੀਂ ਲੈ ਸਕਦਾ ਹੁੰਦਾ, ਪਤੀ ਪਤਨੀ ਦੀ ਲੋੜ ਸਿਰਫ ਸਰੀਰਕ ਸਬੰਧਾਂ ਲਈ ਹੀ

ਨਹੀਂ ਹੁੰਦੀ, ਪਤੀ ਪਤਨੀ ਦਾ ਸਾਥ ਜਿੰਦਗੀ ਨੂੰ ਜਿਉਣ ਲਈ ਹਰ ਉਮਰ ਵਿੱਚ ਜ਼ਰੂਰੀ ਹੁੰਦਾ ਹੈ, ਬੇਸ਼ੱਕ 50 ਕੁ ਸਾਲ ਦੀ ਉਮਰ ਤੋਂ ਬਾਅਦ ਸਰੀਰਕ ਸਬੰਧਾਂ ਦੀ ਲੋੜ ਬੇਸ਼ੱਕ ਘੱਟ ਜਾਂਦੀ ਹੈ, ਪਰ ਜੀਵਨ ਸਾਥੀ ਦੀ ਲੋੜ ਸਗੋਂ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਇਸ ਉਮਰ ਵਿੱਚ ਤੁਹਾਡੇ ਬੱਚੇ ਵਿਆਹੇ ਜਾਂਦੇ ਹਨ, ਉਹਨਾਂ ਦੀ ਆਪਣੀ ਨਵੀਂ ਦੁਨੀਆਂ ਬਣ ਜਾਂਦੀ ਹੈ ਜੋ ਬਣਨੀ ਵੀ ਚਾਹੀਦੀ ਹੈ, ਪਰ ਤੁਸੀਂ ਬੇਲੋੜੇ ਹੋ ਜਾਂਦੇ ਹੋ, ਇਸ ਸਮੇਂ ਤੁਹਾਡੀ ਗੱਲ ਦਾ ਹੁੰਗਾਰਾ ਭਰਨ ਵਾਲਾ ਹੋਰ ਕੋਈ ਨਹੀਂ ਹੁੰਦਾ, ਸਿਰਫ ਤੁਹਾਡਾ ਜੀਵਨ ਸਾਥੀ ਹੀ ਹੁੰਦਾ ਹੈ, ਤੁਸੀਂ ਅਤੇ ਤੁਹਾਡੀਆਂ ਗੱਲਾਂ ਕਿਸੇ ਦੇ ਪਸੰਦ ਦੀਆਂ ਨਹੀਂ ਰਹਿੰਦੀਆਂ ਕਿਉਂਕਿ ਉਮਰਾਂ ਦੇ ਫਰਕ, ਪੀੜੀ ਦੇ ਪਾੜੇ ਕਾਰਨ ਤੁਹਾਡੀਆਂ ਵਿਚਾਰਾਂ, ਤੁਹਾਡੀਆਂ ਲੋੜਾਂ ਖਾਸ ਕਰ ਮਾੜੇ ਬੱਚਿਆਂ ਲਈ ਬੇਲੋੜੀਆਂ ਹੋ ਜਾਂਦੀਆਂ ਹਨ, ਪਰ ਪਤੀ ਪਤਨੀ ਲਈ ਤੁਸੀਂ ਜਵਾਨੀ ਦੇ ਸਮੇਂ ਵਾਂਗ ਹੀ ਲੋੜੀਂਦੇ ਹੁੰਦੇ ਹੋ। ਤੁਹਾਡੀ ਬਣੀ ਇੱਜ਼ਤ ਦੀ ਕੀਮਤ ਦਾ ਤੁਹਾਨੂੰ ਹੀ ਪਤਾ ਹੁੰਦਾ ਹੈ, ਇਸ ਦੀ ਸੰਭਾਲ ਵੀ ਤੁਹਾਨੂੰ ਹੀ ਕਰਨੀ ਪਵੇਗੀ, ਤੁਹਾਡੀ ਇੱਜ਼ਤ ਦਾ ਤੁਹਾਡੀਆਂ ਮਾੜੀਆਂ ਨੂੰਹਾਂ ਲਈ ਕੋਈ ਮੁੱਲ ਨਹੀਂ ਹੁੰਦਾ, ਇਹ ਤੁਹਾਡੀ ਇੱਜ਼ਤ ਨੂੰ ਬਰਬਾਦ ਕਰਨ ਲੱਗੀਆਂ ਇੱਕ ਪਲ ਵੀ ਨਹੀਂ ਲਾਉਣਗੀਆਂ। ਤੁਹਾਡੇ ਘਰ ਨੂੰ ਤੁਹਾਡਾ ਕੋਈ ਵੀ ਵਿਰੋਧੀ ਜੋਰ ਲਾ ਕੇ ਵੀ ਖਰਾਬ ਨਹੀਂ ਕਰ ਸਕਦਾ, ਪਰ ਤੁਹਾਡੀਆਂ ਮਾੜੀਆਂ ਨੂੰਹਾਂ ਇਹ ਕੰਮ ਬਹੁਤ ਸੌਖਿਆਂ ਹੀ ਕਰ ਦਿੰਦੀਆਂ ਹਨ, ਤੁਸੀਂ ਹਰ ਕਿਸੇ ਨੂੰ ਟੱਕਰ ਦੇ ਕੇ ਆਪਣੇ ਘਰ ਅਤੇ ਆਪਣੀ ਇੱਜ਼ਤ ਨੂੰ ਬਚਾ ਸਕਦੇ ਹੋਂ, ਪਰ ਮਾੜੀਆਂ ਨੂੰਹਾਂ ਤੋਂ ਨਹੀਂ ਬਚਾ ਸਕਦੇ। ਬੰਦਾ ਆਪਣੇ ਲੱਖਾਂ ਦੁਸ਼ਮਣਾਂ ਨੂੰ ਹਰਾ ਸਕਦਾ ਹੈ, ਪਰ ਮਾੜੀਆਂ ਨੂੰਹਾਂ ਨੂੰ ਨਹੀਂ ਹਰਾ ਸਕਦਾ, ਕਿਉਂਕਿ ਤੁਸੀਂ ਮਾੜੀ ਨੂੰਹ ਦੇ ਵਿਰੁੱਧ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਆਪਣੇ ਪੁੱਤ ਅਤੇ ਪੋਤਿਆਂ ਦੇ ਭਵਿੱਖ ਬਾਰੇ ਵੀ ਜ਼ਰੂਰ ਸੋਚੋਗੇ, ਇਸ ਲਈ ਤੁਸੀਂ ਉਹਨਾਂ ਦਾ ਕਦੇ ਵੀ ਕਿਸੇ ਵੀ ਕਿਸਮ ਦਾ ਨੁਕਸਾਨ ਨਹੀਂ ਕਰ ਸਕੋਗੇ, ਪਰ ਤੁਹਾਡੀਆਂ ਮਾੜੀਆਂ ਨੂੰਹਾਂ ਦੇ ਤੁਸੀਂ ਕੁੱਝ ਨਹੀਂ ਲੱਗਦੇ ਹੁੰਦੇ, ਉਹ ਕੋਈ ਵੀ ਗਲਤ ਫੈਸਲਾ ਲੈ ਕੇ ਤੁਹਾਡਾ ਨੁਕਸਾਨ ਕਰ ਸਕਦੀਆਂ ਹਨ, ਬੇਸ਼ੱਕ ਤੁਸੀਂ ਆਪਣੀ ਨੂੰਹ ਦੇ ਵਿਰੁੱਧ ਕੋਈ ਫੈਸਲਾ ਕਰਨ ਲੱਗੇ ਆਪਣੇ ਪੁੱਤ ਅਤੇ ਪੋਤਿਆਂ ਦੇ ਭਵਿੱਖ ਵੱਲ ਜ਼ਰੂਰ ਵੇਖੋਗੇ, ਪਰ ਤੁਹਾਡੀ ਮਾੜੀ ਨੂੰਹ ਤੁਹਾਡਾ ਵਿਰੋਧ ਕਰਨ ਸਮੇਂ ਤੁਹਾਡੇ ਪੁੱਤ ਪੋਤਿਆਂ (ਆਪਣੇ ਪਤੀ ਪੁੱਤ) ਦੇ ਭਵਿੱਖ ਵੱਲ ਵੀ ਨਹੀਂ ਵੇਖੇਗੀ, ਇਸ ਲਈ ਜਦੋਂ ਵੀ ਤੁਹਾਨੂੰ ਆਪਣੀ ਮਾੜੀ ਨੂੰਹ ਦੇ ਸੁਭਾਅ ਦਾ ਪਤਾ ਲੱਗ ਜਾਵੇ ਤਾਂ ਹੋਰ ਦੂਰੀਆਂ ਬਣਨ ਅਤੇ ਘਰ ਵਿੱਚ ਕਲੇਸ਼ ਹੋਣ ਤੋਂ ਪਹਿਲਾਂ ਹੀ ਆਪਣੇ ਨੂੰਹ ਪੁੱਤ ਨੂੰ ਵੱਖ ਕਰ ਦਿਓ। ਇੱਥੇ ਮੇਰੇ ਵੱਲੋਂ ਨੂੰਹਾਂ ਬਾਰੇ ਇਸ ਤਰ੍ਹਾਂ ਲਿਖਣਾ ਸਾਰੀਆਂ ਨੂੰਹਾਂ ਲਈ ਨਹੀਂ ਹੈ, ਤਾਂ ਹੀ ਮੈਂ ਨਾਲ ਮਾੜੀਆਂ ਨੂੰਹਾਂ ਸ਼ਬਦ ਲਿਖਿਆ ਹੈ, ਚੰਗੀਆਂ ਨੂੰਹਾਂ ਨਰਕਾਂ ਵਰਗੇ ਘਰਾਂ ਨੂੰ ਸਵਰਗ ਵੀ ਬਣਾ ਦਿੰਦੀਆਂ ਹਨ, ਇਹ ਵੀ ਜ਼ਰੂਰੀ ਨਹੀਂ ਹੈ ਕਿ ਹਰ ਥਾਂ ਨੂੰਹਾਂ ਦਾ ਹੀ ਕਸੂਰ ਹੋਵੇ, ਬਹੁਤ ਥਾਵਾਂ ਤੇ ਸੱਸ ਸਹੁਰੇ ਅਤੇ ਪੁੱਤ ਵੀ ਨੂੰਹਾਂ ਦਾ ਜਿਉਣਾ ਹਰਾਮ ਕਰ ਕੇ ਘਰਾਂ ਨੂੰ ਬਰਬਾਦ ਕਰ ਦਿੰਦੇ ਹਨ। ਕਦੇ ਕਿਸੇ ਨੂੰ ਵੀ ਆਪਣੀ ਚੰਗੀ ਜਾਂ ਮਾੜੀ ਪਰਦੇ ਦੀ ਗੱਲ ਨਾ ਦੱਸੋ, ਕਿਸੇ ਕੋਲ ਆਪਣਾ ਦੁੱਖ ਨਾ ਰੋਵੋ, ਕਿਉਂਕਿ ਕੁੱਝ ਸਮੇਂ ਬਾਅਦ ਤੁਹਾਨੂੰ ਕਿਸੇ ਨੂੰ ਦੱਸੇ ਗਏ ਦੁੱਖ ਦਾ ਵੀ ਦੁੱਖ ਹੀ ਹੋਣਾ ਹੈ, ਸਮੇਂ ਨਾਲ ਮਿੱਤਰਾਂ ਦੋਸਤਾਂ ਰਿਸ਼ਤੇਦਾਰਾਂ ਨਾਲ ਸਬੰਧ ਬਦਲਦੇ ਰਹਿੰਦੇ ਹਨ, ਇਸ ਲਈ ਕਿਸੇ ਨੂੰ ਵੀ ਆਪਣੇ ਮਨ ਦਾ ਭੇਤ ਨਾ ਦਿਓ, ਕਿਸੇ ਨੂੰ ਵੀ ਜ਼ਿਆਦਾ ਸਤਿਕਾਰ ਦੇ ਕੇ ਉਸ ਨੂੰ ਆਪਣੇ ਸਿਰ ਨਾ ਚੜ੍ਹਾਓ। ਆਪਣੇ ਘਰ ਦੇ ਮਾਹੌਲ ਨੂੰ ਆਪ ਠੀਕ ਰੱਖੋ, ਜੇ ਠੀਕ ਨਹੀਂ ਰੱਖ ਸਕੇ ਤਾਂ ਉਸ ਦਾ ਦੋਸ਼ ਦੂਜਿਆਂ ਨੂੰ ਨਾ ਦਿਓ ਕਿ ਫਲਾਨੇ ਨੇ ਸਾਡਾ ਘਰ ਖਰਾਬ ਕਰ ਦਿੱਤਾ ਜਾਂ ਕਿ ਫਲਾਨੇ ਨੇ ਮੇਰੇ ਪੁੱਤਾਂ ਜਾਂ ਨੂੰਹਾਂ ਨੂੰ ਗਲਤ ਸਿੱਖਿਆ ਦੇ ਦਿੱਤੀ ਹੈ, ਜਦੋਂ ਕੋਈ ਬੇਗਾਨਾ ਤੁਹਾਡੇ ਬੱਚਿਆਂ ਨੂੰ ਕੁੱਝ ਕੁ ਸਮੇਂ ਵਿੱਚ ਗਲਤ ਸਿੱਖਿਆ ਦੇ ਸਕਦਾ ਹੈ ਤਾਂ ਤੁਸੀਂ ਆਪਣੇ ਬੱਚਿਆਂ ਨੂੰ ਇੰਨੇ ਸਮੇਂ ਵਿੱਚ ਸਹੀ ਸਿੱਖਿਆ ਕਿਉਂ ਨਹੀਂ ਦੇ ਸਕੇ? ਕਿਉਂਕਿ ਤੁਹਾਡੇ ਬੱਚੇ ਜਾਂ ਪਰਿਵਾਰ ਦੂਜਿਆਂ ਨਾਲੋਂ ਤੁਹਾਡੇ ਕੋਲ ਵੱਧ ਸਮਾਂ ਰਹਿੰਦੇ ਹਨ, ਇਹ ਵੀ ਨਾ ਕਹੋ ਕਿ ਫਲਾਨੇ ਨੇ ਮੇਰੀ ਮਦਦ ਨਹੀਂ ਕੀਤੀ, ਕਿਉਂਕਿ ਜਦੋਂ ਤੁਹਾਡੇ ਘਰ ਦਾ ਮਾਹੌਲ ਖਰਾਬ ਹੁੰਦਾ ਹੈ, ਉਸ ਸਮੇਂ ਜੇ ਕੋਈ ਬਾਹਰਲਾ ਬੰਦਾ ਤੁਹਾਡੀ ਇੱਕ ਧਿਰ ਨੂੰ ਚੰਗਾ ਕਹੇਗਾ ਤਾਂ ਦੂਜੀ ਧਿਰ ਉਸ ਨੂੰ ਆਪਣਾ ਦੁਸ਼ਮਣ ਸਮਝੇਗੀ, ਕਿਉਂਕਿ ਦੋਹੇਂ ਧਿਰਾਂ ਆਪਣੇ ਆਪ ਨੂੰ ਸਹੀ ਅਤੇ ਦੂਜੇ ਨੂੰ ਗਲਤ ਸਮਝਦੀਆਂ ਹੁੰਦੀ ਹਨ, ਬੇਸ਼ੱਕ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿ ਕੇ ਸਾਂਝੇ ਬੰਦੇ ਤੁਹਾਡੇ ਕਲੇਸ਼ ਨੂੰ ਮੁਕਾ ਵੀ ਸਕਦੇ ਹੁੰਦੇ ਹਨ, ਪਰ ਜੇ ਕੋਈ ਅਜਿਹਾ ਨਾ ਵੀ ਕਰੇ ਤਾਂ ਦੁੱਖੀ ਨਾ ਹੋਵੋ, ਆਪਣੇ ਮਸਲੇ ਨੂੰ ਜਿਸ ਢੰਗ ਨਾਲ ਹੱਲ ਕਰ ਸਕਦੇ ਹੋਂ ਉਸੇ ਤਰ੍ਹਾਂ ਖੁਦ ਆਪ ਹੀ ਹੱਲ ਕਰੋ, ਜੇ ਹੱਲ ਨਾ ਕਰ ਸਕੇ ਤਾਂ ਕਿਸੇ ਨੂੰ ਦੋਸ਼ ਦੇਣ ਦੀ ਥਾਂ ਦੋਸ਼ ਆਪਣੇ ਸਿਰ ਲਓ, ਜਾਂ ਜੇ ਮਸਲਾ ਹੱਲ ਨਾ ਹੋਵੇ ਤਾਂ ਵੀ ਚਿੰਤਾ ਨਾ ਕਰੋ ਕਿਉਂਕਿ ਸਾਰੇ ਮਸਲੇ ਅੱਜ ਤੱਕ ਕਿਸੇ ਦੇ ਵੀ ਹੱਲ ਨਹੀਂ ਹੋਏ, ਅਜਿਹੇ ਮਸਲੇ ਨੂੰ ਵਿਚੇ ਛੱਡ ਕੇ ''ਜਾਂ ਅਜਿਹੇ ਮਸਲੇ ਦੇ ਹੁੰਦਿਆਂ ਵੀ'' ਆਪਣੀ ਜਿੰਦਗੀ ਨੂੰ ਜਿਉਣਾ ਸਿੱਖੋ, ਆਪਣੇ ਆਪ ਨੂੰ ਸਹੀ ਰੱਖੋ ਅਤੇ ਸਹੀ ਸਮਝੋ ਵੀ, ਪਰ ਇਹ ਚਿੰਤਾ ਨਾ ਕਰੋ ਕਿ ਦੂਜੇ ਮੈਨੂੰ ਸਹੀ ਕਿਉਂ ਨਹੀਂ ਸਮਝਦੇ, ਸਾਰਿਆਂ ਨੂੰ ਸਹੀ ਕੋਈ ਵੀ ਨਹੀਂ ਲੱਗਦਾ ਹੁੰਦਾ, ਤੁਹਾਨੂੰ ਵੀ ਸਾਰੇ ਚੰਗੇ ਨਹੀਂ ਲੱਗਦੇ ਹੁੰਦੇ। ਸੱਭ ਦੀ ਆਪੋ ਆਪਣੀ ਮੱਤ ਹੁੰਦੀ ਹੈ, ਤੁਸੀਂ ਆਪਣੀ ਸੋਚ ਅਨੁਸਾਰ ਜੀਓ, ਅਗਲੇ ਨੂੰ ਆਪਣੀ ਸੋਚ ਅਨੁਸਾਰ ਜਿਉਣ ਦਿਓ, ਜਿੰਦਗੀ ਵਿੱਚ ਜੋ ਵੀ ਚੰਗਾ ਮਾੜਾ ਮਿਲਿਆ ਹੈ, ਉਸ ਨੂੰ ਸਹੀ ਕਰਨ ਦੀ ਕੋਸ਼ਿਸ਼ ਤਾਂ ਜ਼ਰੂਰ ਕਰੋ, ਪਰ ਜੇ ਸਹੀ ਨਾ ਹੋਵੇ ਤਾਂ ਆਪਣੇ ਆਪ ਨੂੰ ਉਸੇ ਵਿੱਚ ਰਾਜੀ ਰੱਖਣ ਦੀ ਜਾਚ ਸਿੱਖੋ। ਬੱਸ ਇਹੀ ਕੁਦਰਤ ਹੈ ਜਿਸ ਨੂੰ ਸਮਝਣਾ ਔਖਾ ਹੈ, ਪਤਾ ਨਹੀਂ ਇੱਥੇ ਕੌਣ ਕਿਸ ਦੇ ਚੰਗੇ ਮਾੜੇ ਦੀ ਵਜ੍ਹਾ ਬਣ ਰਿਹਾ ਹੈ, ਕੁੱਝ ਮਾੜਾ ਹੋਣਾ ਵੀ ਕਿਸੇ ਲਈ ਚੰਗਾ ਹੋ ਜਾਂਦਾ ਹੈ, ਇਸ ਲਈ ਖੁਸ਼ ਰਹਿਣ ਦੀ ਕੋਸ਼ਿਸ਼ ਕਰੋ, ਆਪਣੇ ਵੱਲੋਂ ਕੁੱਝ ਮਾੜਾ ਨਾ ਕਰੋ, ਜੇ ਕੋਈ ਤੁਹਾਡੇ ਨਾਲ ਮਾੜਾ ਕਰਦਾ ਹੈ ਉਸ ਨੂੰ ਸਹੀ ਕਰਨ ਦੀ ਕੋਸ਼ਿਸ਼ ਤਾਂ ਜ਼ਰੂਰ ਕਰੋ ਪਰ ਨਿਰਾਸ਼ ਨਾ ਹੋਵੋ, ਹੋ ਸਕਦੈ ਉਸ ਵੱਲੋਂ ਕੀਤੇ ਜਾ ਰਹੇ ਮਾੜੇ ਵਿੱਚ ਹੀ ਤੁਹਾਡੇ ਲਈ ਭਲਾਈ ਛੁੱਪੀ ਹੋਵੇ। ਜਿੰਦਗੀ ਵੀ ਇੱਕ ਤਾਸ ਦੀ ਖੇਡ ਵਾਂਗ ਹੈ, ਇਸ ਵਿੱਚ ਜਿੱਤਾਂ ਹਾਰਾਂ ਚਲਦੀਆਂ ਹੀ ਰਹਿੰਦੀਆਂ ਹਨ, ਇਹ ਜਿੱਤਾਂ ਹਾਰਾਂ ਹੀ ਅਸਲ ਵਿੱਚ ਜਿੰਦਗੀ ਹਨ, ਜੇ ਤੁਸੀਂ ਜਿੱਤ ਜਾਂ ਹਾਰ ਨਹੀਂ ਰਹੇ, ਤਾਂ ਸਮਝੋ ਕਿ ਤੁਸੀਂ ਜਿੰਦਗੀ ਦੀ ਖੇਡ ਨੂੰ ਖੇਡ ਹੀ ਨਹੀਂ ਰਹੇ ਜਾਂ ਤੁਸੀਂ ਮੁਰਦਾ ਹੋ, ਜਿੱਤਾਂ ਹਾਰਾਂ ਤੋਂ ਨਿਰਾਸ਼ ਨਾ ਹੋਵੋ, ਨਾ ਹੀ ਦੂਜਿਆਂ ਦੇ ਪੱਤੇ ਵੇਖ ਕੇ ਇਹ ਸੋਚੋ ਕਿ ਮੇਰੇ ਕੋਲ ਚੰਗੇ ਪੱਤੇ ਨਹੀਂ ਆਏ, ਹੋ ਸਕਦੈ ਕੋਈ ਤੁਹਾਡੇ ਵਰਗੇ ਪੱਤਿਆਂ ਨੂੰ ਵੀ ਤਰਸਦਾ ਹੋਵੇ, ਇਸ ਲਈ ਜੋ ਵੀ ਪੱਤੇ ਤੁਹਾਨੂੰ ਮਿਲੇ ਹਨ ਉਹਨਾ ਨਾਲ ਹੀ ਖਿਡਾਰੀ ਦੀ ਭਾਵਨਾ ਨਾਲ ਵਧੀਆ ਖੇਡੋ ਅਤੇ ਖੁਸ਼ ਹੋ ਕੇ ਖੇਡੋ, ਅਖੀਰ ਵਿੱਚ ਤਾਂ ਚੰਗੇ ਮਾੜੇ ਪੱਤਿਆਂ ਨੇ ਇੱਕੋ ਡੱਬੀ ਵਿੱਚ ਇਕੱਠੇ ਹੋ ਜਾਣਾ ਹੈ ਅਤੇ ਸਾਰੇ ਖਿਡਾਰੀਆਂ ਨੇ ਖਾਲੀ ਹੱਥ ਉੱਠ ਕੇ ਚਲੇ ਜਾਣਾ ਹੁੰਦਾ ਹੈ। ਇਹ ਕੁੱਝ ਮੈਂ ਆਪਣੇ ਆਲੇ ਦੁਆਲੇ ਅਤੇ ਆਪਣੀ ਜਿੰਦਗੀ ਦੇ ਨਿੱਜੀ ਤਜਰਬੇ ਵਿੱਚੋਂ ਲਿਖਿਆ ਹੈ।

-0-

ਜੀਵਨ ਸ਼ੈਲੀ ਵਿਚ ਤਬਦੀਲੀ

ਸ਼ਾਇਦ ਤੁਸੀਂ 'ਕਾਰਬਨ ਫ਼ੁੱਟਪ੍ਰਿੰਟ' ਸ਼ਬਦ ਸੁਣਿਆ ਹੋਵੇਗਾ। ਸਾਦੇ ਸ਼ਬਦਾਂ ਵਿਚ ਇਸ ਤੋਂ ਮੁਰਾਦ ਕਾਰਬਨ ਆਧਾਰਿਤ ਪ੍ਰਦੂਸ਼ਕ ਤੱਤਾਂ ਤੋਂ ਹੈ। ਇਹ ਤੁਹਾਡੀ ਜੀਵਨ ਸ਼ੈਲੀ, ਭੋਜਨ ਉਪਜਾਉਣ ਜਾਂ ਆਵਾਜਾਈ ਦੇ ਉਨ੍ਹਾਂ ਸਾਧਨਾਂ ਤੋਂ ਪੈਦਾ ਹੁੰਦੇ ਹਨ, ਜਿਸ ਦੀ ਤੁਸੀਂ ਵਰਤੋਂ ਕਰਦੇ ਹੋ। ਇਸੇ ਤਰ੍ਹਾਂ 'ਵਾਟਰ ਫ਼ੁੱਟਪ੍ਰਿੰਟ' ਤੋਂ ਭਾਵ ਪਾਣੀ ਦੀ ਉਸ ਮਾਤਰਾ ਤੋਂ ਹੈ, ਜਿਹੜੀ ਕੋਈ ਖਾਣ ਜਾਂ ਵਰਤਣ ਵਾਲ਼ੀ ਚੀਜ਼ ਤਿਆਰ ਕਰਨ ਲਈ ਕੰਮ ਆਉਂਦੀ ਹੈ। ਜਿੰਨੀ ਜ਼ਿਆਦਾ ਕਾਰਬਨ ਤੇ ਜਲ ਦੀ ਫ਼ੁੱਟਪ੍ਰਿੰਟ ਹੋਵੇਗੀ, ਓਨੀ ਹੀ ਵਾਤਾਵਰਣ ਵਿਚ ਪ੍ਰਦੂਸ਼ਕਾਂ ਦੀ ਮਾਤਰਾ ਵਧੇਗੀ।

ਕੀ ਤੁਹਾਨੂੰ ਪਤਾ ਏ ਕਿ ਸਿਰਫ਼ ਇੱਕੋ ਹੀ ਇਨਸਾਨ ਦੇ ਖਾਣ-ਪੀਣ ਦੀ ਉਪਜ ਤੇ ਆਵਾਜਾਈ ਵਿਚ ਜੋ ਕਾਰਬਨ-ਡਾਇ-ਔਕਸਾਈਡ ਨਿਕਲ਼ਦੀ ਹੈ, ਉਹਨੂੰ ਸੋਖਣ ਲਈ 3-15 ਰੁੱਖਾਂ ਦੀ ਲੋੜ ਹੁੰਦੀ ਹੈ। ਰੁੱਖਾਂ ਦੀ ਤਾਦਾਦ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਸ਼ਖ਼ਸ ਮੁਕਾਮੀ, ਮੌਸਮੀ ਤੇ ਕੁਦਰਤੀ ਤਰੀਕੇ ਨਾਲ਼ ਉਗਾਇਆ ਸਾਦਾ ਖਾਣਾ ਖਾਂਦਾ ਹੈ ਕਿ ਦੂਰ-ਦੁਰਾਡੇ ਤੋਂ ਪੈਕਿੰਗ ਵਿਚ ਆਇਆ ਬੇਮੌਸਮੀ ਤੇ ਖ਼ਾਸ ਖਾਣਾ।

ਇਸ ਤਰ੍ਹਾਂ ਹੀ ਵਾਟਰ ਫ਼ੁੱਟਪ੍ਰਿੰਟ ਉਸ ਖ਼ੁਰਾਕ ਦੇ ਹਿਸਾਬ ਨਾਲ਼ ਬਦਲਦਾ ਹੈ, ਜਿਹੜੀ ਅਸੀਂ ਖਾਂਦੇ ਹਾਂ। ਇਕ ਅੰਦਾਜ਼ੇ ਅਨੁਸਾਰ ਇਕ ਬੰਦੇ ਲਈ ਇਕ ਦਿਨ ਦੇ ਸ਼ਾਕਾਹਾਰੀ ਭੋਜਨ ਨੂੰ ਪੈਦਾ ਕਰਨ 'ਤੇ 500 ਲੀਟਰ ਪਾਣੀ ਲੱਗਦਾ ਹੈ; ਜਦੋਂ ਕਿ ਮਾਸਾਹਾਰੀ ਭੋਜਨ 'ਤੇ 5000 ਲੀਟਰ ਤੋਂ ਜ਼ਿਆਦਾ ਪਾਣੀ ਲੱਗ ਜਾਂਦਾ ਹੈ। ਸ਼ਾਕਾਹਾਰੀ ਭੋਜਨ 90% ਘੱਟ ਜ਼ਮੀਨ ਦਾ ਇਸਤੇਮਾਲ ਕਰਦੇ ਹਨ ਤੇ 90% ਹੀ ਘੱਟ ਕਾਰਬਨ ਪੈਦਾ ਕਰਦੇ ਹਨ।



ਜੀਵਨ-ਸ਼ੈਲੀ ਤੋਂ ਪੈਦਾ ਹੋਣ ਵਾਲ਼ੇ ਪ੍ਰਦੂਸ਼ਣ ਦਾ ਦੂਜਾ ਵੱਡਾ ਕਾਰਣ ਪਥਰਾਟੀ ਈਂਧਨ (ਫ਼ੌਸਿਲ ਫ਼ਿਊਲ) ਹੈ, ਜਿਸ ਵਿਚ ਪੈਟ੍ਰੋਲ ਤੇ ਡੀਜ਼ਲ ਨਾਲ਼ ਚੱਲਣ ਵਾਲ਼ੀਆਂ ਗੱਡੀਆਂ, ਮਿੱਟੀ ਦਾ ਤੇਲ ਤੇ ਕੋਇਲਾ ਵਗ਼ੈਰਾ ਦੀ ਵਰਤੋਂ ਸ਼ਾਮਿਲ ਹੈ। ਇਹ ਕਾਰਬਨ ਤੇ ਨਾਈਟ੍ਰੋਜਨ ਆਧਾਰਿਤ ਪ੍ਰਦੂਸ਼ਕ ਹਵਾ ਵਿਚ ਛੱਡਦੇ ਹਨ। ਪੰਜਾਬ ਅੰਦਰ ਗੱਡੀਆਂ ਦੀ ਗਿਣਤੀ ਵਿਚ ਵਾਧੇ ਨਾਲ਼ ਹਵਾ ਬਹੁਤ ਜ਼ਿਆਦਾ ਪਲੀਤ ਹੋਈ ਹੈ, ਟ੍ਰੈਫ਼ਿਕ ਦਾ ਘੜਮੱਸ ਵਧਿਆ ਹੈ ਤੇ ਹਾਦਸਿਆਂ ਦੀ ਗਿਣਤੀ ਵੀ ਵਧੀ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਬ 'ਚ ਹਰ ਸਾਲ ਜਿਹੜੇ ਹਾਦਸੇ ਹੁੰਦੇ ਹਨ, ਉਨ੍ਹਾਂ 'ਚ 50 ਹਜ਼ਾਰ ਦੇ ਨੇੜੇ-ਤੇੜੇ ਲੋਕ ਮਰ ਜਾਂਦੇ ਹਨ ਤੇ ਐਨੇ ਹੀ ਅਪਾਹਿਜ ਵੀ ਹੁੰਦੇ ਹਨ। ਮਸ਼ੀਨੀ ਖੇਤੀ ਤੇ ਗੈਸੋਲੀਨ ਪੰਪਾਂ ਦੀ ਖੇਤਾਂ ਵਿਚ ਵਰਤੋਂ ਵੀ ਪ੍ਰਦੂਸ਼ਣ ਵਧਾਉਂਦੀ ਹੈ।

ਤੀਜਾ ਸਭ ਤੋਂ ਖ਼ਤਰਨਾਕ ਪ੍ਰਦੂਸ਼ਕ ਤੱਤ ਪਲਾਸਟਿਕ ਹੈ। ਤੁਸੀਂ ਸੁਣਿਆ ਹੋਣਾ ਏ ਕਿ ਕਿਵੇਂ ਪਲਾਸਟਿਕ ਦੀਆਂ ਬੋਤਲਾਂ, ਲਿਫ਼ਾਫ਼ੇ, ਥੈਲੇ ਵਗ਼ੈਰਾ ਦੇ ਨਸ਼ਟ ਹੋਣ ਨੂੰ ਪੰਜ ਸੌ ਸਾਲ ਲੱਗ ਜਾਂਦੇ ਹਨ। ਸਾਡੇ ਸਮੁੰਦਰਾਂ ਵਿਚ ਪਲਾਸਟਿਕ ਦੇ ਟਾਪੂ ਬਣ ਗਏ ਸੁਣੇ ਜਾਂਦੇ ਹਨ, ਜਿਹਦੇ ਨਾਲ਼ ਸਮੁੰਦਰੀ ਭੋਜਨ ਵੀ ਜ਼ਹਿਰੀਲਾ ਹੋ ਰਿਹਾ ਹੈ। ਅਸੀਂ ਵਾਤਾਵਰਣ ਵਿਚ ਜੋ ਕੁਝ ਵੀ ਛੱਡਦੇ ਹਾਂ, ਉਸ ਨੇ ਮੁੜ ਕੇ ਕਦੇ ਨਾ ਕਦੇ ਭੋਜਨ ਦੇ ਰੂਪ ਵਿਚ ਸਾਡੇ ਵਿਚ ਵਾਪਸ ਹੀ ਆ ਜਾਣਾ ਹੁੰਦਾ ਹੈ।

ਤੁਹਾਡੀ ਜੀਵਨ ਸ਼ੈਲੀ ਨਾਲ਼ ਜੁੜੀਆਂ ਸਰਗਰਮੀਆਂ ਜਿਵੇਂ ਬੋਤਲਾਂ ਵਾਲ਼ੇ ਪੇਯ ਪੀਣਾ, ਕੰਮ 'ਤੇ ਗੱਡੀਆਂ 'ਚ ਜਾਣਾ, ਡੱਬਾਬੰਦ (ਪੈਕੇਜਡ) ਜਾ ਮਾਸਾਹਾਰੀ ਭੋਜਨ ਕਰਨਾ, ਪੱਛਮੀ ਤਰਜ਼ ਦੇ ਪਾਖਾਨਿਆਂ ਦੀ ਵਰਤੋਂ, ਵਾਸ਼ਿੰਗ ਮਸ਼ੀਨਾਂ ਤੇ ਡ੍ਰਾਇਰਾ, ਫੈਂਸੀ ਪੁਸ਼ਾਕਾਂ ਤੇ ਸ਼ਿੰਗਾਰ ਵਸਤਾਂ ਦੀ ਵਰਤੋਂ ਪ੍ਰਤੀ ਵਿਅਕਤੀ 700 ਰੁੱਖਾਂ ਦੀ ਹੋਂਦ ਮੰਗਦੀ ਹੈ। ਸੋ, ਜੇ ਤੁਸੀਂ ਜੀਵਨ-ਸ਼ੈਲੀ ਪੱਛਮੀ ਦੇਸ਼ਾਂ ਵਾਂਙ ਰੱਖਣੀ ਹੈ; ਪਰ ਉਸ ਰਫ਼ਤਾਰ ਨਾਲ਼ ਰੁੱਖ ਨਹੀਂ ਲਾਉਣੇ, ਤਾਂ ਤੁਸੀਂ ਅਪਣੀ ਭੋਇੰ ਨੂੰ ਪ੍ਰਦੂਸ਼ਣ ਨਾਲ਼ ਦਾਗ਼ਦਾਰ ਕਰ ਰਹੇ ਹੋ। ਇੰਜ ਹੀ ਤੁਸੀਂ ਪਾਣੀ ਦੀ ਸਪਲਾਈ ਘਟਾ ਰਹੇ ਹੋ ਤੇ ਪੰਜਾਬ ਨੂੰ ਰੇਗਿਸਤਾਨ ਬਣਾਉਣ ਦੇ ਰਾਹੇ ਤੋਰਨ ਲਈ ਜ਼ਿੰਮੇਵਾਰ ਬਣਦੇ ਹੋ।

ਹੱਲ

ਪੰਜਾਬ ਕੋਲ਼ ਐਨੀ ਜ਼ਮੀਨ ਨਹੀਂ, ਜਿਹੜੀ 700 ਦਰੱਖ਼ਤ ਪ੍ਰਤੀ ਵਿਅਕਤੀ ਦਾ ਬੋਝ ਝੱਲ ਸਕੇ। ਫਿਰ ਤੁਹਾਨੂੰ ਇਸ ਮਾਮਲੇ ਵਿਚ ਕਰਨਾ ਕੀ ਚਾਹੀਦਾ ਹੈ? ਅਪਣੇ ਕਾਰਬਨ ਤੇ ਵਾਟਰ ਫ਼ੁੱਟਪ੍ਰਿੰਟ ਨੂੰ ਘੱਟ ਤੋਂ ਘੱਟ ਕਰੋ। ਆਓ ਅਸੀਂ ਉਹਨਾਂ ਤਰੀਕਿਆਂ ਦਾ ਜ਼ਿਕਰ ਕਰੀਏ, ਜਿਨ੍ਹਾਂ ਨਾਲ਼ ਤੁਸੀਂ ਰੋਜ਼ਾਨਾ ਜ਼ਿੰਦਗੀ ਵਿਚ ਅਪਣੇ ਫ਼ੁੱਟਪ੍ਰਿੰਟ ਨੂੰ ਵੀ ਘਟਾ ਸਕੋ ਤੇ ਹੋਰਾਂ ਨੂੰ ਵੀ ਪ੍ਰੇਰ ਸਕੋ।

- ਸਥਾਨਕ ਉਤਪਾਦਾਂ ਦੀ ਵਰਤੋਂ ਕਰੋ। ਮਾਸ ਤੇ ਪੈਕੇਜ ਖ਼ੁਰਾਕ ਨਾ ਜਾਂ ਘੱਟ ਖਾਓ।
- ਪੈਟ੍ਰੋਲ ਦੀ ਵਰਤੋਂ ਘਟਾਉ। ਸਾਈਕਲ ਦੀ ਵਰਤੋਂ ਵੱਧ ਤੋਂ ਵੱਧ ਕਰੋ। ਕਾਰ-ਪੂਲ ਕਰੋ ਤੇ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਵੱਧ ਤੋਂ ਵੱਧ ਕਰੋ।
- ਬਾਰਸ਼ ਦਾ ਪਾਣੀ ਜਮ੍ਹਾ ਕਰੋ ਤੇ ਪੁਣ ਕੇ ਘਰੇਲੂ ਵਰਤੋਂ ਵਿਚ ਲਿਆਓ।
- ਨਹਾਉਣ ਸਮੇਂ ਫੁਹਾਰੇ ਦੀ ਵਰਤੋਂ ਘਟਾਓ। ਬ੍ਰੱਸ਼ ਕਰਨ ਵੇਲੇ ਟੂਟੀ ਖੁੱਲ੍ਹੀ ਨਾ ਛੱਡੋ ਜਾਂ ਦਾਤਣ ਵਰਤੋ। ਭਾਂਡਿਆਂ ਦੇ ਧੋਣ ਦੇ ਬਚੇ ਪਾਣੀ ਨੂੰ ਪੌਦਿਆਂ ਦੀ ਸਿੰਚਾਈ ਜਾਂ ਗੱਡੀਆਂ ਧੋਣ ਲਈ ਵਰਤੋ।
- ਸ਼ੈਂਪੂ ਤੇ ਡਿਟਰਜੈਂਟ ਬੋਤਲਾਂ ਦੀ ਥਾਂ ਕੁਦਰਤੀ ਸਾਬਣ ਦੀਆਂ ਟਿੱਕੀਆਂ ਇਸਤੇਮਾਲ ਕਰੋ।
- ਮੁੜ-ਵਰਤੋਂ ਯੋਗ ਬੋਤਲਾਂ ਦਾ ਪ੍ਰਯੋਗ ਕਰੋ। ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰੋ ਤੇ ਭੋਜਨ ਪਦਾਰਥ ਖੁੱਲ੍ਹੀ ਮਾਤਰਾ ਵਿਚ ਖ਼ਰੀਦ ਲਵੋ, ਤਾਂ ਜੋ ਪਲਾਸਟਿਕ ਪੈਕਿੰਗ ਦੀ ਲੋੜ ਘਟੇ।
- ਸਮਾਗਮਾਂ 'ਚ ਸਟਾਇਰੋਫ਼ੋਮ ਜਾਂ ਪਲਾਸਟਿਕ ਦੀ ਬਜਾਏ ਪੱਤਿਆਂ ਤੋਂ ਬਣੀਆਂ ਡਿਸਪੋਜ਼ੇਬਲ ਪਲੇਟਾਂ ਤੇ ਕੱਪਾਂ ਦੀ ਵਰਤੋਂ ਕਰੋ ਤੇ ਹੋਰਾਂ ਨੂੰ ਵੀ ਇਜੇਹਾ ਕਰਨ ਲਈ ਆਖੋ।
- ਬਿਜਲੀ ਤੇ ਏਅਰਕੰਡੀਸ਼ਨਿੰਗ ਦੀ ਵਰਤੋਂ ਘਟਾਓ। ਮੁੜ ਚਾਰਜ ਹੋਣ ਵਾਲ਼ੀਆਂ ਬੈਟਰੀਆਂ ਦੀ ਵਰਤੋਂ ਕਰੋ। ਸਾਰੀਆਂ ਬਿਜਲਈ ਵਸਤਾਂ ਨੂੰ ਰੀ-ਸਾਈਕਲ ਕਰੋ।
- ਘਾਹ ਦੇ ਲਾਅਨਾਂ ਨੂੰ ਲਘੂ ਜੰਗਲਾਂ ਜਾਂ ਰਸੋਈ ਬਗ਼ੀਚੀਆਂ ਵਿਚ ਤਬਦੀਲ ਕਰੋ।
- ਗੋਹੇ ਤੇ ਹਰੇ ਕੂੜੇ ਨੂੰ ਬਾਇਓਗੈਸ ਤੇ ਕੁਦਰਤੀ ਖਾਦਾਂ ਬਣਾਉਣ ਲਈ ਵਰਤੋ।
- ਅਪਣੇ ਪਰਿਵਾਰ ਨੂੰ ਘਰ ਛੋਟੇ ਰੱਖ ਕੇ ਹਰਿਆਵਲ ਵਾਸਤੇ ਵੱਡੀ ਥਾਂ ਛੱਡਣ ਲਈ ਪ੍ਰੇਰੋ।

(ਨਵਾਂ ਨਰੋਆ ਪੰਜਾਬ ਪੁਸਤਕ ਵਿਚੋਂ)

ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਮਾਪਿਆਂ ਦਾ ਰੋਲ

-ਗੁਰਪ੍ਰੀਤ ਕੌਰ
93176-77301







ਬੱਚੇ ਦੇਸ਼ ਤੇ ਕੌਮ ਦਾ ਸਰਮਾਇਆ ਅਤੇ ਭਵਿੱਖ ਦੇ ਨਿਰਮਾਤਾ ਹੰਦੇ ਹਨ। ਪੁਰਾਣੇ ਸਮੇਂ ਵਿੱਚ ਬੱਚੇ ਦਾਦਾ-ਦਾਦੀ, ਨਾਨਾ-ਨਾਨੀ ਦੀ ਛਤਰ ਛਾਇਆ ਹੇਠ ਪਲਦੇ, ਗੁਰੂਆਂ, ਭਗਤਾਂ, ਬਹਾਦਰਾਂ ਤੇ ਸ਼ਹੀਦਾਂ ਦੀਆਂ ਕਹਾਣੀਆਂ ਸੁਣਦੇ ਤੇ ਚੰਗੇ ਸੰਸਕਾਰ ਗ੍ਰਹਿਣ ਕਰਦੇ ਸਨ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਟੁੱਟਦੇ ਪਰਿਵਾਰਾਂ ਦਾ ਜੇ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ ਤਾਂ ਉਹ ਬੱਚਿਆਂ 'ਤੇ ਹੈ ਜੋ ਬਜ਼ੁਰਗਾਂ ਦੇ ਪਿਆਰ, ਲਾਡ-ਦੁਲਾਰ ਦੇ ਨਾਲ ਮਾਪਿਆਂ ਦੇ ਸਾਥ ਤੋਂ ਵੀ ਵਾਂਝੇ ਹੋ ਗਏ ਹਨ। ਮਾਪਿਆਂ ਕੋਲ ਸਮਾਂ ਹੀ ਨਹੀਂ ਕਿ ਉਹ ਆਪਣੇ ਬੱਚਿਆਂ ਦੀ ਦੇਖ-ਭਾਲ ਕਰ ਸਕਣ ਜਾਂ ਉਨ੍ਹਾਂ ਨੂੰ ਸਮਾਂ ਦੇ ਸਕਣ। ਪੈਸੇ ਦੀ ਦੌੜ ਨੇ ਬਜ਼ੁਰਗਾਂ ਨੂੰ ਆਪਣੇ ਬੱਚਿਆਂ ਤੋਂ ਅਤੇ ਨਵੀਂ ਪੀੜ੍ਹੀ ਨੂੰ ਬਜ਼ੁਰਗਾਂ ਤੇ ਮਾਪਿਆਂ ਦੋਵਾਂ ਤੋਂ ਪਿਆਰ-ਵਿਹੂਣਾ ਕਰ ਦਿੱਤਾ ਹੈ।

ਬੱਚਿਆਂ ਦਾ ਭਵਿੱਖ ਰੋਸ਼ਨ ਬਣਾਉਣ ਲਈ ਉਨ੍ਹਾਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਹੋਵੇ, ਚੰਗਾ ਇਨਸਾਨ ਬਣਨ ਲਈ ਚੰਗੇ ਸੰਸਕਾਰ ਦਿੱਤੇ ਜਾਣ, ਸੁਚੱਜਾ ਜੀਵਨ ਜਿਊਣ ਦਾ ਢੰਗ ਦੱਸਿਆ ਜਾਏ, ਇਨਸਾਨੀ ਕਦਰਾਂ-ਕੀਮਤਾਂ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਵਿਰਸੇ ਨਾਲ ਜੋੜਿਆ ਜਾਏ। ਇਸ ਤੋਂ ਇਲਾਵਾ ਬੱਚਿਆਂ ਵਿੱਚ ਸਾਹਿਤਕ ਰੁਚੀਆਂ ਵਿਕਸਤ ਕਰਨ ਲਈ ਉਨ੍ਹਾਂ ਨੂੰ ਛੋਟੇ-ਛੋਟੇ ਬਾਲ ਰਸਾਲੇ ਤੇ ਮਨੋਰੰਜਕ ਸਾਹਿਤ ਪੜ੍ਹਨ ਵੱਲ ਪ੍ਰੇਰਿਤ ਕੀਤਾ ਜਾਏ, ਉਨ੍ਹਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਇਆ ਜਾਏ। ਬਚਪਨ ਤੋਂ ਹੀ ਜਦੋਂ ਬੱਚਿਆਂ ਨੂੰ ਚੰਗੇ ਸੰਸਕਾਰ ਤੇ ਅਗਵਾਈ ਮਿਲੇਗੀ ਤਾਂ ਉਨ੍ਹਾਂ ਅੰਦਰ ਚੰਗੀਆਂ ਆਦਤਾਂ ਅਤੇ ਚੰਗੀ ਤੇ ਨਰੋਈ ਸੋਚ ਵਿਕਸਤ ਹੋਵੇਗੀ।

ਬੱਚੇ ਦੀ ਪਹਿਲੀ ਅਧਿਆਪਕ ਉਸ ਦੀ ਮਾਂ ਹੁੰਦੀ ਹੈ ਅਤੇ ਉਸ ਦੇ ਚਰਿੱਤਰ ਨਿਰਮਾਣ ਵਿੱਚ ਮਾਂ ਦਾ ਵੱਡਾ ਹੱਥ ਹੁੰਦਾ ਹੈ। ਜਿਵੇਂ ਹਰਿਆ-ਭਰਿਆ ਰੁੱਖ ਸੂਰਜ ਦੀਆਂ ਕਿਰਨਾਂ ਦੀ ਤਪਸ਼ ਆਪਣੇ ਵਿੱਚ ਸਮੇਟ ਕੇ ਸਾਨੂੰ ਠੰਡੀ ਛਾਂ ਪ੍ਰਦਾਨ ਕਰਦਾ ਹੈ ਇਵੇਂ ਹੀ ਮਾਂ ਸਾਡੇ ਦੁੱਖ ਆਪ ਝੱਲ ਕੇ ਸਾਨੂੰ ਛਾਂ ਰੂਪੀ ਸੁੱਖ ਪ੍ਰਦਾਨ ਕਰਦੀ ਹੈ। ਇਹ ਉਹ ਸੱਚ ਹੈ ਜੋ ਸਾਰੇ ਸਮਾਜ ਦੀ ਸਾਂਝੀ ਆਵਾਜ਼ ਬਣ ਕੇ ਇੱਕ ਸੁੰਦਰ ਕਹਾਵਤ **ਮਾਵਾਂ ਠੰਡੀਆਂ ਛਾਵਾਂ** ਦੇ ਰੂਪ ਵਿੱਚ ਅੱਜ ਵੀ ਸਾਰੀ ਮਾਨਵਤਾ ਨੂੰ ਮਾਂ-ਬਾਪ ਪ੍ਰਤੀ ਸਾਡੇ ਫਰਜਾਂ ਬਾਰੇ ਸਾਨੂੰ ਜਾਗਰੂਕ ਕਰਦਾ ਹੈ। ਦੁਨੀਆਂ ਦੇ ਸੂਝਵਾਨ ਹਲਕਿਆਂ ਵਿੱਚ ਮਾਂ ਨੂੰ ਰੱਬ ਦਾ ਦੂਜਾ ਰੂਪ ਕਹਿ ਕੇ ਸਤਿਕਾਰਿਆ ਅਤੇ ਪਿਆਰਿਆ ਜਾਂਦਾ ਹੈ। ਕਿਉਂਕਿ ਆਪਣੇ ਬੱਚੇ ਦੇ ਪਾਲਣ-ਪੋਸ਼ਣ ਹਿੱਤ ਆਪਣੀ ਮਾਂ ਤੋਂ ਵੱਡੀ ਕੁਰਬਾਨੀ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਵਿਚ ਦੇਖਣ ਨੂੰ ਨਹੀਂ ਮਿਲਦੀ ਪਰ ਇਸ ਕੁਰਬਾਨੀ ਦੇ ਜਜ਼ਬੇ ਨੂੰ ਹੁਲਾਰਾ ਬੱਚੇ ਦੇ ਪਿਤਾ ਵੱਲੋਂ ਹੀ ਦਿੱਤਾ ਜਾਂਦਾ ਹੈ। ਪਤਨੀ ਦੇ ਰੂਪ ਵਿਚ ਬੱਚੇ ਦੀ ਮਾਂ ਨੂੰ ਬੱਚੇ ਦੇ ਪਿਤਾ ਵੱਲੋਂ ਸਮੇਂ-ਸਮੇਂ ਦਿੱਤਾ ਗਿਆ ਹੁਲਾਰਾ ਅਤੇ ਸਹਾਰਾ ਉਸ ਮਾਂ ਦੀ ਸ਼ਕਤੀ ਅਤੇ ਸਮਰੱਥਾ ਹੋ ਨਿਬੜਦੀ ਹੈ। ਮਾਂ ਇਕ ਉਹ ਗੂੜ੍ਹਾ ਰਿਸ਼ਤਾ ਹੈ ਜਿਸ ਨਾਲ ਅਸੀਂ ਆਪਣੀਆਂ ਸਾਰੀਆਂ ਦੁੱਖ-ਤਕਲੀਫ਼ਾਂ ਸਾਂਝੀਆਂ ਕਰ ਸਕਦੇ ਹਾਂ। ਮਾਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ, ਜੋ ਇਨਸਾਨ ਇਸ ਨੂੰ ਨੁਕਸਾਨ ਪਹੁੰਚਾਉਂਦਾ ਹੈ ਉਹ ਮਨੁੱਖ ਹਮੇਸ਼ਾਂ ਦੁਖੀ ਰਹਿੰਦਾ ਹੈ ਤੇ ਸਾਰੀ ਉਮਰ ਦੁੱਖ ਹੀ ਭੋਗਦਾ ਹੈ। **ਗਰਮੀ 'ਚ ਠੰਢੀਆਂ ਹਵਾਵਾਂ ਕੰਮ ਆਉਂਦੀਆਂ ਹਨ, ਔਖੇ ਵੇਲੇ ਮਾਂ ਦੀਆਂ ਦੁਆਵਾਂ ਕੰਮ ਆਉਂਦੀਆਂ ਹਨ।** ਮਾਂ ਦੀ ਉਂਗਲ ਫੜ ਕੇ ਹੀ ਮਨੁੱਖ ਜ਼ਿੰਦਗੀ ਦੇ ਪਹਿਲੇ ਕਦਮ ਪੁੱਟਦਾ ਹੈ। ਧੀ ਦੀ ਸਭ ਤੋਂ ਨੇੜਲੀ ਸਲਾਹਕਾਰ ਮਾਂ ਹੀ ਹੁੰਦੀ ਹੈ। ਉਸ ਦੀ ਔਲਾਦ ਨੇਕ ਤੇ ਸੁਖੀ ਹੋਵੇ, ਤਰੱਕੀ ਕਰੇ, ਇਸ ਤੋਂ ਇਲਾਵਾ ਮਾਂ ਦੀ ਜ਼ਿੰਦਗੀ ਦਾ ਹੋਰ ਕੋਈ ਮਕਸਦ ਹੀ ਨਹੀਂ ਹੁੰਦਾ। ਦੁਨੀਆਂ ਵਿਚ ਸਿਰਫ਼ ਮਾਂ ਦੀ ਮਮਤਾ ਸੁਆਰਥਹੀਣ ਹੈ। ਪੁੱਤਰ ਭਾਵੇਂ ਬਾਦਸ਼ਾਹ, ਸ਼ਹਿਨਸ਼ਾਹ ਹੋਵੇ, ਪਰ ਮਾਂ ਲਈ ਹਮੇਸ਼ਾ ਬੱਚਾ ਹੀ ਹੁੰਦਾ ਹੈ। ਇਸੇ ਤਰ੍ਹਾਂ ਧੀ ਭਾਵੇਂ ਕਿੱਡੇ ਵੀ ਅਹੁਦੇ 'ਤੇ ਹੋਵੇ, ਮਾਂ ਲਈ ਛੋਟੀ ਜਿਹੀ ਗੁੱਡੀ ਹੁੰਦੀ ਹੈ।

ਮਾਂ ਮਮਤਾ ਦੀ ਮੂਰਤ ਹੁੰਦੀ ਹੈ। ਉਹ ਸਾਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦੀ ਹੈ। ਜਦੋਂ ਬੱਚਾ ਛੋਟਾ ਹੁੰਦਾ ਹੈ, ਤਾਂ ਮਾਂ ਉਸਦੀ ਹਰ ਲੋੜ ਦਾ ਖਿਆਲ ਰੱਖਦੀ ਹੈ। ਉਹ ਸਾਰੀ ਰਾਤ ਜਾਗ ਕੇ ਬੱਚੇ ਨੂੰ ਸੁਲਾਉਂਦੀ ਹੈ ਅਤੇ ਆਪ ਭੁੱਖੀ ਰਹਿ ਕੇ ਵੀ ਬੱਚੇ ਨੂੰ ਖੁਆਉਂਦੀ ਹੈ। ਮਾਂ ਦੀ ਗੋਦ ਬੱਚੇ ਲਈ ਦੁਨੀਆਂ ਦੀ ਸਭ ਤੋਂ ਸੁਰੱਖਿਅਤ ਜਗਾਂ ਹੁੰਦੀ ਹੈ।

ਆਪਣੇ ਬੱਚਿਆਂ ਨੂੰ ਸਹੀ ਸਮੇਂ 'ਤੇ ਸਹੀ ਅਗਵਾਈ ਦੇਣੀ ਅਤੇ ਉਸ ਅਗਵਾਈ ਦੀ ਰੋਸ਼ਨੀ ਵਿੱਚ ਸਹੀ ਨਿਸ਼ਾਨਿਆਂ ਨੂੰ ਮਿਥਣ ਵਿੱਚ ਬੱਚੇ ਦੇ ਪਿਤਾ ਦਾ ਆਪਣਾ ਇੱਕ ਅਹਿਮ ਰੋਲ ਹੁੰਦਾ ਹੈ। ਜਿਹੜਾ ਪਿਤਾ ਆਪਣਾ ਇਹ ਰੋਲ ਸੁਚੱਜੇ ਢੰਗ ਨਾਲ ਨਹੀਂ ਨਿਭਾਉਂਦਾ ਉਹ ਆਪਣੀ ਔਲਾਦ ਦੇ ਪਿਆਰ ਅਤੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ।

ਪਿਓ ਦੀ ਮਮਤਾ ਦਿਖਾਈ ਨਹੀਂ ਦਿੰਦੀ, ਪਰ ਉਹ ਅੰਦਰੋਂ ਬੱਚਿਆਂ ਲਈ ਬਹੁਤ ਪਿਆਰ ਰੱਖਦਾ ਹੈ। ਪਿਓ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਸੁਰੱਖਿਆ ਦਾ ਥੰਮ੍ਹ ਹੁੰਦਾ ਹੈ। ਉਹ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕਰਦਾ ਹੈ। ਪਿਤਾ ਦੀ ਸਖ਼ਤੀ ਪਿੱਛੇ ਵੀ ਬੱਚਿਆਂ ਦਾ ਸੁਨਹਿਰੀ ਭਵਿੱਖ ਹੀ ਲੁਕਿਆ ਹੁੰਦਾ ਹੈ।

ਆਰਥਿਕ-ਸਮਾਜਿਕ ਰੁਤਬਾ ਚਾਹੇ ਕੋਈ ਵੀ ਹੋਵੇ ਹਰੇਕ ਪਿਤਾ ਆਪਣੇ ਬੱਚਿਆਂ ਦਾ ਭਲਾ ਸੋਚਦਾ ਅਤੇ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਔਲਾਦ ਉਸ ਤੋਂ ਵੀ ਚਾਰ ਕਦਮ ਅਗੇਰੇ ਜਾਵੇ। ਉਸ ਦੇ ਬੱਚਿਆਂ ਦੀ ਕਾਮਯਾਬੀ ਵਿਚ ਹੀ ਉਸ ਦੀ ਆਪਣੀ ਕਾਮਯਾਬੀ ਅਤੇ ਖ਼ੁਸ਼ੀ ਛੁਪੀ ਹੁੰਦੀ ਹੈ। ਜੇਕਰ ਬੱਚਿਆਂ ਨੂੰ ਕੋਈ ਤਕਲੀਫ ਹੋਵੇ ਤਾਂ ਪਿਤਾ ਆਪਣਾ ਸਭ ਕੁਝ ਆਪਣੇ ਬੱਚਿਆਂ ਤੋਂ ਵਾਰ ਦਿੰਦਾ ਹੈ। ਆਪਣੇ ਧੀਆਂ-ਪੁੱਤਰਾਂ ਦੀ ਤਰੱਕੀ ਉਸ ਲਈ ਖ਼ੁਸ਼ੀਆਂ-ਖੇੜਿਆਂ ਦਾ ਸਬੱਬ ਬਣਦੀ ਹੈ। ਜਗ 'ਤੇ ਪੁੱਤ ਤਾਂ ਕਪੁੱਤ ਹੁੰਦੇ ਅਕਸਰ ਸੁਣੇ ਜਾਂਦੇ ਹਨ ਪਰ ਕੋਈ ਪਿਤਾ ਕੁਪਿਤਾ ਹੁੰਦਾ ਬਹੁਤ ਹੀ ਘੱਟ ਸੁਣਾਈ/ਦਿਖਾਈ ਦਿੰਦਾ ਹੈ। ਪਿਤਾ ਆਪ ਤਾਂ ਕੰਡਿਆਲੀਆਂ ਰਾਹਾਂ 'ਤੇ ਵੀ ਤੁਰ ਲੈਂਦਾ ਹੈ ਪਰ ਆਪਣੇ ਧੀਆਂ-ਪੁੱਤਰਾਂ ਦੀਆਂ ਰਾਹਾਂ ਵਿਚੋਂ ਹਮੇਸ਼ਾਂ ਕੰਡੇ ਚੁੱਗਦਾ ਰਹਿੰਦਾ ਹੈ। ਉਸ ਦੀ ਕਮਾਈ ਅਤੇ ਭਲਾਈ ਸਦਕਾ ਹੀ ਉਸ ਦੀ ਸੰਤਾਨ ਸਦਾ ਮੌਜ (ਖੁਸ਼ੀ) ਵਿਚ ਰਹਿੰਦੀ ਹੈ।

ਬੱਚਿਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਮਾਂ-ਬਾਪ ਦੇ ਬੁਢਾਪੇ ਦਾ ਸਹਾਰਾ ਬਣਨ। ਜਦੋਂ ਮਾਂ-ਬਾਪ ਬੁੱਢੇ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਸਾਡੇ ਪਿਆਰ ਅਤੇ ਸਹਾਇਤਾ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਸਾਨੂੰ ਉਨ੍ਹਾਂ ਦਾ ਕਦੇ ਵੀ ਦਿਲ ਨਹੀਂ ਦੁਖਾਉਣਾ ਚਾਹੀਦਾ। ਉਨ੍ਹਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨਾ ਹੀ ਸਭ ਤੋਂ ਵੱਡੀ ਇਬਾਦਤ ਹੈ। ਤਾਂਹੀਉਂ ਤਾਂ ਕਿਸੇ ਨੇ ਠੀਕ ਹੀ ਕਿਹਾ ਹੈ:-

ਬਾਪੂ ਜੇ ਕਹਿ ਦੇਵੇ, ਪੁੱਤ ਫਿਕਰ ਨਾ ਕਰ ! ਮੈਂ ਜੋ ਹੈਗਾ।
ਸੱਚੀਂ ਬੰਦਾ, ਉਸ ਵੇਲੇ ਰੱਬ ਨੂੰ ਵੀ ਭੁੱਲ ਜਾਂਦਾ। -0-

ਅੰਧਵਿਸ਼ਵਾਸ ਦਾ ਵਗਦਾ ਦਰਿਆ

ਮਦਨ ਬੰਗੜ ਸੰਪਰਕ: 95015-75511

ਸਭ ਤੋਂ ਵੱਡੀ ਲੋੜ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨ ਦੀ ਹੈ। ਜਦੋਂ ਤੱਕ ਅਸੀਂ ਅੰਧਵਿਸ਼ਵਾਸਾਂ ਦੇ ਇਸ ਹਨੇਰੇ ਜਾਲ ਵਿੱਚੋਂ ਬਾਹਰ ਨਹੀਂ ਨਿਕਲਦੇ, ਸਾਡੀ ਤਰੱਕੀ ਸਿਰਫ਼ ਖ਼ਵਾਬ ਤੱਕ ਹੀ ਸੀਮਤ ਰਹਿ ਜਾਵੇਗੀ। ਯਾਦ ਰੱਖੋ, ਸਮੱਸਿਆਵਾਂ ਦਾ ਹੱਲ ਨਹਿਰਾਂ ਵਿੱਚ ਸੁੱਟੇ ਲਿਫਾਫਿਆਂ ਵਿੱਚ ਨਹੀਂ, ਸਗੋਂ ਸਾਡੀ ਆਪਣੀ ਸੋਚ ਨੂੰ ਬਦਲਣ ਵਿੱਚ ਹੈ।

ਗੜ੍ਹਸ਼ੰਕਰ ਤੋਂ ਆਦਮਪੁਰ ਵੱਲ ਜਾਂਦਿਆਂ ਨਹਿਰ ਦਾ ਕਿਨਾਰਾ ਮੈਨੂੰ ਇੱਕ ਅਜਿਹੇ ਦ੍ਰਿਸ਼ ਦਾ ਗਵਾਹ ਬਣਾ ਗਿਆ ਜੋ ਸਾਡੇ ਆਧੁਨਿਕ ਸਮਾਜ ਦੇ ਚਿਹਰੇ 'ਤੇ ਲੱਗੇ ਅੰਧਵਿਸ਼ਵਾਸ ਦੇ ਦਾਗ਼ ਨੂੰ ਬੇਨਕਾਬ ਕਰਦਾ ਹੈ। ਰਾਹ ਵਿੱਚ ਐਕਟਿਵਾ 'ਤੇ ਸਵਾਰ ਤਿੰਨ ਜਣੇ- ਦੋ ਨੌਜਵਾਨ ਅਤੇ ਇੱਕ ਵੱਡੀ ਉਮਰ ਦੀ ਮਹਿਲਾ ਨਹਿਰ ਦੇ ਪੁਲ ਕੋਲ ਰੁਕੇ। ਉਨ੍ਹਾਂ ਦੇ ਹੱਥਾਂ ਵਿੱਚ ਫੜੇ ਲਿਫਾਫੇ ਅਤੇ ਉਨ੍ਹਾਂ ਦੀਆਂ ਘਬਰਾਹਟ ਭਰੀਆਂ ਨਜ਼ਰਾਂ ਇਹ ਦੱਸਣ ਲਈ ਕਾਫ਼ੀ ਸਨ ਕਿ ਉਹ ਕਿਸੇ ਗ਼ੈਰ-ਕਾਨੂੰਨੀ ਜਾਂ ਅਨੈਤਿਕ ਕੰਮ ਨੂੰ ਅੰਜਾਮ ਦੇਣ ਆਏ ਸਨ।


ਮੈਂ ਤੇ ਮੇਰਾ ਦੋਸਤ ਉਨ੍ਹਾਂ ਨੂੰ ਵੇਖ ਰਹੇ ਸਾਂ। ਜਦੋਂ ਉਹ ਨਹਿਰ ਵਿੱਚ ਕੋਈ ਚੀਜ਼ ਸੁੱਟਣ ਦੀ ਤਿਆਰੀ ਕੀਤੀ ਤਾਂ ਮੈਂ ਆਪਣੇ ਮਿੱਤਰ ਵੱਲੋਂ ਰੋਕਣ ਦੇ ਬਾਵਜੂਦ ਨਾ ਰੁਕਿਆ ਤੇ ਗੱਡੀ 'ਚੋਂ ਉਤਰ ਕੇ ਉਨ੍ਹਾਂ ਕੋਲ ਜਾ ਪਹੁੰਚਿਆ। "ਰੁਕੋ! ਇਹ ਤੁਸੀਂ ਕੀ ਕਰ ਰਹੇ ਹੋ?" ਮੇਰਾ ਸਵਾਲ ਸਿੱਧਾ ਸੀ। ਉਨ੍ਹਾਂ ਦਾ ਜਵਾਬ ਤਿੱਖਾ ਸੀ, "ਤੂੰ ਆਪਣਾ ਕੰਮ ਕਰ, ਸਾਡੇ ਕੰਮ ਵਿੱਚ ਦਖ਼ਲ ਨਾ ਦੇ।"

ਪਰ ਮੈਂ ਜਾਣਦਾ ਸੀ ਕਿ ਗੁੱਸੇ ਨਾਲ ਨਹੀਂ, ਸਗੋਂ ਤਰਕ ਨਾਲ ਹੀ ਅਜਿਹੀ ਸਥਿਤੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਮੈਂ ਆਖਿਆ, ''ਜੇ ਤੁਹਾਡੇ ਇਸ ਟੂਣੇ ਨਾਲ ਮੇਰੀ ਭੂਆ ਮਰ ਗਈ ਫਿਰ ? ਤੁਸੀਂ ਜੋ ਕੁਝ ਨਹਿਰ ਵਿੱਚ ਸੁੱਟ ਰਹੇ ਹੋ, ਇਹ ਪਾਣੀ ਅੱਗੇ ਜਾ ਕੇ ਲੋਕਾਂ ਦੇ ਘਰਾਂ ਵਿੱਚ ਪੀਣ ਲਈ ਵਰਤਿਆ ਜਾਂਦਾ ਹੈ। ਇਹੋ ਪਾਣੀ ਮੇਰੀ ਭੂਆ ਦੇ ਘਰ ਵੀ ਜਾਵੇਗਾ। ਹੁਣ ਇਸ ਨਹਿਰ ਦਾ ਪਾਣੀ ਲੋਕਾਂ ਦੇ ਪੀਣ ਦੇ ਕੰਮ ਆਵੇਗਾ, ਹੁਣ ਇਸ ਵਿੱਚ ਗੰਦ ਨਾ ਸੁੱਟੋ। ਇਹ ਟੂਣਾ ਨਹੀਂ, ਇਹ ਤਾਂ ਤੁਸੀਂ ਸਾਡੀ ਜ਼ਿੰਦਗੀ ਨਾਲ ਖੇਡ ਰਹੇ ਹੋ।"

ਮੇਰਾ ਇਹ ਵਿਅੰਗ ਉਨ੍ਹਾਂ ਦੀ ਸੋਚ ਨੂੰ ਇੱਕ ਵਾਰ ਤਾਂ ਝੰਜੋੜ ਗਿਆ। ਗੱਲਬਾਤ ਦੌਰਾਨ ਉਨ੍ਹਾਂ



ਮੰਨਿਆ ਕਿ ਉਹ ਆਪਣੀ ਧੀ ਦੇ ਕੈਨੇਡਾ ਜਾਣ ਦੀ ਅਰਜ਼ੀ ਸਫਲ ਕਰਵਾਉਣ ਲਈ ਕਿਸੇ ਪੰਡਿਤ ਦੇ ਕਹੇ ਅਨੁਸਾਰ ਇਹ ਉਪਰਾਲਾ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਕਾਮਯਾਬੀ ਦਾ ਰਾਹ ਮਿਹਨਤ, ਇਮਾਨਦਾਰੀ ਅਤੇ ਸਹੀ ਦਸਤਾਵੇਜ਼ਾਂ ਰਾਹੀਂ ਪ੍ਰਾਪਤ ਹੁੰਦਾ ਹੈ, ਨਾ ਕਿ ਨਹਿਰਾਂ ਵਿੱਚ ਚੀਜ਼ਾਂ ਸੁੱਟ ਕੇ। ਆਖ਼ਿਰਕਾਰ, ਉਨ੍ਹਾਂ ਨੇ ਉਹ ਲਿਫਾਫੇ ਨਹਿਰ ਵਿੱਚ ਸੁੱਟਣ ਦਾ ਇਰਾਦਾ ਤਿਆਗ ਦਿੱਤਾ ਅਤੇ ਵਾਪਸ ਮੁੜ ਗਏ। ਪਰ ਇਹ ਘਟਨਾ ਇੱਕ ਵੱਡੇ ਸਵਾਲ ਨੂੰ ਜਨਮ ਦਿੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ? ਹਰ ਰੋਜ਼ ਨਹਿਰਾਂ, ਦਰਿਆਵਾਂ ਅਤੇ ਜਨਤਕ ਸਥਾਨਾਂ 'ਤੇ ਅਜਿਹੀਆਂ ਗਤੀਵਿਧੀਆਂ



ਰਾਹੀਂ ਪਾਣੀ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਇਹ ਪ੍ਰਦੂਸ਼ਣ ਸੋਚ ਦਾ ਵੀ ਹੈ। ਲੋਕ ਮਾਨਸਿਕ ਤੌਰ 'ਤੇ ਡਰੇ ਹੋਏ ਹਨ, ਜਿਨ੍ਹਾਂ ਦਾ ਫਾਇਦਾ ਕੁਝ ਲੋਕ-ਵਿਰੋਧੀ ਤਾਕਤਾਂ ਅੰਧਵਿਸ਼ਵਾਸ ਫੈਲਾ ਕੇ ਉਠਾ ਰਹੀਆਂ ਹਨ।

ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। 'ਡਰੱਗਜ਼ ਐਂਡ ਮੈਜਿਕ ਰੈਮਡੀਜ਼ ਐਕਟ 1954' ਅਤੇ 'ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994' ਵਰਗੇ ਕਾਨੂੰਨ ਸਿਰਫ਼ ਕਾਗਜ਼ਾਂ ਤੱਕ ਸੀਮਤ ਨਹੀਂ ਰਹਿਣੇ ਚਾਹੀਦੇ। ਅਜਿਹੇ ਕਰਮ ਕਾਂਡਾਂ ਨਾਲ ਲਾਭ ਹੋਣ ਦੇ ਝੂਠੇ ਦਾਅਵੇ ਕਰਨ ਵਾਲੇ ਪਾਖੰਡੀਆਂ 'ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਸਭ ਤੋਂ ਵੱਡੀ ਲੋੜ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨ ਦੀ ਹੈ। ਜਦੋਂ ਤੱਕ ਅਸੀਂ ਅੰਧਵਿਸ਼ਵਾਸਾਂ ਦੇ ਇਸ ਹਨੇਰੇ ਜਾਲ ਵਿੱਚੋਂ ਬਾਹਰ ਨਹੀਂ ਨਿਕਲਦੇ, ਸਾਡੀ ਤਰੱਕੀ ਸਿਰਫ਼ ਖ਼ਵਾਬ ਤੱਕ ਹੀ ਸੀਮਤ ਰਹਿ ਜਾਵੇਗੀ। ਯਾਦ ਰੱਖੋ, ਸਮੱਸਿਆਵਾਂ ਦਾ ਹੱਲ ਨਹਿਰਾਂ ਵਿੱਚ ਸੁੱਟੇ ਲਿਫਾਫਿਆਂ ਵਿੱਚ ਨਹੀਂ, ਸਗੋਂ ਸਾਡੀ ਆਪਣੀ ਸੋਚ ਨੂੰ ਬਦਲਣ ਵਿੱਚ ਹੈ।

ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਈਮਾਨਦਾਰੀ ਨਾ ਛੱਡੋ

ਸਵੇਟ ਮਾਰਡਨ

ਈਮਾਨਦਾਰੀ ਦਾ ਦਾਮਨ ਨਾ ਛੱਡੋ, ਬੇਸ਼ੱਕ ਕੁੱਝ ਵੀ ਅੜਚਣਾਂ ਆਉਣ, ਆਪਣੇ ਸੱਚ ਦੇ ਰਸਤੇ ਤੇ ਅੜੇ ਰਹੋ, ਜਿੱਤ ਤੁਹਾਡੀ ਹੀ ਹੋਵੇਗੀ। ਜ਼ਰੂਰਤ ਇਸ ਗੱਲ ਦੀ ਹੈ ਕਿ ਤੁਸੀਂ ਆਪਣੇ ਮਾਰਗ ਉੱਤੇ ਦ੍ਰਿੜ੍ਹ ਨਿਸ਼ਚੇ ਨਾਲ ਚੱਲਦੇ ਰਹੋ। ਈਮਾਨਦਾਰ ਰਹਿੰਦੇ ਹੋਏ, ਉਚਾਈਆਂ ਉਤੇ ਪਹੁੰਚਣ ਦਾ ਦ੍ਰਿੜ੍ਹ ਸੰਕਲਪ ਤੁਸੀਂ ਕਰ ਲਵੋ। ਆਤਮ ਵਿਸ਼ਵਾਸ ਦੇ ਨਾਲ ਅੱਗੇ ਵਧਦੇ ਰਹੋ, ਕੋਈ ਕਾਰਨ ਨਹੀਂ ਕਿ ਤੁਸੀਂ ਉੱਨਤੀ ਨਾ ਕਰੋ। ਤੁਸੀਂ ਉਨ੍ਹਾਂ ਸੈਂਕੜੇ ਹਜ਼ਾਰਾਂ ਨਾਲੋਂ ਚੰਗੇ ਰਹੋਗੇ ਜੋ ਰਾਤ ਦਿਨ ਬੇਈਮਾਨੀ ਕਰਕੇ ਧਨ ਕਮਾਉਂਦੇ ਹਨ। ਤੁਹਾਡਾ ਧਨ ਮਿਹਨਤ ਦਾ ਕਮਾਇਆ ਹੋਇਆ ਧਨ ਹੋਵੇਗਾ। ਉਸ ਨੂੰ ਤੁਸੀਂ ਕਦੇ ਨਹੀਂ ਗੁਆਓਗੇ। ਜਦ ਕਿ ਬੇਈਮਾਨੀ ਨਾਲ ਕਮਾਇਆ ਹੋਇਆ ਧਨ ਸ਼ਰਾਬ, ਅਯਾਸ਼ੀ ਅਤੇ ਜੂਏ ਵਿੱਚ ਜਾ ਸਕਦਾ ਹੈ, ਲੁੱਟ ਸਕਦਾ ਹੈ, ਔਲਾਦ ਉਸ ਨੂੰ ਉਡਾ ਸਕਦੀ ਹੈ। ਤੁਹਾਡੀ ਸੰਤਾਨ ਦੀ ਪਰਵਰਿਸ਼ ਵਿੱਚ ਨੇਕ ਕਮਾਈ ਖਰਚ ਹੋਈ ਹੈ ਤਾਂ ਯੋਗ ਬਣ ਜਾਵੇਗੀ।

ਈਮਾਨਦਾਰੀ ਅਤੇ ਸੱਚ ਵਿੱਚ ਨਿਸ਼ਠਾ ਐਸੀਆਂ ਚੀਜ਼ਾਂ ਹਨ, ਜਿਨ੍ਹਾਂ ਦਾ ਅਸਰ ਪਏ ਬਿਨਾਂ ਨਹੀਂ ਰਹਿ ਸਕਦਾ। ਈਮਾਨਦਾਰ ਅਤੇ ਸੱਚੇ ਵਿਅਕਤੀ ਦੇ ਜਸ ਦੀ ਖੁਸ਼ਬੂ ਚਾਰੇ ਪਾਸੇ ਫੈਲਦੀ ਹੈ।

ਜੇ ਲੋਕ ਵਪਾਰ ਵਿੱਚ ਈਮਾਨਦਾਰ ਰਹਿੰਦੇ ਹਨ, ਬੇਸ਼ੱਕ ਹੀ ਉਹ ਦੇਰ ਨਾਲ ਅਮੀਰ ਹੋਣ, ਹੁੰਦੇ ਜ਼ਰੂਰ ਹਨ ਅਤੇ ਉਨ੍ਹਾਂ ਨੂੰ ਧਨ ਦੇ ਨਾਲ ਜਸ ਵੀ ਮਿਲਦਾ ਹੈ। ਜਦ ਕਿ ਬੇਈਮਾਨ ਖੂਬ ਧਨ ਕਮਾਉਣ ਤੇ ਵੀ ਜਸ ਨਹੀਂ ਕਮਾ ਸਕਦਾ।

ਸੱਚ ਬੋਲਣ ਵਾਲੇ ਹੀ ਅੰਤ ਵਿੱਚ ਸਫਲਤਾ ਦਾ ਮੁੱਖ ਦੇਖਦੇ ਹਨ। ਝੂਠ ਬੋਲ ਕੇ ਕੋਈ ਸਫਲਤਾ ਪਾ ਵੀ ਲੈਂਦਾ ਹੈ ਤਾਂ ਉਹ ਸਫਲਤਾ ਅਸਥਾਈ ਹੁੰਦੀ ਹੈ। ਉਹ ਸਦਾ ਸੁਖੀ ਨਹੀਂ ਰਹਿ ਸਕਦਾ। ਸਥਾਈ ਸੁੱਖ, ਸ਼ਾਂਤੀ ਅਤੇ ਧਨ ਪਾਉਣ ਵਿੱਚ ਈਮਾਨਦਾਰ ਹੀ ਸਫਲ ਹੁੰਦਾ ਹੈ। ਝੂਠ ਬੋਲਣ ਵਾਲੇ ਅਤੇ ਬੇਈਮਾਨੀ ਕਰਨ ਵਾਲੇ ਲੋਕ ਕੁੱਝ ਦਿਨਾਂ ਤੱਕ ਤਾਂ ਮੌਜ ਵਿੱਚ ਰਹਿੰਦੇ ਹਨ, ਲਾਭ ਵਿੱਚ ਰਹਿੰਦੇ ਹਨ, ਧਨ ਬਟੋਰ ਲੈਂਦੇ ਹਨ ਪ੍ਰੰਤੂ ਜਲਦੀ ਹੀ ਉਨ੍ਹਾਂ ਦੀ ਸਾਖ ਗਿਰ ਜਾਂਦੀ ਹੈ, ਵਪਾਰ ਠੱਪ ਹੋਣ ਲੱਗਦਾ ਹੈ ਅਤੇ ਅੰਤ ਵਿੱਚ ਚੌਪਟ ਹੋ ਜਾਂਦਾ ਹੈ।

ਈਮਾਨਦਾਰੀ ਦੀ ਬੇੜੀ ਕਦੇ ਨਹੀਂ ਡੁੱਬਦੀ। ਦੇਰ ਸਵੇਰ ਪਾਰ ਜ਼ਰੂਰ ਲੱਗ ਜਾਂਦੀ ਹੈ। ਹਮੇਸ਼ਾਂ ਸੱਤ-ਨਿਸ਼ਠ ਰਹਿਣ ਵਾਲੇ ਵਿਅਕਤੀ ਦੇ ਚਿਹਰੇ ਤੇ ਇੱਕ ਅਦਭੁੱਤ ਤੇਜ ਹੁੰਦਾ ਹੈ। ਸੱਤਯਵਾਦੀ ਦੇ ਤੇਜ ਦੇ ਸਾਹਮਣੇ ਵੱਡੇ ਤੋਂ ਵੱਡਾ ਕਰੂਰ ਵਿਅਕਤੀ ਵੀ ਝੁਕ ਜਾਂਦਾ ਹੈ।

ਇੱਕ ਵਾਰ ਇੱਕ ਕਾਫਲਾ ਕਿਤੇ ਜਾ ਰਿਹਾ ਸੀ। ਉਸ ਕਾਫਲੇ ਵਿੱਚ ਇੱਕ ਬਾਲਕ ਸੀ ਜਿਸ ਦਾ ਨਾਂ ਸੀ-ਅਬਦੁਲ ਕਾਦਿਰ। ਚਲਦੇ-ਚਲਦੇ ਕਿਤੇ ਰਸਤੇ ਵਿੱਚ ਉਸ ਕਾਫਲੇ ਨੂੰ ਲੁਟੇਰਿਆਂ ਨੇ



ਘੇਰ ਲਿਆ। ਲੁਟੇਰੇ ਸਭ ਦੀ ਤਲਾਸ਼ੀ ਲੈ ਰਹੇ ਸਨ- ਖੋਹ ਰਹੇ ਸਨ- ਲੁੱਟ ਰਹੇ ਸਨ । ਇੱਕ ਡਾਕੂ ਨੇ ਅਬਦੁਲ ਕਾਦਿਰ ਨੂੰ ਪੁੱਛਿਆ_"ਤੇਰੇ ਕੋਲ ਤਾਂ ਕੁਝ ਨਹੀਂ ਹੈ ਓਏ।"

"ਕਿਉਂ ਨਹੀਂ ਹੈ? ਮੇਰੇ ਕੋਲ ਚਾਲੀ ਦੀਨਾਰ ਹਨ।" ਲੜਕੇ ਨੇ ਕਿਹਾ।

"ਕਿੱਥੇ ਨੇ?"

"ਮੇਰੀ ਸਦਰੀ ਵਿੱਚ।"

"ਕਿੱਧਰ।"

"ਅੰਦਰ ਸੀਅ ਰੱਖੀ ਹੈ ਮੇਰੀ ਮਾਂ ਨੇ।"

ਦੂਸਰਾ ਡਾਕੂ ਕੋਲ ਆ ਗਿਆ।

ਦੋਹਾਂ ਨੂੰ ਉਸ ਨੇ ਇਹੀ ਗੱਲ, ਇਸੇ ਪ੍ਰਕਾਰ ਦੱਸੀ।

ਡਾਕੂਆਂ ਦਾ ਸਰਦਾਰ ਵੀ ਉਨ੍ਹਾਂ ਦੇ ਕੋਲ ਆ ਗਿਆ। ਲੜਕੇ ਨੇ ਫੇਰ ਵੀ ਇਹੀ ਕਿਹਾ।

ਸਰਦਾਰ ਨੇ ਆਪਣੇ ਸਾਥੀਆਂ ਨੂੰ ਹੁਕਮ ਦਿੱਤਾ ਕਿ ਬਾਲਕ ਦੀ ਸਦਰੀ ਪਾੜ ਕੇ ਦੀਨਾਰ ਕੱਢ ਕੇ ਦੇਖੋ ਇਹ ਸੱਚ ਬੋਲਦਾ ਹੈ ਜਾਂ ਝੂਠ।

ਸਦਰੀ ਪਾੜ ਦਿੱਤੀ ਗਈ।

ਚਾਲੀ ਦੀਨਾਰਾਂ ਨਿਕਲੀਆਂ।

ਡਾਕੂ ਸਰਦਾਰ ਹੈਰਾਨੀ ਨਾਲ ਬਾਲਕ ਦਾ ਮੂੰਹ ਦੇਖਣ ਲੱਗਾ। ਉਸ ਨੇ ਬਾਲਕ ਨੂੰ ਪੁੱਛਿਆ- "ਤੂੰ ਸਾਨੂੰ ਕਿਉਂ ਦੱਸਿਆ ਸੀ ਕਿ ਤੇਰੇ ਕੋਲ ਚਾਲੀ ਦੀਨਾਰਾਂ ਹਨ? ਤੂੰ ਝੂਠ ਬੋਲ ਕੇ ਇਨ੍ਹਾਂ ਨੂੰ ਬਚਾ ਵੀ ਸਕਦਾ ਸੀ।"

"ਜੀ ਨਹੀਂ।" ਬਾਲਕ ਨੇ ਕਿਹਾ- "ਮੇਰੀ ਮਾਂ ਨੇ ਚਲਦੇ ਸਮੇਂ ਕਿਹਾ ਸੀ ਕਿ ਮੈਂ ਕਿਸੇ ਵੀ ਹਲਾਤ ਵਿਚ ਝੂਠ ਨਾ ਬੋਲਾਂ। ਮੈਂ ਆਪਣੀ ਮਾਂ ਦੀ ਆਗਿਆ ਨੂੰ ਨਹੀਂ ਟਾਲ ਸਕਦਾ।"

ਡਾਕੂ ਸਰਦਾਰ ਬਾਲਕ ਦਾ ਮੁੱਖ ਦੇਖਦਾ ਰਹਿ ਗਿਆ। ਉਹ ਲੱਜਿਤ ਹੋ ਗਿਆ। ਉਸ ਨੇ ਕਿਹਾ- "ਸੱਚਮੁੱਚ ਤੂੰ ਬੜਾ ਮਹਾਨ ਹੈਂ ਬਾਲਕ। ਆਪਣੀ ਮਾਂ ਦੀ ਆਗਿਆ ਦਾ ਤੈਨੂੰ ਇੰਨਾ ਧਿਆਨ ਹੈ, ਜਦ ਕਿ ਮੈਂ ਖੁਦਾ ਦੇ ਹੁਕਮ ਨੂੰ ਭੁਲਾ ਬੈਠਾ ਹਾਂ, ਖੁਦਾ ਦੀਆਂ ਹਦਾਇਤਾਂ ਭੁੱਲ ਗਿਆ ਹਾਂ। ਤੂੰ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ।"

ਅਤੇ ਉਸ ਬਾਲਕ ਨੇ ਉਸ ਡਾਕੂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਸੇ ਦਿਨ ਤੋਂ ਉਸ ਨੇ ਡਾਕੇ ਅਤੇ ਲੁੱਟ ਛੱਡ ਦਿੱਤੀ ਅਤੇ ਇੱਕ ਚੰਗਾ ਆਦਮੀ ਬਣ ਗਿਆ। ਉਸ ਨੇ ਬਾਲਕ ਤੋਂ ਹੀ ਪ੍ਰੇਰਣਾ ਗ੍ਰਹਿਣ ਕੀਤੀ। ਇਹ ਸੱਚ ਦਾ ਪ੍ਰਭਾਵ ਸੀ। ਸੱਚ ਦੀ ਸ਼ਕਤੀ ਸੀ। ਸੱਚ ਦਾ ਤੇਜ ਸੀ। ਅੱਜ ਸੰਸਾਰ ਨੂੰ ਐਸੇ ਈਮਾਨਦਾਰ ਲੋਕਾਂ ਦੀ ਜ਼ਰੂਰਤ ਹੈ, ਜੋ ਕਿਸੇ ਵੀ ਦਸ਼ਾ ਵਿੱਚ ਝੂਠ ਨਾ ਬੋਲਣ, ਮਿਲਾਵਟ ਨਾ ਕਰਨ, ਚੋਰੀ ਨਾ ਕਰਨ, ਵਪਾਰ ਵਿੱਚ ਬੇਈਮਾਨੀ ਨਾ ਕਰਨ।

ਲੋਕ ਜਾਪਾਨ ਦੀਆਂ ਬਣੀਆਂ ਚੀਜ਼ਾਂ ਨੂੰ ਇੰਗਲੈਂਡ ਦੀਆਂ ਅਤੇ ਅਮਰੀਕਾ ਦੀਆਂ ਬਣੀਆਂ ਚੀਜ਼ਾਂ ਨੂੰ ਆਇਰਲੈਂਡ ਦੀਆਂ ਦੱਸ ਕੇ ਵੇਚਦੇ ਹਨ। ਹਰ ਚੀਜ਼ ਵਿੱਚ ਮਿਲਾਵਟ ਕਰ ਦਿੰਦੇ ਹਨ। ਜ਼ਹਿਰ ਖਰੀਦੀਏ ਤਾਂ ਉਸ ਵਿੱਚ ਮਿਲਾਵਟ ਹੁੰਦੀ ਹੈ। ਇਹੀ ਕਾਰਨ ਹੈ ਕਿ ਹੁਣ ਕਿਸੇ ਨੂੰ ਕਿਸੇ ਤੇ ਵਿਸ਼ਵਾਸ ਨਹੀਂ ਰਹਿ ਗਿਆ ਹੈ। ਹਰ ਇੱਕ ਵਿਕਅਤੀ ਹਰ ਇੱਕ ਚੀਜ਼ ਤੇ ਸ਼ੱਕ ਕਰਦਾ ਹੈ। ਜ਼ਿਆਦਾਤਰ ਘੱਟ ਤੋਲਦੇ

ਹਨ। ਬਾਜ਼ਾਰ ਵਿੱਚ ਖਰੀਦੀ ਹੋਈ ਕੋਈ ਚੀਜ਼ ਪੂਰੀ ਨਹੀਂ ਉਤਰਦੀ।

ਕਰਤੱਵ ਦਾ ਧਿਆਨ ਕਿਸੇ ਨੂੰ ਨਹੀਂ ਹੈ। ਸਮਾਜ ਵਿੱਚ ਜਿਨ੍ਹਾਂ ਨੂੰ ਮਹੱਤਵਪੂਰਨ ਸਮਝਿਆ ਜਾਂਦਾ ਹੈ, ਜਿਨ੍ਹਾਂ ਦੇ ਪਿੱਛੇ ਸਾਰਾ ਸਮਾਜ ਚੱਲਦਾ ਹੈ, ਉਹ ਵੀ ਦੇਖਣ ਵਿੱਚ ਕੁੱਝ ਹਨ ਅਤੇ ਅਸਲੀਅਤ ਵਿੱਚ ਕੁੱਝ ਹਨ। ਇਸ ਦਾ ਪ੍ਰਭਾਵ ਸਾਰੇ ਸਮਾਜ ਉੱਤੇ ਬੁਰਾ ਪੈਂਦਾ ਹੈ। ਗੁਣਾਤਮਕ ਰੂਪ ਵਿੱਚ ਬੁਰਾਈ ਵਧਦੀ ਹੈ।

ਰਾਜ ਸੰਭਾਲਣ ਵਾਲਿਆਂ ਵਿੱਚ ਰਿਸ਼ਵਤਖੋਰ ਹਨ, ਝੂਠੀਆਂ ਤਸੱਲੀਆਂ ਦੇ ਕੇ ਠੱਗਣ ਵਾਲੇ ਹਨ, ਭ੍ਰਿਸ਼ਟਾਚਾਰ ਕਰਨ ਵਾਲੇ ਹਨ। ਸਮਾਜ ਵਿੱਚ ਜਾਗਰੂਕ ਪਹਿਰੇਦਾਰ ਬਣਨ ਵਾਲੇ ਲੇਖਕਾਂ, ਕਵੀਆਂ, ਪੱਤਰਕਾਰਾਂ ਅਤੇ ਵਿਚਾਰਕਾਂ ਵਿੱਚ ਅਸ਼ਲੀਲ, ਝੂਠ ਅਤੇ ਸਨਸਨੀਖੇਜ਼ ਕਹਿਣ ਅਤੇ ਲਿਖਣ ਵਾਲੇ ਹਨ।

ਧਰਮ ਇੱਕ ਵਪਾਰ ਬਣ ਗਿਆ ਹੈ। ਜੋ ਵੀ ਹੋਰਾਂ ਲੋਕਾਂ ਤੋਂ ਥੋੜ੍ਹਾ ਉੱਚਾ ਉਠਦਾ ਹੈ, ਉਹੀ ਭਗਵਾਨ ਬਣ ਜਾਂਦਾ ਹੈ। ਫੇਰ ਉਹ ਲੋਕਾਂ ਤੋਂ ਕਟ ਜਾਂਦਾ ਹੈ। ਲੋਕ ਉਸ ਨੂੰ ਪੂਜਦੇ ਹਨ। ਉਹ ਮਨੁੱਖ ਨਹੀਂ ਰਹਿ ਜਾਂਦਾ। ਆਪਣਾ ਅਲੱਗ ਮੱਤ ਜਾਂ ਸੰਪਰਦਾਇ ਚਲਾਉਣ ਲੱਗਦੇ ਹਨ। ਨਤੀਜੇ ਵਜੋਂ ਸਮਾਜ ਖੰਡਿਤ ਹੋਣ ਲੱਗਦਾ ਹੈ, ਵੰਡਿਆ ਜਾਂਦਾ ਹੈ। ਸੰਪਰਦਾਇਕ ਸਦਭਾਵਨਾ ਘਟ ਜਾਂਦੀ ਹੈ, ਝਗੜੇ ਵਧ ਜਾਂਦੇ ਹਨ।

ਕਿਤੇ ਭਾਸ਼ਾ ਦੇ ਨਾਂ ਤੇ ਦੰਗੇ, ਕਿਤੇ ਭਾਸ਼ਾ ਦੇ ਨਾਂ ਤੇ ਝਗੜੇ ਤੇ ਕਿਤੇ ਰੰਗ ਭੇਦ ਦੇ ਕਾਰਨ ਵਿਵਾਦ ਹਨ। ਪੂਰੇ ਸੰਸਾਰ ਵਿਚ ਅਸ਼ਾਂਤੀ ਹੈ। ਕਿਉਂ ਹੈ? ਇਸ ਦਾ ਕਾਰਨ ਕੇਵਲ ਨੈਤਿਕਤਾ, ਈਮਾਨਦਾਰੀ ਅਤੇ ਸੱਚ ਦੀ ਕਮੀ ਹੈ। ਲੋਕਾਂ ਦੀ ਕਰਨੀ ਅਤੇ ਕਹਿਣੀ ਵਿੱਚ ਅੰਤਰ ਹੈ। ਲੋਕ ਝੂਠ ਬੋਲਦੇ ਹਨ। ਬੇਈਮਾਨੀ ਕਰਦੇ ਹਨ। ਛਲ ਕਰਦੇ ਹਨ। ਕਿਉਂ? ਇਹ ਆਪਾਧਾਪੀ ਕਿਉਂ ਮੱਚੀ ਹੈ?

ਜਦੋਂ ਇਸ ਵਿਸ਼ੇ ਤੇ ਸੋਚਦੇ ਹਾਂ ਤਾਂ ਇੱਕ ਇਹੀ ਸਿੱਟਾ ਨਿਕਲਦਾ ਹੈ ਕਿ ਸਭ ਨੂੰ ਜਲਦੀ ਹੈ-ਮਹਾਨ ਬਣਨ, ਅਮੀਰ ਬਣਨ ਜਾਂ ਸਾਰੀਆਂ ਸ਼ਕਤੀਆਂ ਬਟੋਰਨ ਦੀ। ਧੀਰਜ ਨਹੀਂ ਹੈ।

ਅੱਤ ਸਭ ਚੀਜ਼ ਦੀ ਬੁਰੀ ਹੁੰਦੀ ਹੈ। ਜ਼ਿਆਦਾ ਜਲਦੀ ਵੀ ਬੁਰਾਈਆਂ ਦੀ ਜੜ੍ਹ ਹੈ। ਜਲਦੀ ਅਮੀਰ ਬਣਨ ਦੀ ਲਲਕ ਵਿੱਚ ਲੋਕ ਤਸਕਰੀ ਕਰਦੇ ਹਨ, ਵਪਾਰ ਵਿੱਚ ਬੇਈਮਾਨੀ ਕਰਦੇ ਹਨ, ਮਿਲਾਵਟ ਕਰਦੇ ਹਨ, ਧਰਮ ਦੀ ਆੜ ਵਿੱਚ ਠੱਗੀ ਕਰਦੇ ਹਨ। ਅੰਤ ਵਿੱਚ ਉਹ ਮਨੁੱਖਤਾ ਦੇ ਲਈ ਘਾਤਕ ਸਿੱਧ ਹੁੰਦੇ ਹਨ। ਉਹ ਉਹ ਨਹੀਂ ਕਰਦੇ, ਜਿਸ ਦੇ ਲਈ ਧਰਤੀ ਉੱਤੇ ਆਏ ਹਨ।

ਖੁਦ ਵੀ ਆਪਣੇ ਅਸਲੀ ਉਦੇਸ਼ ਨੂੰ ਨਹੀਂ ਪਾਉਂਦੇ। ਕੋਈ ਜੇਲ੍ਹ ਵਿੱਚ ਸੜਦਾ ਹੈ, ਕੋਈ ਗੋਲੀਆਂ ਨਾਲ ਭੁੰਨਦਾ ਹੈ, ਕੋਈ ਰੋਗੀ ਹੋ ਕੇ ਦੁੱਖ ਭੋਗਦਾ ਹੈ ਤੇ ਕੋਈ ਘ੍ਰਿਣਾ ਦਾ ਪਾਤਰ ਬਣਦਾ ਹੈ। ਉਸ ਦੀ ਸੰਤਾਨ ਦੁੱਖ ਭੋਗਦੀ ਹੈ। ਪਾਰ ਉਤਰਦੀ ਹੈ ਨੈਤਿਕਤਾ ਅਤੇ ਈਮਾਨਦਾਰੀ ਦੀ ਬੇੜੀ, ਸੱਚ ਦਾ ਬੇੜਾ।

ਇੱਕ ਵਪਾਰੀ ਦੁਕਾਨ ਤੇ ਬੈਠਾ ਝੂਠ ਬੋਲਦਾ ਹੈ, ਨਕਲੀ ਮਾਲ ਵੇਚਦਾ ਹੈ, ਮਹਿੰਗਾ ਵੇਚਦਾ ਹੈ, ਗਾਹਕਾਂ ਨੂੰ ਲੁੱਟਦਾ ਹੈ। ਦੂਸਰਾ ਸਹੀ ਚੀਜ਼ਾਂ ਸਹੀ ਕੀਮਤ ਤੇ ਵੇਚਦਾ ਹੈ। ਕੋਈ ਲਵੇ ਜਾਂ ਨਾ ਲਵੇ, ਉਹ ਨਕਲੀ ਮਾਲ ਨਹੀਂ ਦਿੰਦਾ, ਮੁਨਾਫ਼ਾ ਵੀ ਜ਼ਿਆਦਾ ਨਹੀਂ ਲੈਂਦਾ। ਨਤੀਜਾ ਇਹ ਹੁੰਦਾ ਹੈ ਕਿ ਜਲਦੀ ਅਮੀਰ ਬਣਨ ਦਾ ਇਛੁੱਕ ਪਹਿਲਾ ਦੁਕਾਨਦਾਰ ਨੁਕਸਾਨ ਵਿੱਚ ਰਹਿੰਦਾ ਹੈ ਅਤੇ ਈਮਾਨਦਾਰ ਲਾਭ ਵਿੱਚ ਰਹਿੰਦਾ ਹੈ।

ਈਮਾਨਦਾਰ ਪ੍ਰਤੀ ਗਾਹਕ ਘੱਟ ਬਚਾਉਣ ਤੇ ਵੀ ਕੁੱਝ ਜ਼ਿਆਦਾ ਹੀ ਕਮਾ ਲੈਂਦਾ ਹੈ, ਕਿਉਂਕਿ ਉਸ ਦੇ ਕੋਲ ਗਾਹਕ ਜ਼ਿਆਦਾ ਆਉਂਦੇ ਹਨ। ਵਾਰ ਵਾਰ ਆਉਂਦੇ ਹਨ। ਲੁਟੇਰੇ ਦੇ ਕੋਲ ਜੋ ਇੱਕ ਵਾਰ ਚਲਾ ਗਿਆ, ਉਹ ਦੁਬਾਰਾ ਨਹੀਂ ਜਾਂਦਾ, ਉਧਾਰ ਲੈ ਗਿਆ ਤਾਂ ਵਾਪਿਸ ਨਹੀਂ ਕਰੇਗਾ। ਕੌਣ ਨਕਲੀ ਚੀਜ਼ ਦੇ ਪੈਸੇ ਦਿੰਦਾ ਹੈ? ਕੌਣ ਬਾਜ਼ਾਰ ਨਾਲੋਂ ਜ਼ਿਆਦਾ ਰੇਟ ਤੇ ਚੀਜ਼ ਲੈਣਾ ਪਸੰਦ ਕਰਦਾ ਹੈ? ਸਾਖ ਇਸੇ ਤਰ੍ਹਾਂ ਗਿਰਦੀ ਹੈ।

ਲੋਕਾਂ ਵਿਚ ਇੱਕ ਆਮ ਧਾਰਨਾ ਬਣ ਗਈ ਹੈ ਕਿ ਇੱਕ ਨੰਬਰ ਵਿੱਚ ਕੋਈ ਅਮੀਰ ਨਹੀਂ ਬਣਦਾ। ਬੇਈਮਾਨ ਅਤੇ ਝੂਠ ਨਾਲ ਲੋਕ ਉਠਦੇ ਹਨ। ਇਹ ਧਾਰਨਾ ਨਿਰਮੂਲ ਹੈ, ਅੱਜ ਤੁਸੀਂ ਜਿਨ੍ਹਾਂ ਨੂੰ ਥੋੜ੍ਹੇ ਜਿਹੇ ਸਮੇਂ ਵਿੱਚ ਕਾਰ ਅਤੇ ਕੋਠੀਆਂ ਵਿੱਚ ਦੇਖਦੇ ਹੋ, ਉਨ੍ਹਾਂ ਵਿੱਚੋਂ ਜੋ ਲੋਕ ਮਿਹਨਤ ਨਾਲ ਨਹੀਂ ਵਧੇ, ਦੋ ਨੰਬਰ ਦੇ ਰਸਤੇ ਰਾਹੀਂ, ਸਮਗਲਿੰਗ ਜਾਂ ਲੁੱਟ ਨਾਲ ਵਧੇ ਹਨ ਕੀ ਉਹ ਸੁਖੀ ਹਨ? ਤੁਸੀਂ ਉਨ੍ਹਾਂ ਦੇ ਅੰਦਰ ਝਾਕ ਕੇ ਦੇਖੋ। ਉਹ ਸੁੱਖ, ਸ਼ਾਂਤੀ ਅਤੇ ਪ੍ਰਸੰਨਤਾ ਤੋਂ ਕੋਹਾਂ ਦੂਰ ਹਨ।

ਧਨ ਕਿਉਂ ਕਮਾਇਆ ਜਾਂਦਾ ਹੈ? ਸੁੱਖ, ਸ਼ਾਂਤੀ ਅਤੇ ਪ੍ਰਸੰਨਤਾ ਪਾਉਣ ਦੇ ਲਈ। ਇਹੀ ਉਨ੍ਹਾਂ ਕੋਲ ਨਹੀਂ ਹੈ। ਦੁਨੀਆਂ ਵਿੱਚ ਨਾਮ ਕਮਾਉਣ ਦੇ ਲਈ ਸਭ ਸੋਚਦੇ ਹਨ। ਧਨ ਦੇ ਨਾਲ ਜਸ ਸਭ ਚਾਹੁੰਦੇ ਹਨ। ਕੀ ਦੋ ਨੰਬਰ ਦੇ ਅਮੀਰਾਂ ਨੂੰ ਜਸ ਮਿਲਦਾ ਹੈ? ਉਹ ਮਸ਼ਹੂਰ ਜਾਂ ਲੋਕਪ੍ਰਿਯ ਹੁੰਦੇ ਹਨ। ਨਹੀਂ ਹੁੰਦੇ, ਉਹ ਬਦਨਾਮ ਹੁੰਦੇ ਹਨ, ਉਨ੍ਹਾਂ ਨੂੰ ਪਿੱਠ ਪਿੱਛੇ ਗਾਲ੍ਹਾਂ ਮਿਲਦੀਆਂ ਹਨ, ਤੁਸੀਂ ਖੁਦ ਉਨ੍ਹਾਂ ਦੇ ਬਾਰੇ ਵਿੱਚ ਸਹੀ ਰਾਇ ਨਹੀਂ ਰੱਖਦੇ। ਫੇਰ ਕੀ ਕਮਾਇਆ ਉਨ੍ਹਾਂ ਨੇ?

ਅਜਿਹੇ ਲੋਕਾਂ ਦਾ ਅੰਤ ਵੀ ਚੰਗਾ ਨਹੀਂ ਹੁੰਦਾ ਹੈ। ਯਾਦ ਰੱਖੋ ਸਦਾ ਅੱਛਾ ਪਰਿਣਾਮ ਈਮਾਨਦਾਰੀ ਦਾ ਨਿਕਲਦਾ ਹੈ। ਮਿਹਨਤ ਨਾਲ ਕਮਾਏ ਧਨ ਨਾਲ ਹੀ ਵਾਸਤਵਿਕ ਸੁੱਖ ਮਿਲਦਾ ਹੈ। ਅਗਲੀਆਂ ਪੀੜ੍ਹੀਆਂ ਯੋਗ ਬਣਦੀਆਂ ਹਨ।

ਇਸ ਲਈ ਮਿੱਤਰੋ! ਈਮਾਨਦਾਰੀ ਦਾ ਦਾਮਨ ਨਾ ਛੱਡੋ, ਬੇਸ਼ੱਕ ਕੁੱਝ ਵੀ ਅੜਚਣਾਂ ਆਉਣ, ਆਪਣੇ ਸੱਚ ਦੇ ਰਸਤੇ ਤੇ ਅੜੇ ਰਹੋ, ਜਿੱਤ ਤੁਹਾਡੀ ਹੀ ਹੋਵੇਗੀ। ਜ਼ਰੂਰਤ ਇਸ ਗੱਲ ਦੀ ਹੈ ਕਿ ਤੁਸੀਂ ਆਪਣੇ ਮਾਰਗ ਉੱਤੇ ਦ੍ਰਿੜ੍ਹ ਨਿਸ਼ਚੇ ਨਾਲ ਚੱਲਦੇ ਰਹੋ। ਈਮਾਨਦਾਰ ਰਹਿੰਦੇ ਹੋਏ, ਉਚਾਈਆਂ ਉਤੇ ਪਹੁੰਚਣ ਦਾ ਦ੍ਰਿੜ੍ਹ ਸੰਕਲਪ ਤੁਸੀਂ ਕਰ ਲਵੋ। ਆਤਮ ਵਿਸ਼ਵਾਸ ਦੇ ਨਾਲ ਅੱਗੇ ਵਧਦੇ ਰਹੋ, ਕੋਈ ਕਾਰਨ ਨਹੀਂ ਕਿ ਤੁਸੀਂ ਉੱਨਤੀ ਨਾ ਕਰੋ। ਤੁਸੀਂ ਉਨ੍ਹਾਂ ਸੈਂਕੜੇ ਹਜ਼ਾਰਾਂ ਨਾਲੋਂ ਚੰਗੇ ਰਹੋਗੇ ਜੋ ਰਾਤ ਦਿਨ ਬੇਈਮਾਨੀ ਕਰਕੇ ਧਨ ਕਮਾਉਂਦੇ ਹਨ। ਤੁਹਾਡਾ ਧਨ ਮਿਹਨਤ ਦਾ ਕਮਾਇਆ ਹੋਇਆ ਧਨ ਹੋਵੇਗਾ। ਉਸ ਨੂੰ ਤੁਸੀਂ ਕਦੇ ਨਹੀਂ ਗੁਆਓਗੇ। ਜਦ ਕਿ ਬੇਈਮਾਨੀ ਨਾਲ ਕਮਾਇਆ ਹੋਇਆ ਧਨ ਸ਼ਰਾਬ, ਅਯਾਸ਼ੀ ਅਤੇ ਜੂਏ ਵਿੱਚ ਜਾ ਸਕਦਾ ਹੈ, ਲੁੱਟ ਸਕਦਾ ਹੈ, ਔਲਾਦ ਉਸ ਨੂੰ ਉਡਾ ਸਕਦੀ ਹੈ। ਤੁਹਾਡੀ ਸੰਤਾਨ ਦੀ ਪਰਵਰਿਸ਼ ਵਿੱਚ ਨੇਕ ਕਮਾਈ ਖਰਚ ਹੋਈ ਹੈ ਤਾਂ ਯੋਗ ਬਣ ਜਾਵੇਗੀ।

ਈਮਾਨਦਾਰ ਨੂੰ ਧੀਰਜ ਦੀ ਜ਼ਰੂਰਤ ਹੈ। ਕਦੇ ਉਹ ਬੇਈਮਾਨਾਂ ਨੂੰ ਉੱਨਤੀ ਕਰਦੇ ਦੇਖ ਵਿਚਲਿਤ ਹੋਣ ਲਗਦਾ ਹੈ, ਜੋ ਅਨੁਚਿਤ ਹੈ। ਨਹੀਂ, ਤੁਸੀਂ ਧੀਰਜ ਨਾ ਖੋਵੋ, ਆਪਣੀ ਈਮਾਨਦਾਰੀ ਨੂੰ ਨਾ ਛੱਡੋ। ਨਤੀਜਾ ਦੇਰ ਨਾਲ ਸਹੀ, ਅੱਛਾ ਰਹੇਗਾ, ਸੁਖਦ ਰਹੇਗਾ। ਤੁਸੀਂ ਆਪਣੀ ਮੰਜ਼ਿਲ ਨੂੰ ਅਵੱਸ਼ ਪਾ ਲਵੋਗੇ।

-0-

ਕਾਵਿ ਕਿਆਰੀ

ਧੀਆਂ ਦੀ ਪੁਸ਼ਾਕ

ਗਿ: ਕੇਵਲ ਸਿੰਘ 95920-93472

ਧੀਆਂ ਦੀ ਪੁਸ਼ਾਕ ਬਦਲ ਗਈ ਪੰਜਾਬੀ ਵਿਰਸਾ ਗਵਾ ਲਿਆ ਚਾਈਂ।
ਮਾਪੇ ਮਜ਼ਬੂਰ ਹੋ ਗਏ ਰੋਕਣ ਟੋਕਣ ਵਾਲੀ ਹੈ ਅਕਲ ਗਵਾਈ।
ਘਰ ਬਾਹਰ ਇਕ ਹੋ ਗਈ ਨਹੀਂ ਦੇ ਰਿਹਾ ਕੋਈ ਦੁਹਾਈ।
ਪੱਛਮ ਵਾਲੇ ਛਾ ਗਏ ਨੇ ਪੰਜਾਬੀ ਵਿਰਸਾ ਹੋਇਆ ਛਾਈ ਮਾਂਈਂ।
ਸਕੂਲ ਸਾਰੇ ਵਹਿਣ ਵਗ ਗਏ
ਐਸੀ ਹਵਾ ਪੱਛਮ ਵਿਚੋਂ ਆਈ।
ਵਾਪਾਰੀਆਂ ਸ਼ਰਮ ਲਾਹ ਕੇ
ਪੁਸ਼ਾਕ ਪੱਛਮ ਵਾਲੀ ਹੈ ਪਵਾਈ।
ਸੁਆਣੀਆਂ ਪੁਰਾਣੀਆਂ ਬਿਰਧ ਹੋ ਗਈਆਂ ਜਿਨ੍ਹਾਂ ਪੁਸ਼ਾਕ ਪੰਜਾਬੀ ਹੰਢਾਈ।
ਦੁਪੱਟਾ ਇੱਜ਼ਤ ਸੀ ਧੀਆਂ ਦੇ ਸਿਰ 'ਤੇ ਅੱਜ ਉਸ ਹੈ ਸ਼ਕਲ ਲੁਕਾਈ।
ਮਾਵਾਂ ਸੱਸਾਂ ਇਕ ਹੋਈਆਂ
ਸ਼ਕਲ ਆਪਣੀ ਪੰਜਾਬੀ ਲੁਕਾਈ।
ਪੁਸ਼ਾਕ ਖ਼ੁਰਾਕ ਸਾਡੀ ਤਾਸੀਰ ਦੱਸਦੇ ਝਾਕ ਇਨ੍ਹਾਂ ਵੱਲੋਂ ਆਪਣੀ ਮੁਕਾਈ।
ਪਿੰਡ ਭਾਵੇਂ ਸ਼ਹਿਰ ਘੁੰਮ ਲਓ
ਨੰਗੇ ਧੀ ਦੇਂਦੀ ਹੈ ਦਿਖਾਈ।
ਟਾਂਵੇਂ ਟਾਂਵੇਂ ਰਹਿ ਗਏ ਨੇ
ਜੋ ਰੱਖਣ ਵਿਰਸੇ ਨਾਲ ਰਸਾਈ।
ਕੁਝ ਰੰਗ ਪਰਦੇਸੀ ਕਬੂਲਦੇ ਪੁਸ਼ਾਕ ਪੰਜਾਬੀਆਂ ਦੀ ਉਨ੍ਹਾਂ ਨੇ ਹੈ ਪਾਈ।
ਪੱਥਰ ਚੱਟ ਸ਼ਾਇਦ ਪਰਤ ਆਂਵਾਂਗੇ ਮੱਛੀ ਵਾਂਗ ਦੇ ਕੇ ਦੁਹਾਈ।
ਕਦੇ ਨਾ ਕਦੇ ਅੱਖ ਖੁੱਲ੍ਹੇਗੀ
ਗਲਤੀ ਮਨ ਵਿਚ ਦੇਊਗੀ ਦੁਹਾਈ।
ਪੁਸ਼ਾਕ ਵਰਗਾ ਮਾਣ ਨਹੀਂ ਲੱਭਣਾ ਸਾਂਭ ਲਈਏ ਮਨ ਮਾਰਕੇ।
ਨਕਲ ਕਿਸੇ ਦੀ ਅਸਲ ਨਹੀਂ ਹੋਣੀ ਛੱਡ ਦੇਈਏ ਠੋਕਰ ਮਾਰ ਕੇ।
ਵਿਰਸਾ ਆਪਣਾ ਆਪਣਾ ਹੀ ਹੋਵਣਾ ਜੀਊ ਲਈਏ ਬੇਗਾਨਾ ਵਿਸਾਰ ਕੇ।
ਬੈਠਣ ਉੱਠਣ ਆਪਣਾ ਇੱਜ਼ਤਦਾਰ ਹੈ ਰੱਖ ਲਈਏ ਮਨ ਧਾਰ ਕੇ।
ਨਸਲਾਂ ਆਪਣੀਆਂ ਨੂੰ ਪਰੋਸੀਏ ਜ਼ਰੂਰੀ ਪੁਸ਼ਾਕ ਪੰਜਾਬੀ ਮਨ ਧਾਰ ਕੇ।

-0-

ਮਾਂਵਾਂ ਨਹੀਂ ਥੱਕਦੀਆਂ

-ਗੁਰਭਜਨ ਗਿੱਲ

ਮਾਵਾਂ ਨਹੀਂ ਥੱਕਦੀਆਂ,
ਕੰਮ ਨਾਲ,
ਰੋਟੀ ਪਕਾਉਂਦੀਆਂ,
ਲੀੜੇ ਧੋਂਦੀਆਂ, ਨਿਚੋੜਦੀਆਂ।

ਸਿਆਲੂ ਕੱਪੜੇ ਟਰੰਕਾਂ 'ਚੋਂ ਕੱਢਦੀਆਂ,
ਗਰਮੀਆਂ ਆਉਣ ਤੇ ਸਾਂਭਦੀਆਂ,
ਸਮੇਟਦੀਆਂ ਪੇਕਿਆਂ ਸਹੁਰਿਆਂ ਦੇ,
ਸ਼ਿਕਵੇ ਗਿਲੇ ਗੁਜ਼ਾਰੀਆਂ।

ਰਾਤ ਨੂੰ ਪੜ੍ਹਦੇ,
ਪੁੱਤਰ ਧੀਆਂ ਦੇ ਨਾਲ ਨਾਲ,
ਬੈਠੀਆਂ ਬੈਠੀਆਂ ਸਵੈਟਰ ਬੁਣਦੀਆਂ।
ਚਾਵਾਂ 'ਚ ਸਾਹਾਂ ਦੇ ਕੁੰਡੇ ਪਾਉਂਦੀਆਂ।
ਇੱਕ ਸਿੱਧਾ ਦੋ ਪੁੱਠੇ,
ਨਿੱਘ ਵਰਤਾਉਂਦੀਆਂ।

ਬੱਚਿਆਂ 'ਚ ਘੁਲ ਜਾਂਦੀਆਂ ਹਨ ਮਾਵਾਂ।
ਸਵੇਰ ਤੋਂ ਸ਼ਾਮ ਤੀਕ ਟੁੱਟ ਮਰਦੀਆਂ।
ਆਪਣੇ ਲਈ,
ਇੱਕ ਪਲ ਨਹੀਂ ਬਚਾਉਂਦੀਆਂ।
ਭਲੇ ਦਿਨਾਂ ਦੀ ਉਡੀਕ 'ਚ,
ਸਾਰੀ ਉਮਰ ਲੰਘਾਉਂਦੀਆਂ।
ਮਾਵਾਂ ਨਹੀਂ ਥੱਕਦੀਆਂ।
ਲੰਮੀ ਹੇਕ ਦੇ ਗੀਤਾਂ ਵਿੱਚ,
ਪਿਰ ਪਰਦੇਸ ਗਏ ਨੂੰ ਚਿਤਵਦੀਆਂ।

ਧੁੰਏਂ ਦੇ ਪੱਜ ਰੋਂਦੀਆਂ,
ਵਿੱਚੇ ਵਿੱਚ ਗਾਉਂਦੀਆਂ।
ਰੇਲ ਗੱਡੀ ਨੂੰ,
ਟੁੱਟ ਜਾਣ ਦਾ ਸਰਾਪ ਦੇਂਦੀਆਂ।
ਬਸਰੇ ਦੀ ਲਾਮ ਟੁੱਟਣ ਤੇ,
ਰੰਡੀਓਂ ਸੁਹਾਗਣ ਹੋਣ ਦਾ,
ਸੁਪਨ ਪਾਲਦੀਆਂ।
ਮਾਵਾਂ ਨਹੀਂ ਥੱਕਦੀਆਂ।

ਗਲੀ ਗਲੀ ਫਿਰਦੇ ਵਣਜਾਰੇ ਤੋਂ
ਚੂੜੀਆਂ ਦਾ ਹੋਕਾ ਸੁਣ ਕੇ ਕੋਲ
ਬੁਲਾਉਂਦੀਆਂ।
ਭੀੜੀ ਵੰਗ ਬਚਾ ਕੇ ਚਾੜ੍ਹੀਂ,
ਦਾ ਸੁਖ਼ਨ ਅਲਾਉਂਦੀਆਂ।
ਮਾਵਾਂ ਕਦੇ ਨਹੀਂ ਥੱਕਦੀਆਂ।

ਪੈਲੀਆਂ 'ਚ ਵਾਹੇ ਸਿਆੜਾਂ 'ਚ,
ਸੁਪਨੇ ਬੀਜਦੇ ਹਾਲੀ ਦੀ,
ਮਗਰੋਂ ਰੋਟੀ ਲੈ ਕੇ ਜਾਂਦੀਆਂ।
ਮੱਕੀ ਡੁੰਗਦੀਆਂ ਪੱਠੇ ਵੱਢਦੀਆਂ।
ਚੁੱਕਦੀਆਂ ਚੁਕਾਉਂਦੀਆਂ ਕੁਤਰਦੀਆਂ,
ਤੇ ਤੂੜੀ ਦਾ ਗੁਤਾਵਾ ਕਰਦੀਆਂ,
ਖੁਰਲੀ 'ਚ ਲਵੇਰਿਆਂ ਨੂੰ ਪਾਉਂਦੀਆਂ।
ਮਾਵਾਂ ਕਦੇ ਨਹੀਂ ਥੱਕਦੀਆਂ।

ਮਾਵਾਂ ਉਦੋਂ ਥੱਕ ਹਾਰ ਜਾਂਦੀਆਂ ਹਨ
ਜਦ ਪੁੱਤਰ ਦੀ ਜੇਬ 'ਚੋਂ
ਅਵੱਲੀ ਜੇਹੀ ਕੋਈ ਪੁੜੀ ਦੇਖਦੀਆਂ।
ਬਟੂਏ 'ਚ ਲੁਕਾਈ ਕੋਈ
ਕਾਲੀ ਕਰਤੂਤ ਵੇਖਦੀਆਂ।
ਥੱਕ ਜਾਂਦੀਆਂ ਹਨ ਮਾਵਾਂ।

ਸ਼ਰਾਬੀ ਪਤੀ ਲਈ ਗੰਢੇ ਚੀਰਦੀਆਂ,
ਅੱਧੀ ਰਾਤ ਤੀਕ ਘਰ ਬੈਠੇ ਟੋਲੇ ਦੀ,
ਹਿੜ ਹਿੜ ਸੁਣਦੀਆਂ।
ਥੱਕ ਜਾਂਦੀਆਂ ਹਨ ਮਾਵਾਂ।

ਭਲੇ ਦਿਨਾਂ ਦੀ ਆਸ 'ਚ,
ਰੁਜ਼ਗਾਰ ਲੈਣ ਗਏ ਪੁੱਤਰ ਦੇ,
ਖ਼ਾਲੀ ਮੁੜਨ ਤੇ ਵੀ ਨਹੀਂ।
ਆਸ ਦੀ ਢੇਰੀ ਢਾਹ ਕੇ ਬਹਿਣ ਨਾਲ,
ਮਾਵਾਂ ਥੱਕ ਜਾਂਦੀਆਂ ਹਨ।

ਪੁੱਤਰ, ਪਤੀ, ਪੇਕਿਆਂ ਸਹੁਰਿਆਂ ਦੇ
ਪੁੜਾਂ 'ਚ ਪੀਸ ਕੇ ਵੀ ਜੁੜੀਆਂ ਰਹਿੰਦੀਆਂ।
ਜੋੜੀ ਰੱਖਦੀਆਂ ਟੁੱਟਦੀਆਂ ਨਹੀਂ,
ਅਚਨਚੇਤ,
ਅੰਦਰੇ ਅੰਦਰ ਲੱਗੀ ਸਿਉਕ ਵਾਂਗ,
ਖਾ ਜਾਂਦੇ ਨੇ ਗ਼ਮ।
ਥੱਕਦੀਆਂ ਨਹੀਂ ਮਾਵਾਂ,
ਮੁੱਕ ਜਾਂਦੀਆਂ ਹਨ ਮਾਵਾਂ

-0-

A Successful Life

Gurmat Virsa Bureau

Generally, life means the span between birth and death. All creatures have their life process but the process of life of man, the king of all creatures, is not only related with the starts of heart beat and ending with the breaking of this cycle but more important is how a person lived his life. How much he returned to the society which he gained in his life. Giving /contributing is an important quality of God and the soul of a man being the part of that great soul of God cannot have right to be called good till it does not perform the practice of giving to others/society.

The life of only people can be called successful or purposeful who consider the body and mind as gift of God and must share them with other members of society. But how it is possible? We got in this life good education, good teachings/advice and good brotherhood due to merciful act of God. On having this much we cannot claim to be a successful in life because more important is to share whatever you gained/ achieved. But sharing is not so easy because it is human nature that if someone even comes to our house to give us something, we feel and doubt on him (even if he is God himself) as this man must be having some of his own interest definitely. Someone who wishes to give/contribute to others must possess the following qualities:



Sweet Words: For leading a successful life one must possess sweet, simple and full of emotions words/ speaking. No one likes poor and filthy words or bad Language to listen from others. The inner qualities are experienced later, first comes the words we speak. Of course good and sweet speaking is an external quality of a man and if this sweet speaking is associated with good and spiritual qualities of a man, he definitely is able to impress others. So, it is good to listen others first and speak at the right time keeping the mood of others and time in mind.

Conversation must be full of logic but language being used must be simple, easy, and full of humour. It is easy to share your views with others by quoting your experiences in life. This is the best way to get closer to someone but it is possible only when we have good amount of knowledge of topic being discussed and a logical answer to the plea of opponent. The discussion must be so truthful that you may talk by having direct eye contact. This improves your self confidence and the opponent gets convinced with your plea. Such healthy discussion inspires the opponent to search an opportunity to hold further discussions with you. If you are able to create such situation, it is easy to share your views with others.

Well Mannered Behaviour: According to some scholar- great man eyes on good manners in life. He dies for the values of life. The success of life lies in good manners. Sweet words are first step towards impressing others, at the same time your character and manners always inspire others to follow your footprints. At this climax, words do not speak, what speaks is the way of your dealings, behaviour and manners. Adopting good manners is such a process that makes our movement in the society easy.

If we know how to speak, how to sit and how to stand in presence of others, this leaves a good impression on others. For instance, we are playing and laughing with our friends, suddenly if some aged person joins us, if we immediately stand in his respect and stop laughing, this will leave a very good impression on his mind. If we meet some child on our way and we pet his face with love leaves a good impression on any one seeing / passing through. While travelling in bus or train and if we offer seat to some old person or a lady will inspire others to do so. If we make some efforts for such humanitarian task, it will be part of our habit after some time. While meeting someone with smiling face will definitely leave a good impression on others and they will like you. But if all this is done as false ritual, it will not serve any purpose.

At the time it is also important to maintain our self esteem. Confidence is always associated with self esteem. Thus it is imperative that good manners and discipline must be at the depth of heart and not for showing off the others otherwise we may become a point of laugh instead of doing something good for us and for society. Each act of ours must demonstrate self respect and respect for others and not haughtiness.

Wisdom: Whereas manners and good behaviour demonstrate your habit and way **Continued on page 37**

श्री गुरू तेग बहादर जी की शहीदी तथा उसका परिणाम

यह शहीदी किसी धर्म, किसी देश या किसी धार्मिक चिन्ह के लिए ना होकर केवल और केवल मानव अधिकारों तथा धार्मिक आजादी के लिए संसार की पहली शहीदी थी। क्योंकि कश्मीरी पंडितों ने गुरु साहिब जी के पास फरियाद की कि औरंगजेब हमारे धर्म में जबरदस्ती दखल देकर हमें जबरी मुसलमान बना रहा है, जो के सिखी सिद्धांतों के अनुसार सीधा मानव अधिकारों का उल्लंघन है।

धार्मिक आजादी के लिए अन्याय के विरुद्ध गुरु जी ने अपना बलिदान देकर अपने शरीर रूपी चादर से मानवता के दुखों को ढांप लिया इसीलिए आपको **'धर्म की चादर'** तथा **'सृष्टि की चादर'** कह कर सत्कारा जाता है **'सगल स्रिसटि पै ढापी चादर'**

कश्मीरी पंडितों को धैर्य देखकर विदा करने के पश्चात गुरु तेग बहादुर जी ने दूर–दूर तक प्रचार दौरे किए। भयभीत हुई जनता को धैर्य दिया अपने उपदेशों से उनके अंदर के मृत्यु के भय से मुक्त करने तथा उनमें आत्म विश्वास भरने का जोरदार कार्य किया। उन्हें समझाया कि संसार में जो भी उत्पन्न हुआ है उसने आज नहीं तो कल मृत्यु को प्राप्त होना ही है। इसलिए सभी चिताओं, फिकरों एवं शिकायतों को छोड़कर जीवन देने वाले परमात्मा का धन्यवाद करो।

जो उपजिओ सो बिनसि है परो आजु के काल।।
नानक हरि गुन गाइि ले छाडि सगल जंजाल।।52।।

उनमें साहस भरने के लिए, उन्हें उत्साहित करने के लिए उन्हें प्रेरित किया कि जब जीवन में अपने आप को कमजोर, बंधा हुआ महसूस करें या कोई भी उपाय दिखाई ना दे, तब अंदर बैठे परमात्मा का आश्रय ले, वही आगे बढ़ाने की शक्ति देता है।



मंगत सिंघ राही
 # 98882-91607

बलु छुटकिओ बंधन परे कछू न होत उपाइि।।
कहु नानक अब ओट हरि
गजि जिउ होत सहाइि।।53।।

फिर समझाया के यदि शक्ति भी है, कोई बंधन भी नहीं है तथा सब कुछ आसान हुआ जा रहा है। ऐसे समय में भी परमात्मा का ही ध्यान करें। शुभ कर्मों के लिए वह सहायता करेगा।



बलु होआ बंधन छुटे सभ किछु होत उपाइि।।
नानक सभ किछु तुमरै हाथ मै तुम ही होत सहाइि।।

शहीदी से पहले तीन सिख भाई मती दास जी, भाई सती दास जी तथा भाई दयाला जी तो गुरु जी के साथ ही कैद में थे। परंतु और कई सिख जिनमे भाई जैता जी भाई उदय जी भाई नानू जी भाई गुरु दत्ता जी भाई लखी शाह बंजारा जी उनके शूरवीर बेटे नगाहीया तथा हेमा आज दिल्ली में ऊंचा दिल वाली में भाई कल्याण जी की धर्मशाला में एकत्रित होते तथा फैसला लेते।

शहीदी वाले दिन शाम के लिए यह फैसला किया गया कि किसी भी हालत में गुरु साहब के शरीर की बेअदबी नहीं होने दी जाएगी क्योंकि मुगल सरकार ने यह ऐलान कर दिया था कि गुरु जी के शरीर के चार टुकड़े करके दिल्ली के चारों गेटों पर लटका दिया जाएगा ताकि आम जनता में यह आतंक फैल जाए कि सरकार से टक्कर लेने का, बगावत करने का क्या फल मिल सकता है।

शहीदी वाले दिन बाबा लखी शाह बंजारा का टांडा बैलगाड़ियों का काफिला शाम को नारनौल से वापस आ गया था तथा यमुना नदी के किनारे विश्राम कर रहा था। इससे

पहले आधी रात तक चलती रही विचार में यह फैसला किया गया था कि बाबा लखी शाह का सारा टांडा यमुना किनारे से चांदनी चौक की तरफ लाया जाए, इसके बारे में हुकूमत को शक भी नहीं हो सकता था क्योंकि बाबा लखी शाह बंजारा जी सरकारी ठेकेदार थे। इसके बाद टांडा रकाब गंज वाले स्थान पर पहुंच जाए।

तय की गई योजना के अनुसार भाई नानू जी, जैता जी, ऊदा जी तथा आज्ञाराम जी टांडे के साथ चांदनी चौक पहुंचे। बैल गाड़ियों से फुर्ती के साथ उतरकर भाई नानू जी तथा भाई जैता जी ने अंधेरे का लाभ उठाते हुए गुरु जी का शीश उठा लिया। यह पावन शीश भाई जैता जी ने बड़े आदर के साथ खारे टोकरी में पत्तियां तथा फूल रखकर कपड़ों में लपेटकर आनंदपुर साहब की तरफ चले गए।

नौजवानों की दूसरी टोली में बाबा लखी शाह बंजारा जी के तीन बेटे तथा भाई काहना जी भी शामिल थे। इन्होंने बड़े धैर्य के साथ गुरु जी के पावन शरीर को धरती से उठाकर बैलगाड़ी में रख लिया तथा सारा टांडा रकाबगंज की तरफ मोड़ लिया। वहां जाकर अपने घर को आग लगाकर धड़ का ससकार कर दिया।

शहीदी को लेकर सारे सिख समाज तथा आम जनता में बहुत आक्रोश तथा मुगल साम्राज्य के प्रति नफरत फैल गई। इसी के परिणाम स्वरुप औरंगजेब पर तीन बार जान लेवा हमले किए गए जिनमें वह बाल–बाल बचता रहा।

गुरु गोविंद राय द्वारा सिखों को शस्त्र विद्या देनी, खालसा पंथ की साधना करके सिंह की उपाधि प्रदान करना तथा स्वयं भी गोविंद सिंह बनना, घुड़सवार रखना, रणजीत नगारा बजाकर यह संदेश देना की गुलामी सिखों के लिए नहीं है। खालसा पंथ इतना शक्तिशाली तथा समर्थ हुआ कि बाबा बंदा सिंह बहादुर द्वारा सरकारी तंत्र की नींव हिला कर रख दी। सरदार चढ़त सिंघ, नवाब कपूर सिंघ, सरदार जस्सा सिंह अहलूवालिया सुल्तान उल कौम, सरदार जस्सा सिंह रामगढ़िया, सरदार बघेल सिंह, सरदार बाज सिंह जैसे जरनैलों द्वारा नादिर शाह, अहमद शाह अब्दाली जैसे दरिंदे हमलावरों के आक्रमण तथा लूट मार का मुकाबला करके मुंहतोड़ जवाब दिया। अंत पंजाब के सिख योधाओं ने महाराजा रणजीत सिंह की अगुवाई में पंजाब पर खालसा राज स्थापित होना इस शहीदी की ही एक कड़ी थी।

इस शहीदी ने ही खालसा पंथ की सिरजना, चार वर्णों को एक वर्ण करना, उच्च नीच का भेदभाव मिटाना, जात पात की जड़े उखाड़ना, नीच घृणित दलित लोगों को समर्थ, भयहीन, सदियों से दबे कुचले लोगों में शक्ति का संचार करके इन्हें ऐसे सिरलथ योधे बना दिया जो मौत को भी मखौल करते तथा बहादुर जरनैल बन कर जालिमों, अत्याचारियों तथा आक्रमणकारियों को टक्कर दी तथा इतिहास को ही बदल दिया।

–0–

Continued from page 35

of dealing with others, wisdom is related with your understandings. To demonstrate manner, we need to make some efforts while wisdom reflects in our day to day dealings with others. Manners can be taught and learned but wisdom is practised. Wisdom means that it must reflect in your daily life for the perfection. More the devotion and concentration more will be perfection and accuracy in your job. This is what called "work done with wisdom "in our daily life. It is the most effective and enhancing factor of personality of a person.

Patience/Tolerance: Patience is an essential factor while we share or give something to others. It becomes more important when we want to share good habit with others. The opponent may tag you as selfish. He may behave in any manner, he feels good and appropriate. If you have firm determination and good cause behind your doings, it will lead your thinking as "unseen and not listened." At this point of time the patience needed is so high that if the opponent even abuses you, you must smile on his behaviour. This patience helps you in overcoming the behaviour of opponent. A smile on every insulting word works like putting water on blazing fire. But if your smile contains satire, it may further be provocative for the opponent. If your emotions are for the welfare with good gesture, the opponent will be ready to listen to you.

The famous Sikh scholar Giani Jagjit Singh Sidki pronounced:

"Who spoke is not the winner,
the winner is who could bear it"
ਜਿਤਿਆ ਉਹ ਨਹੀਂ ਜੋ ਕਹਿ ਗਿਆ,
ਜਿਤਿਆ ਉਹ ਜੋ ਸਹਿ ਗਿਆ।

Limited Needs: When, apart from your own necessities, you think about the needs of others, they get impressed with your selfless thinking and try to follow your footprints. When you prioritise the needs of others over your big requirement, he feels over debited to you. Doing something good further inspires you to do something better than earlier. This improves your image in the eyes of others. Such people are generally personified as God and their suggestions are also accepted and followed.

***

ਖ਼ੂਨਦਾਨ ਨਾਲ ਜੁੜੇ ਵਹਿਮ-ਭਰਮ ਅਤੇ ਉਨ੍ਹਾਂ ਦਾ ਨਿਵਾਰਨ



ਡਾ. ਗਗਨਦੀਪ ਸ਼ੇਰਗਿੱਲ # 76960-97115

ਭਾਰਤ ਦੀ ਆਬਾਦੀ ਸਵਾ ਅਰਬ ਹੋ ਚੁੱਕੀ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਿਕ ਹਰੇਕ ਮੁਲਕ ਵਿੱਚ ਖ਼ੂਨ ਦੀ ਮੰਗ ਉਸ ਦੀ ਜਨ-ਸੰਖਿਆ ਦਾ ਘੱਟੋ-ਘੱਟ ਇੱਕ ਫ਼ੀਸਦੀ ਹੋਣੀ ਚਾਹੀਦੀ ਹੈ। ਇਸ ਮੁਤਾਬਿਕ ਸਾਡੇ ਦੇਸ਼ ਵਿੱਚ ਘੱਟੋ-ਘੱਟ ਦਸ ਲੱਖ ਖ਼ੂਨ ਦੇ ਯੂਨਿਟ ਇਕੱਠੇ ਹੋਣੇ ਚਾਹੀਦੇ ਹਨ ਪਰ ਸਾਲ ਵਿੱਚ ਸਿਰਫ਼ ਇਸ ਤੋਂ ਅੱਧੇ ਯੂਨਿਟ ਹੀ ਇਕੱਠੇ ਹੁੰਦੇ ਹਨ। ਭਾਰਤ ਵਿੱਚ 2433 ਮਨਜ਼ੂਰਸ਼ੁਦਾ ਬਲੱਡ ਬੈਂਕ ਹਨ ਜੋ ਕਿ 90 ਲੱਖ ਯੂਨਿਟ ਇਕੱਠਾ ਕਰ ਸਕਦੀਆਂ ਹਨ ਪਰ ਉਹ ਆਪਣੇ ਟੀਚੇ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਦੀਆਂ। ਇਸ ਦੇ ਕਾਰਨ ਸਮਝਣ ਦੀ ਜ਼ਰੂਰਤ ਹੈ।

ਖ਼ੂਨਦਾਨੀ ਮੋਟੇ ਤੌਰ 'ਤੇ ਤਿੰਨ ਕਿਸਮ ਦੇ ਹੁੰਦੇ ਹਨ: ਬਿਨਾਂ ਕਿਸੇ ਲੋਭ ਲਾਲਚ ਦੇ ਖ਼ੂਨ ਦਾਨ ਕਰਨ ਵਾਲੇ ਵਲੰਟੀਅਰ ਖ਼ੂਨਦਾਨੀ, ਖ਼ੂਨ ਵੱਟੇ ਖ਼ੂਨਦਾਨ ਦੇਣ-ਲੈਣ ਵਾਲੇ ਅਤੇ ਪੈਸਿਆਂ ਬਦਲੇ ਖ਼ੂਨ ਵੇਚਣ ਵਾਲੇ ਪੇਸ਼ੇਵਰ ਖ਼ੂਨਦਾਨੀ। ਸਾਡੇ ਮੁਲਕ ਵਿੱਚ ਖ਼ੂਨਦਾਨ ਦੀ ਘਾਟ ਵਲੰਟੀਅਰ ਖ਼ੂਨਦਾਨੀਆਂ ਦੀ ਘਾਟ ਕਰਕੇ ਹੈ। ਇਨ੍ਹਾਂ ਕਰਕੇ ਹੀ ਬਲੱਡ ਬੈਂਕ ਵਿੱਚ ਖ਼ੂਨ ਦਾ ਸਟਾਕ ਜਮ੍ਹਾਂ ਰਹਿ ਸਕਦਾ ਹੈ। 16 ਸਾਲ ਦੀ ਉਮਰ ਤੋਂ ਲੈ ਕੇ 60 ਸਾਲ ਦੀ ਉਮਰ ਦਾ ਕੋਈ ਵੀ ਇਨਸਾਨ ਸਾਲ ਵਿੱਚ 3-4 ਵਾਰ ਖ਼ੂਨਦਾਨ ਕਰ ਸਕਦਾ ਹੈ ਪਰ ਅਜਿਹਾ ਹੁੰਦਾ ਨਹੀਂ। ਖ਼ੂਨਦਾਨ ਸਬੰਧੀ ਜੁੜੇ ਹੋਏ ਵਹਿਮ-ਭਰਮ ਯੋਗ ਖ਼ੂਨਦਾਨੀਆਂ ਨੂੰ ਖ਼ੂਨਦਾਨ ਕਰਨ ਤੋਂ ਰੋਕਦੇ ਹਨ। ਇਸ ਲੇਖ ਰਾਹੀਂ ਪੰਜਾਬ 'ਚ ਪ੍ਰਚੱਲਿਤ ਕੁਝ ਅਜਿਹੇ ਵਹਿਮ-ਭਰਮਾਂ ਦਾ ਨਿਵਾਰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ:

ਖ਼ੂਨਦਾਨ ਨਾਲ ਭਾਰ ਵੱਧ ਜਾਂਦਾ ਹੈ ਜਾਂ ਸਰੀਰ ਪੱਕੇ ਤੌਰ 'ਤੇ ਫੁਲ ਜਾਂਦਾ ਹੈ: ਖ਼ੂਨ ਇੱਕ ਤਰਲ ਪਦਾਰਥ ਹੈ ਜੋ ਕਿ ਸਰੀਰ ਆਪਣੇ-ਆਪ ਪੂਰਾ ਕਰ ਲੈਂਦਾ ਹੈ। ਜੇ ਇਸ ਸੋਚ ਵਿੱਚ ਕਿ ਖ਼ੂਨਦਾਨ ਕਰਨ ਨਾਲ ਕਮਜ਼ੋਰੀ ਆ ਜਾਵੇਗੀ, ਕੋਈ ਘਿਓ, ਪਨੀਰ ਦੀ ਮਾਤਰਾ ਆਪਣੀ ਖ਼ੁਰਾਕ ਵਿੱਚ ਵਧਾ ਲਵੇਗਾ ਤਾਂ ਮੋਟਾਪਾ ਤਾਂ ਆਵੇਗਾ ਹੀ। ਇਹ ਅਕਸਰ ਦੇਖਣ ਵਿੱਚ ਆਇਆ ਹੈ ਕਿ ਜੇ ਮਾਂ ਨੂੰ ਪਤਾ ਲੱਗੇ ਕਿ ਉਸ ਦੇ ਮੁੰਡੇ ਦਾ ਖ਼ੂਨ ਕੱਢਿਆ ਗਿਆ ਹੈ ਤਾਂ ਉਹ ਮੁੰਡੇ ਨੂੰ ਘਿਓ-ਸ਼ੱਕਰ ਅਤੇ ਪੰਜੀਰੀ ਖੁਆਉਣੋਂ ਨਹੀਂ ਹਟਦੀ! ਸਰੀਰ ਨੂੰ ਇਹ ਪੰਜੀਰੀ ਨਾਲ ਕੀਤੀ ਸੇਵਾ ਫੁਲਾਉਂਦੀ ਹੈ ਨਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਫੁਲਦਾ ਹੈ। ਖ਼ੂਨਦਾਨ ਤਾਂ ਇਨਸਾਨ ਨੂੰ ਸਗੋਂ ਫਿੱਟ ਰੱਖਦਾ ਹੈ।

ਖ਼ੂਨਦਾਨ ਕਰਨ ਨਾਲ ਕਮਜ਼ੋਰੀ ਆ ਜਾਂਦੀ ਹੈ: ਇਹ ਇੱਕ ਪ੍ਰਚੱਲਿਤ ਮਿੱਥ ਹੈ ਕਿ ਜੇ ਕੋਈ ਕੁਆਰਾ ਮੁੰਡਾ ਖ਼ੂਨਦਾਨ ਕਰੇਗਾ ਤਾਂ ਉਸ ਵਿੱਚ ਮਰਦਾਨਾ ਕਮਜ਼ੋਰੀ ਆ ਜਾਵੇਗੀ। ਜੇ ਕੋਈ ਕੁਆਰੀ ਕੁੜੀ ਖ਼ੂਨਦਾਨ ਕਰਦੀ ਹੈ ਤਾਂ ਉਸ ਦੀ ਬੱਚਾ ਜੰਮਣ ਦੀ ਤਾਕਤ ਘਟ ਜਾਂਦੀ ਹੈ। ਪੜ੍ਹੀਆਂ-ਲਿਖੀਆਂ ਮਾਵਾਂ ਵੀ ਆਪਣੇ ਜਵਾਨ ਮੁੰਡਿਆਂ ਨੂੰ ਇਸ ਡਰੋਂ ਖ਼ੂਨਦਾਨ ਕਰਨ ਤੋਂ ਵਰਜਦੀਆਂ ਹਨ। ਇਹ ਧਾਰਨਾ ਕੋਰੇ ਵਹਿਮ ਤੋਂ ਵੱਧ ਕੁਝ ਵੀ ਨਹੀਂ। ਮਰਦਾਂ ਦੇ ਸ਼ੁਕਰਾਣੂਆਂ ਅਤੇ ਔਰਤਾਂ ਦੇ ਅੰਡਿਆਂ ਦਾ ਖ਼ੂਨਦਾਨ ਨਾਲ ਦੂਰ ਦਾ ਵੀ ਸਬੰਧ ਨਹੀਂ। ਅਜਿਹੇ ਅਨੇਕਾਂ ਨੌਜਵਾਨ ਮੁੰਡੇ-ਕੁੜੀਆਂ ਹਨ ਜੋ ਕਾਲਜ ਟਾਈਮ ਤੋਂ ਖ਼ੂਨਦਾਨ ਕਰਦੇ ਹਨ ਪਰ ਉਹ ਆਮ ਬੰਦਿਆਂ ਨਾਲੋਂ ਬਿਹਤਰ ਚਰਿੱਤਰ ਵਾਲੇ, ਵਧੇਰੇ ਜ਼ਿੰਮੇਵਾਰ ਅਤੇ ਜ਼ਿੰਦਾਦਿਲ ਪਤਨੀ/ਪਤੀ ਸਾਬਤ ਹੁੰਦੇ ਹਨ।

ਪਤੀ-ਪਤਨੀ ਦਾ ਖ਼ੂਨ ਇੱਕ ਦੂਜੇ ਨੂੰ ਚੜ੍ਹਨ 'ਤੇ ਉਹ ਭੈਣ-ਭਰਾ ਬਣ ਜਾਣਗੇ: ਇਹ ਹਾਸੋ-ਹੀਣਾ ਅਤੇ ਤਰਕ ਵਿਹੂਣਾ ਭਰਮ ਮਰਦਾਂ ਦੀ ਬੁਜ਼ਦਿਲੀ 'ਚੋਂ ਪੈਦਾ ਹੋਇਆ ਹੈ। ਅਕਸਰ ਜਦੋਂ ਕਿਸੇ ਔਰਤ ਦਾ 'ਵੱਡਾ ਅਪਰੇਸ਼ਨ' ਹੋਣ ਵੇਲੇ ਉਸ ਦੇ ਪਤੀ ਤੋਂ ਖ਼ੂਨ ਮੰਗਿਆ ਜਾਂਦਾ ਹੈ ਤਾਂ ਇਹ 'ਭੈਣ-ਭਰਾ ਬਣਨ ਵਾਲਾ ਬਹਾਨਾ' ਬਣਾ ਕੇ ਟਾਲਾ ਵੱਟਣ ਲੱਗਦੇ ਹਨ। ਸਿਰਫ਼ ਇੱਕੋ ਮਾਂ ਦੀ ਕੁੱਖੋਂ ਜੰਮੇ ਬੱਚੇ ਹੀ ਭੈਣ-ਭਰਾ ਹੁੰਦੇ ਹਨ। ਖ਼ੂਨ ਦੇ ਅਦਾਨ-ਪ੍ਰਦਾਨ ਨਾਲ ਬਣੇ ਰਿਸ਼ਤੇ ਸਿਰਫ਼ ਮਾਨਸਿਕ ਹੁੰਦੇ ਹਨ। ਬਾਕੀ ਸਭ ਗੱਲਾਂ ਗ਼ੈਰ ਵਿਗਿਆਨਕ, ਪੂਰੀ ਤਰ੍ਹਾਂ ਤਰਕਹੀਣ ਅਤੇ ਬੁਜ਼ਦਿਲੀ 'ਚੋਂ ਉਪਜੇ ਬਹਾਨੇ ਤੋਂ ਵੱਧ ਹੋਰ ਕੁਝ ਵੀ ਨਹੀਂ।

ਬੀ.ਪੀ. ਸ਼ੂਗਰ ਵਾਲਾ ਮਰੀਜ਼ ਖ਼ੂਨਦਾਨ ਨਹੀਂ ਕਰ ਸਕਦਾ: ਜਿਸ ਵਿਅਕਤੀ ਦਾ ਬੀ.ਪੀ. ਜਾਂ ਸ਼ੂਗਰ ਲੈਵਲ ਉਸ ਦੀਆਂ ਦਵਾਈਆਂ ਨਾਲ ਠੀਕ ਹੈ, ਉਹ ਆਰਾਮ ਨਾਲ ਖ਼ੂਨਦਾਨ ਕਰ ਸਕਦਾ ਹੈ। ਖ਼ੂਨਦਾਨ ਕਰਨ ਨਾਲ ਵੱਧ ਬੀ.ਪੀ. ਵਾਲੇ ਮਰੀਜ਼ਾਂ ਨੂੰ ਫ਼ਾਇਦਾ ਹੁੰਦਾ ਹੈ।

'ਟੈਟੂ' ਵਾਲਾ ਵਿਅਕਤੀ ਖ਼ੂਨਦਾਨ ਨਹੀਂ ਕਰ ਸਕਦਾ: ਜੇ ਟੈਟੂ ਬਣੇ ਨੂੰ ਇੱਕ-ਡੇਢ ਮਹੀਨੇ ਹੋ ਗਿਆ ਤਾਂ ਤੁਸੀਂ ਬੇਫ਼ਿਕਰ ਹੋ ਕੇ ਖ਼ੂਨਦਾਨ ਕਰ ਸਕਦੇ ਹੋ। ਸਗੋਂ ਟੈਟੂ ਬਣਾਉਣ ਵੇਲੇ ਜੇ ਤੁਹਾਨੂੰ ਖ਼ੁਦਾ ਨਾ ਖ਼ਾਸਤਾ ਕੋਈ ਬਿਮਾਰੀ ਚਿੰਬੜ ਗਈ ਤਾਂ ਤੁਹਾਨੂੰ ਖ਼ੂਨਦਾਨ ਉਪਰੰਤ ਕੀਤੀ ਗਈ ਜਾਂਚ ਰਾਹੀਂ ਇਸ ਦਾ ਮੁੱਢਲੀ ਸਟੇਜ 'ਤੇ ਹੀ ਪਤਾ ਲੱਗ ਜਾਵੇਗਾ ਅਤੇ ਤੁਸੀਂ ਯੋਗ ਇਲਾਜ ਕਰਵਾ ਸਕਦੇ ਹੋ।

ਖ਼ੂਨਦਾਨ ਕਰਨ ਨਾਲ ਇਨਫੈਕਸ਼ਨ ਹੋ ਜਾਵੇਗੀ: ਖ਼ੂਨਦਾਨ ਕਰਨ ਵੇਲੇ ਵਰਤਿਆ ਜਾਂਦਾ ਸਾਰਾ ਸਮਾਨ, ਜਿਵੇਂ ਸੂਈ, ਬੈਗ ਤੇ ਰੂੰ ਆਦਿ ਸਭ ਕੁਝ ਵਿਸ਼ਵ ਸਿਹਤ ਸੰਸਥਾ ਤੇ ਭਾਰਤ ਸਰਕਾਰ ਦੇ ਬਣਾਏ ਉੱਚ ਦਰਜੇ ਦੇ ਮਾਪਦੰਡਾਂ ਅਨੁਸਾਰ ਹੀ ਬਣਦਾ ਹੈ ਅਤੇ ਇਹ ਸਾਰਾ ਸਾਮਾਨ ਸਿਰਫ਼ ਇੱਕ ਵਾਰ ਹੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਇਸ ਲਈ ਇਨਫੈਕਸ਼ਨ ਜਾਂ ਖ਼ੂਨ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸੂਈ ਦਾ ਡਰ: ਖ਼ੂਨਦਾਨ ਕਰਨ ਤੋਂ ਰੋਕਣ ਦਾ ਸਭ ਤੋਂ ਵੱਡਾ ਕਾਰਨ 'ਮੋਟੀ ਸੂਈ' ਦਾ ਡਰ ਹੈ! ਇਹ ਸੱਚ ਹੈ ਕਿ ਖ਼ੂਨ ਕੱਢਣ ਲਈ ਮੋਟੀ ਸੂਈ ਵਰਤਣੀ ਪੈਂਦੀ ਹੈ ਕਿਉਂਕਿ ਪਤਲੀ ਸੂਈ ਖ਼ੂਨ 'ਚ ਮੌਜੂਦ ਲਾਲ ਕਣਾਂ ਨੂੰ ਨਸ਼ਟ ਕਰ ਸਕਦੀ ਹੈ। ਪਰ ਫਿਰ ਵੀ ਨੌਜਵਾਨਾਂ 'ਚ ਸੂਈ ਦਾ ਡਰ ਦਾ ਡਰ ਹੈਰਾਨੀ ਵਾਲੀ ਗੱਲ ਹੈ? ਪੰਜਾਬ ਤਾਂ ਸੂਰਮਿਆਂ ਤੇ ਬੀਰ ਬਹਾਦਰਾਂ ਦੀ ਧਰਤੀ ਹੈ। ਕੀ ਨਸ਼ਿਆਂ ਨੇ ਪੰਜਾਬੀ ਨੌਜਵਾਨ ਨੂੰ ਇਸ ਕਦਰ ਡਰਪੋਕ ਬਣਾ ਦਿੱਤਾ ਹੈ ਕਿ ਹੁਣ ਉਹ ਇੱਕ ਮਾਮੂਲੀ ਜਿਹੀ ਸੂਈ ਲੱਗਣ ਤੋਂ ਵੀ ਡਰਦੇ ਹਨ। ਸੂਈ ਲਗਾਉਣ ਨੂੰ ਵੱਧ ਤੋਂ ਵੱਧ 2 ਸਕਿੰਟ ਲਗਦੇ ਹਨ ਅਤੇ ਖ਼ੂਨਦਾਨ ਦੀ ਪੂਰੀ ਕਿਰਿਆ ਨੂੰ 10-15 ਮਿੰਟ। ਖ਼ੂਨਦਾਨ ਕਰਨ ਉਪਰੰਤ ਜੋ ਮਾਨਸਿਕ ਤਸੱਲੀ ਅਤੇ ਖ਼ੁਸ਼ੀ ਦਾ ਅਹਿਸਾਸ ਅੰਤਰ-ਆਤਮਾ ਨੂੰ ਮਿਲਦਾ ਹੈ ਉਹ ਚਿਰ ਸਥਾਈ ਰਹਿੰਦਾ ਹੈ।

ਵਲੰਟੀਅਰ ਤੌਰ 'ਤੇ ਇੱਕ ਵਾਰ ਕੀਤਾ ਖ਼ੂਨਦਾਨ ਤਿੰਨ ਜਾਨਾਂ ਬਚਾਅ ਸਕਦਾ ਹੈ। ਮਨੁੱਖੀ ਖ਼ੂਨ ਦਾ ਕੋਈ

ਬਾਕੀ ਸਫਾ 40 'ਤੇ

ਨਰਮੇ 'ਤੇ ਚਿੱਟੀ ਮੱਖੀ ਅਤੇ ਹਰੇ ਤੇਲੇ ਦੀ ਰੋਕਥਾਮ

ਨਰਮਾ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਦੀ ਪ੍ਰਮੁੱਖ ਫ਼ਸਲ ਹੈ। ਇਸ ਉੱਪਰ ਕਈ ਤਰ੍ਹਾਂ ਦੇ ਕੀੜਿਆਂ ਦਾ ਹਮਲਾ ਹੁੰਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਨਰਮਾ ਪੱਟੀ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਨਰਮੇ ਦੇ ਕੁਝ ਖੇਤਾਂ ਵਿੱਚ ਚਿੱਟੀ ਮੱਖੀ ਆਰਥਿਕ ਕਗਾਰ (ਓਠਲ਼-6 ਮੱਖੀ ਪ੍ਰਤੀ ਪੱਤਾ) ਤੋਂ ਉੱਪਰ ਪਾਈ ਗਈ ਹੈ ਅਤੇ ਕੁਝ ਖੇਤਾਂ ਵਿੱਚ ਹਰਾ ਤੇਲਾ ਵੀ ਨਜ਼ਰ ਆਇਆ ਹੈ। ਹਾਲਾਂਕਿ ਚਿੱਟੀ ਮੱਖੀ ਅਤੇ ਹਰੇ ਤੇਲੇ ਦੀ ਗਿਣਤੀ ਘੱਟ ਹੈ, ਪਰ ਅੱਜਕੱਲ੍ਹ ਦੇ ਮੌਸਮ ਦੇ ਅਨੁਕੂਲ ਹੋਣ ਕਰਕੇ ਇਨ੍ਹਾਂ ਦੀ ਜਨਸੰਖਿਆ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।



ਕਿਸਾਨਾਂ ਨੂੰ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਚਿੱਟੀ ਮੱਖੀ ਦੇ ਬੱਚੇ ਅਤੇ ਬਾਲਗ ਦੋਵੇਂ ਪੱਤਿਆਂ ਤੋਂ ਰਸ ਚੂਸਦੇ ਹਨ, ਜਿਸ ਦੇ ਸਿੱਟੇ ਵਜੋਂ ਪੱਤੇ ਪੀਲੇ ਪੈ ਜਾਂਦੇ ਹੈ ਅਤੇ ਪੱਤੇ ਦੇ ਉੱਪਰਲੇ ਹਿੱਸੇ 'ਤੇ ਆਪਣਾ ਮੱਲ ਤਿਆਗ (ਚਿਪਚਿਪਾ) ਕਰਦੇ ਹਨ ਜਿਸ ਉੱਪਰ ਬਾਅਦ ਵਿੱਚ ਕਾਲੀ ਉੱਲੀ ਲੱਗ ਜਾਂਦੀ ਹੈ। ਇਹ ਮੱਖੀ ਨਰਮੇ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਵੀ ਫੈਲਾਉਂਦੀ ਹੈ। ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ।

ਹਰੇ ਤੇਲੇ ਦਾ ਬਾਲਗ ਅਤੇ ਬੱਚੇ ਦੋਵੇਂ ਹੀ ਪੱਤਿਆਂ ਦੀ ਹੇਠਲੀ ਸਤਹਿ ਤੋਂ ਰਸ ਚੂਸਦੇ ਹਨ ਜਿਸ ਕਰਕੇ ਪੱਤੇ ਕੰਨੀਆਂ ਤੋਂ ਪੀਲੈ ਪੈ ਕੇ ਹੇਠਾਂ ਨੂੰ ਮੁੜਨੇ ਸ਼ੁਰੂ ਹੋ ਜਾਂਦੇ ਹਨ। ਹੌਲੀ-ਹੌਲੀ ਹਮਲੇ ਵਾਲੇ ਪੱਤੇ ਪੂਰੀ ਤਰ੍ਹਾਂ ਝੁਰੜ-ਮੁਰੜ ਹੋ ਕੇ ਲਾਲ ਰੰਗ ਦੇ ਹੋ ਜਾਂਦੇ ਹਨ ਜਿਸ ਨੂੰ 'ਹਾਪਰ ਬਰਨ' ਕਿਹਾ ਜਾਂਦਾ ਹੈ। ਤੇਲੇ ਨੂੰ ਮਾਰਨ ਲਈ ਛਿੜਕਾਅ ਉਸ ਵਕਤ ਕਰੋ ਜਦੋਂ 50 ਪ੍ਰਤੀਸ਼ਤ ਬੂਟਿਆਂ ਵਿੱਚ ਪੂਰੇ ਬਣ ਚੁੱਕੇ ਪੱਤੇ ਝੁਰੜ-ਮੁਰੜ ਹੋਏ ਜਾਪਣ ਅਤੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਣ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਹੇਠਾਂ ਦੱਸੀ ਸਰਵਪੱਖੀ ਤਕਨੀਕਾਂ ਅਪਣਾਓ।

- ਨਰਮੇ ਦੀ ਫ਼ਸਲ ਨੂੰ ਸੋਕਾ ਨਾ ਲੱਗਣ ਦਿਓ ਕਿਉਂਕਿ ਸੋਕੇ ਵਿੱਚ ਫ਼ਸਲ 'ਤੇ ਵੀ ਇਸ ਕੀੜੇ ਦਾ ਹਮਲਾ ਵਧੇਰੇ ਹੁੰਦਾ ਹੈ।
- ਨਾਈਟ੍ਰੋਜਨ ਖਾਦ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਰਸ ਚੂਸਣ ਵਾਲੇ ਕੀੜਿਆਂ ਵਿੱਚ ਵਾਧਾ ਹੁੰਦਾ ਹੈ।
- ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫ਼ਸਲਾਂ ਜਿਵੇਂ ਕਿ ਬੈਂਗਣ, ਖੀਰਾ, ਚੱਪਣ ਕੱਦੂ, ਤਰ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ 'ਤੇ ਵੀ ਪਾਇਆ ਜਾਂਦਾ ਹੈ, ਇਸ ਲਈ ਇਨ੍ਹਾਂ ਫ਼ਸਲਾਂ ਉੱਪਰ ਅਤੇ ਨਰਮੇ ਉੱਪਰ ਲਗਾਤਾਰ ਸਰਵੇਖਣ ਕਰਦੇ ਰਹੋ।
- ਘੱਟ ਲਾਗਤ ਵਾਲੇ ਪੀਲੇ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿੱਚ ਲਗਾਓ ਜੋ ਕਿ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਵਿੱਚ ਸਹਾਇਕ ਹਨ।
- ਚਿੱਟੀ ਮੱਖੀ ਦੇ ਹਮਲੇ ਹੋਣ 'ਤੇ ਸ਼ੁਰੂਆਤੀ ਅਵਸਥਾ ਵਿੱਚ ਇੱਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਜਾਂ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ.ਏ.ਯੂ. ਦੁਆਰਾ ਤਿਆਰ ਗਿਆ ਨਿੰਮ ਦਾ ਘੋਲ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ।
- ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲਿਟਰ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 800 ਮਿਲੀਲਿਟਰ ਫੋਸਮਾਈਟ/ਈ-ਮਾਈਟ/ਵਾਲਥੀਆਨ/ ਗੋਲਡ ਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ।
- ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐੱਸ ਸੀ (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ।
- ਹਰੇ ਤੇਲੇ ਦੀ ਰੋਕਥਾਮ ਲਈ 60 ਗ੍ਰਾਮ ਉਸ਼ੀਨ 20 ਐੱਸ ਜੀ (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਦਾ ਪ੍ਰਤੀ ਏਕੜ ਛਿੜਕਾਅ ਕਰੋ।

ਕੀਟ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ

ਸਿਹਤ ਸੰਭਾਲ ਸਫਾ 38 ਦਾ ਬਾਕੀ

ਬਦਲ ਨਹੀਂ ਹੈ। ਜਿੰਨਾ ਚਿਰ ਵਿਗਿਆਨੀ ਨਕਲੀ ਖ਼ੂਨ ਦਾ ਨਿਰਮਾਣ ਨਹੀਂ ਕਰ ਲੈਂਦੇ, ਖ਼ੂਨਦਾਨ 'ਸਭ ਤੋਂ ਵੱਡਾ' ਦਾਨ ਕਹਾਉਂਦਾ ਰਹੇਗਾ। ਦੂਜਿਆਂ ਦੀ ਜਾਨ ਬਚਾਉਣ ਦੇ ਨਾਲ ਨਾਲ ਇਹ ਖ਼ੂਨਦਾਨੀ ਲਈ ਵੀ ਗੁਣਕਾਰੀ ਹੈ। ਬੀ.ਪੀ. ਸ਼ੂਗਰ, ਜਿਗਰ ਦੀਆਂ ਬਿਮਾਰੀਆਂ, ਬੁਢਾਪੇ ਵਿੱਚ ਦਿਮਾਗੀ ਬਿਮਾਰੀਆਂ, ਦਿਲ ਦਾ ਦੌਰਾ ਆਦਿ ਅਨੇਕਾਂ ਅਲਾਮਤਾਂ ਤੋਂ ਲਗਾਤਾਰ ਖ਼ੂਨਦਾਨ ਕਰਨ ਵਾਲਾ ਖ਼ੂਨਦਾਨੀ ਬਚਿਆ ਰਹਿੰਦਾ ਹੈ। ਖ਼ੂਨਦਾਨ ਕਰਨ ਦਾ ਇੱਕ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਅਜਿਹਾ ਕਰਨ ਨਾਲ ਖ਼ੂਨਦਾਨੀ ਦੇ ਏਡਜ਼, ਹੈਪੇਟਾਈਟਿਸ, ਕਾਲਾ ਪੀਲੀਆ, ਮਲੇਰੀਆ ਅਤੇ ਸ਼ਿਫਲਿਸ ਜਿਹੀਆਂ ਭਿਆਨਕ ਬਿਮਾਰੀਆਂ ਦੇ ਸਾਰੇ ਟੈਸਟ ਹੋ ਜਾਂਦੇ ਹਨ ਜਿਹੜੇ ਉਹ ਆਪ ਕਈ ਹਜ਼ਾਰ ਰੁਪਏ ਖ਼ਰਚ ਕੇ ਵੀ ਨਹੀਂ ਕਰਵਾ ਸਕਦਾ। ਜੇ ਕਿਸੇ ਖ਼ੂਨਦਾਨੀ ਦੇ ਖ਼ੂਨ ਵਿੱਚ ਇਨ੍ਹਾਂ ਬਿਮਾਰੀਆਂ ਦੇ ਸੰਕੇਤ ਆ ਜਾਣ ਤਾਂ ਖ਼ੂਨਦਾਨੀ ਨੂੰ ਸੰਪਰਕ ਕਰਕੇ ਇਸ ਬਾਰੇ ਦੱਸਿਆ ਜਾਂਦਾ ਹੈ ਅਤੇ ਉਸ ਦਾ ਮੁਫ਼ਤ ਇਲਾਜ ਕਰਵਾਉਣ ਦਾ ਹੀਲਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਖ਼ੂਨਦਾਨ ਨੁਕਸਾਨਦਾਇਕ ਨਹੀਂ ਸਗੋਂ ਬੇਹੱਦ ਲਾਭਦਾਇਕ ਹੈ ਆਓ ਸਾਰੇ ਰਲ-ਮਿਲ ਵਹਿਮਾਂ-ਭਰਮਾਂ ਤੋਂ ਮੁਕਤੀ ਪਾ ਕੇ ਆਪਣੇ ਜਾਂ ਬੱਚਿਆਂ ਦੇ ਜਨਮ ਦਿਨ, ਸਾਲ ਗਿਰ੍ਹਾ, ਨਵੇਂ ਸਾਲ, ਲੋਹੜੀ ਅਤੇ ਦਿਵਾਲੀ ਆਦਿ ਵਰਗੇ ਦਿਹਾੜਿਆਂ ਨੂੰ ਖ਼ੂਨਦਾਨ ਕਰਕੇ ਮਨਾਉਣ ਦੀ ਰਵਾਇਤ ਤੋਰੀਏ। ਇਹ ਇੱਕ ਨਿੱਗਰ ਅਤੇ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਚੁੱਕਿਆ ਗਿਆ ਇਨਸਾਨੀ ਕਦਮ ਸਾਬਤ ਹੋ ਸਕਦਾ ਹੈ।

-0-

ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



ਲਾੜੀ ਦੀ ਲੋੜ

ਫਾਰਮ ਨੰ. 303

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

ਫਾਰਮ ਨੰ. 373: ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

ਫਾਰਮ ਨੰ. 375: Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

ਫਾਰਮ ਨੰ. 376: ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

ਫਾਰਮ ਨੰ. 377: ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

ਫਾਰਮ ਨੰ. 378: Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

ਫਾਰਮ ਨੰ. 379: ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

ਫਾਰਮ ਨੰ. 380: ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

ਫਾਰਮ ਨੰ. 381: ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

ਫਾਰਮ ਨੰ. 383: ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

ਫਾਰਮ ਨੰ. 384: ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

ਫਾਰਮ ਨੰ. 385: ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

ਫਾਰਮ ਨੰ. 386: ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

ਫਾਰਮ ਨੰ. 387: ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

ਫਾਰਮ ਨੰ. 388: ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

ਫਾਰਮ ਨੰ. 389: ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

ਫਾਰਮ ਨੰ. 390: ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

ਫਾਰਮ ਨੰ. 391: ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

ਫਾਰਮ ਨੰ. 391: ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

ਫਾਰਮ ਨੰ. 392: ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

ਫਾਰਮ ਨੰ. 395: ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

ਫਾਰਮ ਨੰ. 396: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

ਫਾਰਮ ਨੰ. 398: ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

ਫਾਰਮ ਨੰ. 399: ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

ਲਾੜੇ ਦੀ ਲੋੜ

ਫਾਰਮ ਨੰ. 364: ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

ਫਾਰਮ ਨੰ. 394: ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

ਫਾਰਮ ਨੰ. 397: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

ਜੂਨ ਮਹੀਨੇ ਦੀਆਂ ਸਰਗਰਮੀਆਂ

ਮਾਝਾ:-

1. ਤਰਨਤਾਰਨ (94654-93275)- ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਐਤਵਾਰ ਨੂੰ ਪਿੰਡ ਰੂੜੇ ਆਸਲ, ਪਲਾਸੌਰ ਅਤੇ ਪਲਾਸੌਰ ਕਲੋਨੀਆਂ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਪਲਾਸੌਰ ਅਤੇ ਰੂੜੇਆਸਲ ਵਿਖੇ ਪੰਜ ਰੋਜਾ ਗੁਰਮਤਿ ਕੈਂਪ ਲਗਾਇਆ ਗਿਆ।

2. ਮਾਲੂਵਾਲ (98885-20250)- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

3. ਪਰਿੰਗੜੀ (95923-67125, 98718-09216)- ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

4. ਭੈਲ ਢਾਏ ਵਾਲਾ (ਤਰਨਤਾਰਨ) (73476-95174)- ਕੇਂਦਰ ਦੇ ਪ੍ਰਚਾਰਕ ਭਾਈ ਹਰਦੀਪ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਹੈ ਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰੀ ਭਰਦੀਆਂ ਹਨ। 1984 ਘੱਲੂਘਾਰਾ ਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।

ਮਾਲਵਾ:-

5. ਗੁੱਜਰਵਾਲ (94655-66666)- ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 4,5,6 ਨੂੰ ਪਿੰਡ ਸਾਇਆਂ ਕਲਾਂ ਵਿਖੇ ਗੁਰਮਤਿ ਕੈਂਪ ਲਗਾਏ ਗਏ। 10, 11 ਨੂੰ ਮਲਕਪੁਰ ਵਿਖੇ ਕੈਂਪ ਵਿੱਚ ਸੁਖਵਿੰਦਰ ਕੌਰ ਨਾਲ ਹਾਜਰੀ ਭਰੀ ਗਈ। 4 ਤੋਂ 27 ਤੱਕ ਗੁਰਮਤਿ ਕਲਾਸਾਂ ਦੀ ਹਾਜਰੀ ਵਿੱਚ ਭੈਣ ਸੁਖਵਿੰਦਰ ਕੌਰ ਸੁਧਾਰ ਨਾਲ ਹਾਜਰੀ ਲਗਾਈ ਗਈ। 6 ਪਿੰਡਾਂ ਵਿੱਚ ਭਾਈ ਅਮਰਪ੍ਰੀਤ ਸਿੰਘ ਵਲੋਂ ਕਥਾ-ਵਿਚਾਰਾਂ ਕੀਤੀਆਂ ਗਈਆਂ ਹਨ। ਪਿੰਡ ਰਾਏਕੋਟ ਅਤੇ ਕਾਲਖ ਵਿਖੇ ਗੁਰਮਤਿ ਮੁਕਾਬਲਿਆਂ ਵਿੱਚ ਲੈਕਚਰ ਦੀ ਹਾਜਰੀ ਭਰੀ ਗਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ, 37 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

6. ਗਲੋਟੀ (95010-81353)- ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਸਮਾਗਮ ਨੂੰ ਮੁੱਖ ਰਖਦਿਆਂ ਸਹਿਜ ਪਾਠ ਦੀ ਸਮਾਪਤੀ ਕੀਤੀ ਗਈ। ਇੱਕ ਸਹਿਜ ਪਾਠ ਆਰੰਭ ਕੀਤਾ ਗਿਆ।

7. ਪਟਿਆਲਾ (88378-04927)- ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ਼ ਕੇਂਦਰ ਦੇ ਵਿਦਿਆਰਥੀਆਂ ਵਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਨਿਭਾਈ ਜਾਂਦੀ ਹੈ। ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਸਮੇਂ ਨਵੇਂ ਬੱਚੇ ਅਤੇ ਬੀਬੀਆਂ ਦੀ ਨਿਤਨੇਮ ਸੰਥਿਆ ਕਲਾਸ ਸ਼ੁਰੂ ਕੀਤੀ ਗਈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਨਾਲ ਸੰਬੰਧਿਤ ਹਰ ਰੋਜ਼ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਤੇ ਇਤਿਹਾਸ ਦੀ ਵਿਚਾਰ ਕੀਤੀ ਜਾਂਦੀ ਹੈ।

8. ਪਟਿਆਲਾ (87289-34413)- ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ (ਸੇਵਾ) ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸੁ ਸਾਹਿਬ, ਅਰਦਾਸ, ਹੁਕਮਨਾਮਾ ਸਾਹਿਬ ਅਤੇ ਸੁਖਆਸਣ ਦੀ ਸੇਵਾ ਆਦਿ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਮੁੱਖ ਰਖਦਿਆਂ ਗੁਰਦੁਆਰਾ ਸਾਹਿਬ ਵਿਖੇ ਬੀਬੀਆਂ ਅਤੇ ਬੱਚਿਆਂ ਵਲੋਂ ਹਰ ਰੋਜ਼ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।

9. ਲਤਾਲਾ (98556-27927)- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਪਿੰਡ ਭੈਣੀ ਬੜਿੰਗਾ ਵਿਖੇ ਗੁਰਬਾਣੀ ਕੰਠ ਤੇ ਦਸਤਾਰ ਮੁਕਾਬਲੇ ਕਰਵਾਏ ਗਏ। 5 ਤੋਂ 14 ਜੂਨ ਤੱਕ ਪਿੰਡ ਸਾਂਇਆਂ (ਡੇਹਲੋ) ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਸਮਾਪਤੀ ਮੌਕੇ ਬੱਚਿਆਂ ਦੇ ਦਸਤਾਰ ਅਤੇ ਦੁਮਾਲਾ ਸਜਾਉਣ ਮੁਕਾਬਲੇ ਕਰਵਾਏ ਗਏ, ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। 15 ਤੋਂ 18 ਜੂਨ ਤੱਕ ਪਿੰਡ ਬੜੂੰਦੀ ਵਿਖੇ ਕੈਂਪ ਲਗਾਇਆ ਗਿਆ। ਸਮਾਪਤੀ ਮੌਕੇ ਬੱਚਿਆਂ ਦੇ ਦਸਤਾਰ ਅਤੇ ਲੰਮੇ ਕੇਸ ਮੁਕਾਬਲੇ ਕਰਵਾਏ ਗਏ, ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ। 21 ਜੂਨ ਨੂੰ ਪਿੰਡ ਕਾਲਖ ਵਿਖੇ ਬਾਬਾ ਬੰਦਾ ਸਿੰਘ ਬਹਾਦਰ, ਸ਼ਹੀਦ ਭਾਈ ਜਗਰੂਪ ਸਿੰਘ ਜੀ ਕਾਲਖ ਤੇ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਦਸਤਾਰ ਤੇ ਲੰਮੇ ਕੇਸ ਮੁਕਾਬਲੇ ਕਰਵਾਏ ਗਏ। 24 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

10. ਮਹਾਂ ਸਿੰਘ ਨਗਰ (98149-25551)- ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰਮੀ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਕੰਠ, ਮੁੱਢਲੀ ਜਾਣਕਾਰੀ, ਕਵਿਤਾਵਾਂ ਸਿਖਾਈਆਂ ਗਈਆਂ। ਬੱਚਿਆਂ ਨੂੰ ਸ੍ਰੀ ਸਹਿਜ ਪਾਠ ਦੀ ਸੰਥਿਆ ਦਿੱਤੀ ਗਈ। ਬੱਚਿਆਂ ਨੂੰ ਇਤਿਹਾਸ ਵਿਚੋਂ ਸਾਖੀਆਂ ਸੁਣਾਈਆਂ ਗਈਆਂ। 9 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

ਦੁਆਬਾ:-

11. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)- ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਗਰਮੀਆਂ ਦੀਆਂ ਛੁੱਟੀਆਂ ਵਿੱਚ 14 ਸਕੂਲਾਂ ਅਤੇ 6 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਗਈ।

12. ਅੱਪਰਾ (85280-78722)- ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ

ਚਾਰ ਸਕੂਲਾਂ ਵਿੱਚ ਨੈਤਿਕ ਸਿੱਖਿਆ ਕੈਂਪ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਭਾਈ ਨਛੱਤਰ ਸਿੰਘ ਦੀ ਟੀਮ ਵਲੋਂ ਲਗਾਏ ਗਏ, ਜਿਸ ਵਿੱਚ ਅਵੱਲ ਦਰਜੇ 'ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

13. ਭੋਗਪੁਰ (99148-38148)- ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਜੂਨ ਦੀਆਂ ਛੁੱਟੀਆਂ ਦੌਰਾਨ ਪਿੰਡ ਬੱਸੀ (ਕਪੂਰਥਲਾ) ਵਿਖੇ 7 ਰੋਜਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਦੀ ਜਾਣਕਾਰੀ ਦਿੱਤੀ ਗਈ ਹੈ। ਕੈਂਪ ਦੀ ਸਮਾਪਤੀ 'ਤੇ ਭਾਈ ਸਰਬਜੀਤ ਸਿੰਘ ਧੂੰਦਾ ਜੀ ਨੇ ਸੰਗਤ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ ਅਤੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਦਾ ਪ੍ਰਬੰਧ ਭਾਈ ਜਸਵਿੰਦਰ ਸਿੰਘ ਬੈਲਜ਼ੀਅਮ ਵਲੋਂ ਕੀਤਾ ਗਿਆ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਪਿੰਡ ਸਨੌਰਾ, ਨੰਗਲ ਖੂੰਗਾ, ਬਾਹੋਪੁਰ ਵਿਖੇ ਹੋਏ ਗੁਰਮਤਿ ਸਮਾਗਮਾਂ ਵਿੱਚ ਭਾਈ ਸੁਖਦੀਪ ਸਿੰਘ ਵਲੋਂ ਕਥਾ-ਵਿਚਾਰ ਕੀਤੀ ਗਈ। ਮਾਤਾ ਪਿਆਰ ਕੌਰ ਦੀ ਅੰਤਿਮ ਅਰਦਾਸ ਮੌਕੇ ਕਥਾ-ਵਿਚਾਰ ਕੀਤੀ ਗਈ।

14. ਚੱਕ ਕਲਾਂ (75088-51496)- ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਪਿੰਡ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਵਿਖੇ ਸ਼ਾਮ ਨੂੰ ਵੱਡੀ ਸੰਗਤ ਦੀ ਗੁਰਮਤਿ ਕਲਾਸ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਸੁਖਮਨੀ ਸਾਹਿਬ ਦੀ ਸੰਥਿਆ ਕਰਵਾਈ ਜਾਂਦੀ ਹੈ। ਕੇਂਦਰ ਵਿਖੇ ਹਰ ਸਾਲ ਦੀ ਦਸਤਾਰ ਨੌਵਾਂ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ 9 ਪਿੰਡਾਂ ਦੇ ਬੱਚਿਆਂ ਨੇ ਹਿੱਸਾ ਲਿਆ। ਕੈਂਪ ਵਿੱਚ ਭਾਈ ਸੁਖਵਿੰਦਰ ਸਿੰਘ ਦਦੇਹਰ, ਭਾਈ ਮਲਕੀਤ ਸਿੰਘ, ਭਾਈ ਨਛੱਤਰ ਸਿੰਘ, ਭਾਈ ਚਤੁਰਪਾਲ ਸਿੰਘ ਜੀ ਨੇ ਸੰਗਤ ਤੇ ਬੱਚਿਆਂ ਨਾਲ ਗੁਰਮਤਿ ਦੀ ਸਾਂਝ ਬਣਾਈ। ਕੈਂਪ ਦੀ ਸਮਾਪਤੀ ਤੇ ਭਾਈ ਸਰਬਜੀਤ ਸਿੰਘ ਧੂੰਦਾ ਜੀ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ। ਕੈਂਪ ਵਿੱਚ ਬੱਚਿਆਂ ਦੇ ਧਾਰਮਿਕ ਪੇਪਰ ਲਏ ਗਏ, ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 7 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ 7 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

15. ਦੇਵੀਦਾਸ (89687-22872)- ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਸਵੇਰ ਵੇਲੇ ਨਿਤਨੇਮ ਅਤੇ ਸ਼ਾਮ ਨੂੰ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾ ਕੇ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

16. ਡਰੋਲੀ ਖੁਰਦ (98774-95935)- ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਬਾਣੀ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਵਿਖੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ ਗਿਆ।

17. ਇੰਦਣਾ ਕਲਾਸਕੇ (79731-15345)- ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਵੇਰੇ ਅਤੇ ਸ਼ਾਮ ਨੂੰ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

18. ਕਾਲੇਵਾਲ ਲੱਲੀਆਂ (95177-54531)- ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਰੋਜਾਨਾ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਪਿੰਡ ਦੀ ਸੰਗਤ ਵਲੋਂ ਸਹਿਜ ਪਾਠ ਕੀਤਾ ਅਤੇ ਸਮਾਪਤੀ ਕੀਤੀ ਗਈ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

19. ਚੱਕ ਸਿੰਘਾ (98553-99892)- ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਓਰੀਐਂਟ ਪਬਲਿਕ ਸਕੂਲ ਸਮੁੰਦੜਾ ਵਿਖੇ ਪੰਜ ਰੋਜਾ ਗੁਰਮਤਿ ਕੈਂਪ ਲਗਾਇਆ ਗਿਆ।

ਪੰਜਾਬ ਤੋਂ ਬਾਹਰ ਦੇ ਕੇਂਦਰ-

20. ਜਮਸ਼ੇਦਪੁਰ (ਟਾਟਾ ਨਗਰ)- ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

21. ਜਰਮਨ (00491631892161)- ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

22. ਸਿੰਬਲ ਕੈਂਪ (ਜੰਮੂ) (90865-31984)- ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

23. ਦੁਰਗ (ਛੱਤੀਸਗੜ੍ਹ) (98821-42424)- ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ।

24. ਗਾਂਧੀਧਾਮ (ਗੁਜਰਾਤ) - ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਸਭਰਾ ਜੀ ਵਲੋਂ ਪ੍ਰਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਕੇਂਦਰ ਵਿਖੇ ਗੁਰਮਤਿ ਕੈਂਪ ਲਗਾਏ ਗਏ ਹਨ।

25. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)- ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਚਾਰ ਕੇਂਦਰ ਨਵਾਂਸ਼ਹਿਰ ਵਲੋਂ ਗੁਰਦੁਆਰਾ ਬਾਬਾ ਦੀਪ ਸਿੰਘ ਜਾਡਲਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਚਾਰ ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਲੰਗੜੋਆ ਦੇ ਗੁਰਦੁਆਰਾ ਸਾਹਿਬ ਗੁਰਮਤਿ ਕੈਂਪ ਲਗਾਇਆ ਗਿਆ।



ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਚਾਰ ਕੇਂਦਰ ਨਵਾਂਸ਼ਹਿਰ ਵਲੋਂ ਗੁਰਦੁਆਰਾ ਬਾਬਾ ਜਵਾਹਰ ਸਿੰਘ ਪਿੰਡ ਮੌਜੇਵਾਲਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਪਿੰਡ ਬਿੱਲੀ ਵੜੈਚ ਵਿਖੇ ਨਵਾਂ ਗੁਰਮਤਿ ਪ੍ਰਚਾਰ ਕੇਂਦਰ ਖੋਲ੍ਹਿਆ ਗਿਆ।



ਕੇਂਦਰ ਅੱਪਰਾ ਵਲੋਂ ਪਿੰਡ ਥਲਾ ਵਿਖੇ ਲੱਗ ਰਹੀ ਗੁਰਬਾਣੀ ਸੰਥਿਆ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਦੀ ਗੁਰਮਤਿ ਕਲਾਸ ਵਿਚ ਭਾਗ ਲੈਣ ਵਾਲੇ ਬੱਚੇ।





ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਮਿਤੀ 15 ਜੁਲਾਈ ਨੂੰ ਵਿਦਿਆਰਥੀਆਂ ਦਾ ਨਵਾਂ ਸੈਸ਼ਨ ਆਰੰਭ ਕੀਤਾ ਗਿਆ। ਪ੍ਰਿੰਸੀਪਲ ਸਾਹਿਬ ਅਤੇ ਅਧਿਆਪਕ ਸਾਹਿਬਾਨ ਬੱਚਿਆਂ ਨੂੰ ਸੰਬੋਧਨ ਹੁੰਦੇ ਹੋਏ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

ਗੁਰਮਤਿ ਸਿਖਲਾਈ ਕੈਂਪ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿਛਲੇ ਤਿੰਨ ਮਹੀਨਿਆਂ ਦੌਰਾਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਪੰਜਾਬ ਅਤੇ ਦੇਸ਼ ਦੇ ਹੋਰ ਵੱਖ ਵੱਖ ਹਿੱਸਿਆਂ ਦੇ ਪਿੰਡਾਂ, ਸ਼ਹਿਰਾਂ ਦੇ ਸਕੂਲਾਂ ਅਤੇ ਗੁਰਦੁਆਰਿਆਂ ਵਿਚ 100 ਤੋਂ ਵਧੇਰੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ। ਜਿਸ ਵਿਚ ਹਜ਼ਾਰਾਂ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਸਕੂਲਾਂ ਵਿਚ ਅਧਿਆਪਕਾਂ, ਪ੍ਰਿੰਸੀਪਲ ਸਾਹਿਬਾਨ ਅਤੇ ਪ੍ਰਬੰਧਕ ਕਮੇਟੀ ਦਾ ਪੂਰਨ ਸਹਿਯੋਗ ਪ੍ਰਾਪਤ ਹੋਇਆ। ਬਹੁਤ ਸਾਰੇ ਸਹਿਜਧਾਰੀ ਬੱਚਿਆਂ ਨੇ ਕੇਸ ਰੱਖਣ ਦਾ ਪ੍ਰਣ ਕੀਤਾ। ਬੱਚਿਆਂ ਨੂੰ ਸਿੱਖੀ ਅਤੇ ਗੁਰ-ਇਤਿਹਾਸ ਬਾਰੇ ਜਾਣੂੰ ਕਰਾਇਆ ਗਿਆ। ਬਹੁਤ ਸਾਰੇ ਬੱਚਿਆਂ ਨੇ ਗੁਰਬਾਣੀ, ਕਵਿਤਾਵਾਂ, ਕਵੀਸ਼ਰੀ, ਚਿੱਤਰਕਲਾ ਆਦਿ ਪ੍ਰਤੀਯੋਗਤਾਵਾਂ ਵਿਚ ਭਾਗ ਲਿਆ। ਜਿੱਥੇ ਇਨ੍ਹਾਂ ਲੱਗ ਰਹੇ ਕੈਂਪਾਂ ਵਿਚ ਹਰ ਸਾਲ ਲਗਾਤਾਰ ਬੱਚਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਥੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਸੁਚਾਰੂ ਰੂਪ ਵਿਚ ਕੈਂਪ ਲਗਾਉਣ ਲਈ ਹੋਣਹਾਰ ਅਧਿਆਪਕਾਂ ਰਾਹੀਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਨਾਲ ਨਿਭਾਇਆ ਜਾ ਰਿਹਾ ਹੈ।





